ਸਤਿਜੁਗ

ਦਾ

ਬਸੰਤ-ਅੰਕ

ਜਿਲਦ ੩੧] ਮਾਘ ਸੰ: ੨੦੧੨ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੧ [ਨੰ: ੧

ਸੰ: ੨੦੧੨

ਈ: ੧੯੫੬

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal.singh.chana

ਲੇਖ ਸੂਚੀ

ਲੇਖ	ਲੇਖਕ	ਪੰਨਾ
ਅਪਣੀ ਵਲੋਂ	ਮੰਗਲ ਸਿੰਘ ਲਾਇਲਪੁਰੀ	੫
ਗੁਰ ਸੇਵਉ ਕਰ ਨਮਸਕਾਰ	ਸ੍ਰੀ ਗੁਰੂ ਅਰਜਨ ਦੇਵ ਜੀ	੭
ਮਨ ਚਾਉ ਭਇਆ	ਮੰਗਲ ਸਿੰਘ ਲਾਇਲਪੁਰੀ	੯
ਸਤਿਗੁਰਾਂ ਦਾ ਸਮੇ ਅਨੁਸਾਰ ਦਰਿਸ਼ਟੀ ਕੋਨ	,, ,, ,, ,	੧੧
ਕੂਕਾ ਬਗਾਵਤ	ਐਸ. ਐਸ ਮਨਧੀਰ	੧੯
ਮਹਾਨ ਆਤਮਾ ਦਾ ਨਵਾਂਰਾਹ	ਬੂਟਾ ਸਿੰਘ ਬੀ. ਏ ਦਿਲੀ	੨੪
ਨਾਨਕ ਤਿਨਾ ਬਸੰਤ ਹੈ	ਗਿਆਨੀ ਮੋਹਰ ਸਿੰਘ ਰੀਵਾੜੀ	੨੭
ਸਤਿਗੁਰੂ ਰਾਮ ਸਿੰਘ ਜੀਤੇ ਭਾਰਤ ਵਰਸ਼	ਭੁਮਣ ਸਿੰਘ ਕੰਵਲ ਨੈਰੋਬੀ ਅਫਰੀਕਾ	੨੯
ਬਾਬਾ ਰਾਮ ਸਿੰਘ ਤੇ ਸਮਾਜ ਸੁਧਾਰ	ਪ੍ਰੋਫੈਸਰ ਜਸਵੰਤ ਸਿੰਘ ਜੀ ਹਿਸਾਰ	੩੩
ਮਸਤ ਦੀ ਸੱਦ	ਪੂਰਨ ਸਿੰਘ ਰਾਏ ਕਲਕੱਤਾ	੩੭
ਖ਼ਾਲਸੇ ਦੀ ਰੀਤ ਮਿਟ ਜਾਂਦੀ	ਸੰਤ ਸਿੰਘ ਵਿਰਦੀ ਦਿਲੀ	੩੯
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਰੂਸ	ਸੰਤ ਆਤਮਾ ਸਿੰਘ ਸਨਖਤ੍ਰਵੀ	੪੨
ਨਾਮਧਾਰੀ ਸਿਖ ਅਤੇ ਅਜ਼ਾਦੀ ਦੀ ਜੰਗ	ਸੰਤ ਨਿਧਾਨ ਸਿੰਘ ਜੀ ਆਲਿਮ	੪੬
ਪ੍ਰਣ (ਕਹਾਣੀ)	ਮੰਗਲ ਸਿੰਘ ਲਾਇਲ ਪੁਰੀ	੫੩
ਬਨਸਪਤ ਮਉਲੀ ਚੜ੍ਹਿਆ ਬਸੰਤ	ਹਰਭਜਨ ਸਿੰਘ ਜ਼ਖਮੀ ਚੰਗਮਈ ਅਸਾਮ	੫੬
ਦਾਜ (ਕਹਾਣੀ)	ਬੀਬੀ ਪਿਆਰ ਕੌਰ ਵਿਨੈ ਨਗਰ ਨਵੀਂ ਦਿਲੀ	੬੦
ਨਾਮਧਾਰੀ ਭੈਣਾ ਦੇ ਧਿਆਨ ਜੋਗ	ਬੀਬੀ ਤੇਜ ਕੌਰ ਗੁਰੁਸਰ	੬੫
ਸਫਲ–ਬਸੰਤ	ਬੀਬੀ ਅਬਿਨਾਸ਼ ਹਿਮਾਚਲ ਪ੍ਰਦੇਸ	੬੮
ਸਤਿਗੁਰਾਂ ਦਾ ਸੰਦੇਸ਼ ਘਰ ਘਰ ਪੁਚਾਣ ਦੀ ਲੋੜ ਹੈ,	ਬੀਬੀ ਬਲਬੀਰ ਨਵੀਂ ਦਿਲੀ	੭੦
ਚੀਨੀ ਵਾਲੇ ਪਾਤਸ਼ਾਹ	ਬੀਬੀ ਜਸਪਾਲ (ਜਯੋਤੀ) ਦਿਲੀ	੭੩
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਿਉਂ ? ਤੇ ਕਿਵੇਂ?	ਬੀ. ਕੇ ਬਹਿਲ ਐਮ ਏ ਦਿਲੀ	੭੮
ਅਰਜ਼ੋਈ	ਸ੍ਰ: ਗੁਰਬਖਸ਼ ਸਿੰਘ ਜੀ 'ਸ਼ੌਕ' ਅਫਰੀਕਾ	੮੨
ਆਪਣੇ ਨਿਸ਼ਾਨੇ ਤੇ ਕੰਮਾਂ ਨੂੰ ਸੋਧਣ ਦੀ ਲੋੜ	ਅਮਰ ਭਾਰਤੀ	੮੪
ਕੁਬਾਨੀ ਰੋਮਣੀ ਰਹਿਨੁਮਾ	ਨਰੰਜਨ ਸਿੰਘ "ਜਯੋਤੀ"	੮੯
ਨਿਰੰਕਾਰੀ ਜੋਤ ਸਤਿਗੁਰੂ ਰਾਮ ਸਿੰਘ ਜੀ	ਗੋਬਿੰਦ ਰਾਮ ਚੂੰਘ ਇੰਦੋਰ	੧੦੧
ਬਾਰਵਾਂ ਜਾਮਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ	ਰਾਮਚੰਦ ਪਟਵਾਰੀ ਪਾਕਸਤਾਨ	੧੦੪
ਮਲੇਰ ਕੋਟਲੇ ਦਾ ਸ਼ਹੀਦੀ ਮੇਲਾ	ਨਵ ਭਾਰਤ.	੧੦੯
ਭੂਤ	ਬਲਵੰਤ ਸਿੰਘ ਵੈਦ ਦਿਲੀ	੧੧੧

ਕਵਿਤਾਵਾਂ

ਸਾਡਾ ਸ਼ਹਿਨਸ਼ਾਹ ਚੀਨੀ ਅਸਵਾਰ ਆਏ	ਊਧਮ ਸਿੰਘ 'ਅਜਜ਼'	੨੮
ਬਿਗਲ ਵਜਾਇਆ ਆਨ	ਆਤਮਾਂ ਸਿੰਘ ਸਨਖਤ੍ਰਵੀ	੩੮
ਪਤ ਝੜ ਚੰਦਰੀ	ਜੋਗਿੰਦਰ ਸਿੰਘ ਜੋਗੀ	੪੫
ਬਸੰਤ	ਸੂ: ਗੁਰਬਖਸ਼ ਸਿੰਘ ਸ਼ੌਕ ਅਫਰੀਕਾ	੫੨
ਆ ਵੇਵੇ	ਤਰਨ ਸਿੰਘ ਜੀ ਵਹਿਮੀ	੫੬
ਧਰਮ ਦਾ ਰੌਸ਼ਨ ਮੀਨਾਰ	ਕੁਲਜੀਤ ਸਿੰਘ ਅਫਰੀਕਾ	੫੮
ਅਰਜੋਈ	ਬੀਬੀ ਸਰਜੀਤ ਕੌਰ ਥਾਈਲੈਂਡ	੬੪
ਬਸੰਤ ਦਾ ਸੁਨੇਹਾ	ਬੀਬੀ ਜਸਬੀਰ ਕੌਰ ਦੂਆ ਸਰਸਾ	੬੭
ਇੰਤਜਾਰ	ਕਾਕਾ ਗੁਰਚਰਨ ਸਿੰਘ ਪੰਛੀ	੭੪
ਬਾਰਾਂਮਾਂਹ	ਸਿਆਮ ਨਿਵਾਸੀ ਭੈਣਾਂ ਵਲੋਂ	੭੫
ਕਬਿਤ	ਹਰਬੰਸ ਸਿੰਘ ਮਾਨ ਨਰੋਬੀ	੭੭
ਚਲੋ ਪੁਛੀਏ ਅਜ ਬਸੰਤ ਨੂੰ	ਬੇਵਤਨ ਜੀ ਦਿਲੀ	੮੩
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ	ਕੰਵਲ ਜੀ ਅਫਰੀਕਾ	੯੨
ਆਈ ਫੇਰ ਬਹਾਰ ਸਮੱਸਿਆ ਪੂਰਤੀ	ਪ੍ਰੇਮ ਪਿਆਰੇ ਕਵੀ ਸਜਨ	੯੩
ਬਿਗਲ ਵਜਾਇਆ ਆਨ	ਕਵੀ ਮੰਡਲ	੯੭
ਗ਼ਜ਼ਲ	ਪੂਰਨ ਸਿੰਘ ਰਾਏ ਕਲਕੱਤਾ	੧੦੩
ਕਲਾ ਅਨੰਤ ਹੈਂ ਤੂੰ	ਕਿਸ਼ਨ ਸਿੰਘ ਜੀ ਨੰਗਲ	੧੦੫
ਕਦੋਂ ਹੋਵੇਗਾ ਤੇਰਾ ਦੀਦਾਰ ਪ੍ਰੀਤਮ	ਇਕਬਾਲ ਸਿੰਘ ਜੀ ਮਨਚੰਦਾ	੧੦੬
ਚੀਨੀ ਅਸਵਾਰ ਨੇ	ਸੂ: ਦਾਨ ਸਿੰਘ ਜੀ ਤਾਂਘੀ	੧੦੭
ਆ ਜਾਓ ਪ੍ਰੀਤਮ	ਸੂ: ਦੀਵਾਨ ਸਿੰਘ ਜੀ ਡਾਲਟਨ ਗੰਜ	੧੦੮
ਪਤਾ ਪਤਾ ਟਾਹਣੀ ਟਾਹਣੀ ਲੋਚਦਾ ਬਸੰਤ ਤਾਂਈ,	ਹਰਦਿਆਲ ਸਿੰਘ ਜੀ ਕਾਲੜਾ	੧੧੦
ਉਸ ਦਾਤੇ ਦੇ ਗੁਣ ਅਜ ਗਾਈਏ	ਸ਼ੰਗਾਰਾ ਸਿੰਘ ਜੀ 'ਸ਼ਿੰਗਾਰ'	੧੧੨
ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ	ਸੂ: ਊਧਮ ਸਿੰਘ ਜੀ 'ਆਜਜ਼'	੧੧੩
ਆਇਓ ਚੀਨੀ ਵਾਲਾ ਹੈ	ਕੁਲਜੀਤ ਸਿੰਘ ਜੀ ਅਫਰੀਕਾ	੧੧੩
ਜਿੰਦੇ ਚਲ ਭੈਣੀ ਚਲੀਏ	ਸੰਪੂਰਨ ਸਿੰਘ ਜੀ ਦਿਲੀ	੧੧੪
ਚੀਨੀ ਵਾਲਿਆ ਦੇਹ ਦੀਦਾਰ ਅਤੇ	ਗੁਰਬਚਨ ਸਿੰਘ ਸਫ਼ਰੀ	੧੧੪

-ਆਪਣੀ ਵਲੋਂ-

੧੫ ਮਹੀਨੇ ਹੋਏ ਜਦੋਂ ਮੈਨੂੰ ਸਤਿਜੁਗ ਦੇ ਸੰਪਾਦਨ ਕਰਨ ਲਈ ਹੁਕਮ ਕੀਤਾ ਗਿਆ, ਮੈਂ ਏਸ ਕਲਾ ਵਿਚ ਕਿਨਾਂ ਅਪੂਰਨ ਸਾਂ ਇਹ ਮੈਂ ਚੰਗੀ ਤਰਾਂ ਜਾਣਦਾ ਸਾਂ। ਲੇਖ ਲਿਖ ਲੈਣਾਂ, ਤੇ ਕਿਸੇ ਅਖਬਾਰ ਨੂੰ ਸੰਪਾਦਨ ਕਰਨਾ ਦੋ ਵੱਖ ਵੱਖ ਹੁਨਰ ਹਨ-ਅਖਬਾਰ ਸੰਪਾਦਨ ਬਹੁਤ ਜ਼ਿਮੇਵਾਰੀ ਦਾ ਕੰਮ ਹੈ। ਇਸ ਸਮੇਂ ਵਿਚ ਮੈਨੂੰ ਪਤਾ ਹੈ ਤੇ ਅਜ ਮੈਂ ਚੰਗੀ ਤ੍ਰਾਂ ਮਹਿਸੂਸ ਕਰਦਾ ਹਾਂ-ਕਿ ਮੈਥੋਂ ਕਈ ਇਕ ਅਜੇਹੀਆਂ ਗਲਤੀਆਂ ਵੀ ਹੋ ਗਈਆਂ ਹਨ। ਜੋ ਕਿ ਇਕ ਜ਼ਿਮੇਵਾਰੀ ਸਮਝਦੇ ਸੰਪਾਦਕ ਪਾਸੋਂ ਨਹੀਂ ਹੋਣੀਆਂ ਚਾਹੀਦੀਆਂ ਸਨ।

ਪਰ ਮੈਨੂੰ ਸਚੇ ਪਾਤਸ਼ਾਹ ਜੀ ਦੀ ਵਿਸ਼ਾਲ ਦਿਲੀ ਅਤੇ ਬਖਸ਼ੰਦ ਹੋਣ ਦੀ ਪ੍ਰੰਪਰਾ ਤੇ ਪੂਰਨ ਭਰੋਸਾ ਹੈ ਕਿ ਓਹ ਮੈਨੂੰ ਇਸ ਕਲਾ ਵਿਚ ਅਪੂਰਨ ਹੋਣ ਦੇ ਕਾਰਨ ਜ਼ਰੂਰ ਖਿਮਾਂ ਕਰ ਦੇਣਗੇ ਤੇ ਪਾਠਕਾਂ ਪਾਸੋਂ ਵੀ ਮੈਂ ਏਹੋ ਹੀ ਆਸ ਰਖਦਾ ਹਾਂ।

ਪਿਛਲੇ ਆਉਗਣ ਬਖਸ਼ ਲੈ
ਪ੍ਰਭ ਆਗੈ ਮਾਰਗਿ ਪਾਵੈ।

ਬਸੰਤ ਅੰਕ-੨੦੧੨ ਦਾ ਬਸੰਤ-ਅੰਕ' ਪਾਠਕਾਂ ਲੇਖਕਾਂ, ਕਵੀਆਂ ਤੇ ਪੰਥ ਦੇ ਵਿਦਵਾਨਾਂ ਦੇ ਸਾਹਮਣੇ ਹੈ, ਏਹ ਕੇਹੋ ਜੇਹਾ ਹੈ ? ਇਸ ਬਾਬਤ ਕੁਝ ਆਖਣ ਦਾ ਮੈਨੂੰ ਕੋਈ ਹੱਕ ਨਹੀਂ-ਜੇ ਇਹ ਚੰਗਾ ਹੈ ਤੇ ਜੇ ਆਪ ਇਸ ਨੂੰ ਪਸੰਦ ਕਰਦੇ ਹੋ ਤਾਂ ਇਹ ਮੇਰੀ ਸੁਚੱਜਤਾ ਨਹੀਂ, ਸਗੋਂ ਆਪ ਦੀ ਮਿਲ ਵਰਤਨ ਤੇ ਹਮਦਰਦੀ ਕਰਕੇ ਹੈ। ਤੇ ਜੇਹੜੀਆਂ ਆਪ ਨੂੰ ਇਸ ਵਿਚ ਤੁਰੀਟਆਂ ਭਾਸ ਦੀਆਂ ਹਨ ਤੇ ਕੰਮ ਵਿਚ ਕੁਤਾਹੀ ਜਾਪਦੀ ਹੈ ਉਹ ਮੇਰੀ ਘੱਟ ਜਾਣ-ਕਾਰੀ ਦਾ ਸਬੂਤ ਹੈ ਮੈਨੂੰ ਸਚੀ, ਮੁਚੀ ਬੜੀ ਖੁਸ਼ੀ ਹੋਵੇਗੀ ਜੇ ਆਪ ਉਹਨਾਂ ਤਰੁਟੀਆਂ ਬਾਬਤ ਲਿਖਕੇ ਮੇਰੇ ਤਕ ਪੁਚਾਣ ਦੀ ਕਿਰਪਾ ਕਰੋਗੇ-

ਲੇਖਕ ਕਵੀ ਤੇ ਆਰਟਿਸਟ-

ਇਸ ਵਾਰੀ ਮੈਨੂੰ ਕਈ ਨਵੇਂ ਤੇ ਪੁਰਾਣੇ ਲੇਖਕਾਂ ਤੇ ਕਵੀਆਂ ਨੇ ਆਪਣੀਆਂ ਕੀਮਤੀ ਰਚਨਾਵਾਂ ਭੇਜ ਕੇ ਨਿਵਾਜਿਆ ਹੈ ਜਿਨਾਂ ਲਈ ਮੈਂ ਉਹਨਾਂ ਸਾਰਿਆਂ ਦਾ ਹੀ ਹਾਰਦਿਕ ਧੰਨਵਾਦੀ ਹਾਂ, ਇਹ ਇਕ ਲਿਖਾਰੀ ਤੋਂ ਬਿਨਾਂ ਸਮਝਨਾਂ ਔਖਾ ਹੀ ਨਹੀਂ ਸਗੋਂ ਕਠਨ ਹੈ ਕਿ ਇਸ ਲੇਖਣ ਕਲਾ ਵਿਚ ਕਿਨੀ ਦਿਮਾਗ ਖੋਰੀ ਤੇ ਵਕਤ ਖੋਰੀ ਹੁੰਦੀ ਹੈ ਤੇ ਅਗੋਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਲਿਖਤ ਛਪਣ ਦੇ ਕਾਬਲ ਵੀ ਸਮਝੀ ਜਾਣੀ ਹੈ ਕਿ ਨਹੀਂ-ਸੋ ਮੈਂ ਆਸ ਰਖਦਾ ਹਾਂ ਕਿ ਇਹ ਸਾਡੇ ਸਯੋਗ ਲਿਖਾਰੀ ਏਸੇ ਤ੍ਰਾਂ ਹੀ ਨਿਵਾਜਦੇ ਰਹਿਣਗੇ ਸ੍ਰੀ ਨਿਰੰਜਨ ਸਿੰਘ ਜੀ ਜਿਯੋਤੀ ਤੇ ਸੰਤ ਵਰਿਆਮ ਸਿੰਘ ਜੀ ਮੁਸੱਵਰ ਦਾ ਵੀ ਮੈਂ ਰਿਣੀ ਹਾਂ ਜਿਨਾਂ ਆਪਣੇ ਆਰਟ ਦੁਆਰਾ ਪ੍ਰਚੇ ਦੀ ਸ਼ੋਭਾ ਵਧਾਣ ਵਿਚ

ਆਪਣਾ ਸਹਿਯੋਗ ਦਿਤਾ।

ਭੈਣਾਂ ਦੇ ਪੰਨੇ –ਭੈਣਾਂ ਨੂੰ ਆਪਣੇ ਪੰਨੇ ਆਪ ਲਿਖਣੇ ਚਾਹੀਦੇ ਸਨ ਪਰ ਭੈਣਾਂ ਦੇ ਨ ਧਿਆਨ ਦੇਣ ਕਰਕੇ ਮੈਂ ਮਾੜ ਮੋਟ ਮਾਲਤਰ ਲਿਖੀ ਜਾਂਦਾ ਰਿਹਾ ਸੋ ਮੈਨੂੰ ਖੁਸ਼ੀ ਹੈ ਕਿ ਇਸ ਵਾਰੀ ਭੈਣਾਂ ਨੇ ਉਦਮ ਕਰਕੇ ਉਹ ਪਨੇ ਆਪ ਲਿਖ ਹਨ–ਮੈਨੂੰ ਆਸ ਹੈ ਕਿ ਭੈਣਾਂ ਵੀ ਹੁਣ ਬਨੇ ਧਿਆਨ ਦੇਕੇ ਖਿਲਣ ਦਾ ਜ਼ਰੂਰ ਯਤਨ ਕਰਿਆ ਕਰਨ ਗੀਆਂ।

ਛਪਣ ਤੋਂ ਰਹਿ ਗਿਆ ਮੈਟਰ

ਮਸ਼ੀਨ ਮਰਮਤ ਵਾਸਤੇ ਦਿਲੀ ਗਈ ਸੀ–੨੬ ਜਨਵਰੀ ਨੂੰ ਏਥੇ ਪਹੁੰਚੀ ਹੈ ਤੇ ੨੮ਨੂੰ ਅਸਾਂ ਕੰਮ ਚਾਲੂ ਕੀਤਾ ਹੈ–ਜਿਸ ਕਾਰਨ ਬਹੁਤ ਜ਼ਰੂਰੀ ਤੇ ਸੁੰਦਰ ਰਚਨਾਵਾਂ ਛਪਣ ਤੋਂ ਰਹਿ ਗਈਆ ਹਨ ਜਿਨਾਂ ਦਾ ਮੈਨੂੰ ਬਹੁਤ ਅਫਸੋਸ ਹੈ।

ਮੈਂ ਆਪਣੇ ਸਾਥੀ ਲੇਖਕਾਂ ਤੇ ਕਵੀਆਂ ਨੂੰ ਆਸ ਦਿਵਾਦੀ ਹਾਂ ਕਿ ਅਗਲੇ ਪ੍ਰਚੇ ਤੋਂ ਹੀ ਉਹਨਾਂ ਦੀਆਂ ਰਚਨਾਵਾਂ ਛਪਣੀਆਂ ਸ਼ੁਰੂ ਹੋ ਜਾਣ ਗੀਆਂ ਆਸ ਹੈ ਓਹ ਜ਼ਰੂਰ ਖਿਮਾਂ ਕਰ ਦੇਣ ਗੇ।

ਸ੍ਰੀ ਬਾਬਾ ਜਗਜੀਤ ਸਿੰਘ ਜੀ

ਇਸ ਵਾਰ ਸ੍ਰੀ ਬਾਬਾ ਬੀਰ ਸਿੰਘ ਜੀ ਪੰਥਕ ਕਾਰਜਾਂ ਹਿਤ ਬਾਹਰ ਹੀ ਰਹੇ ਹਨ। ਜਿਸ ਲਈ ਵੱਡੇ ਬਾਬਾ ਜੀ ਦਾ ਮੈਂ ਅਤੀ ਧੰਨਵਾਦੀ ਹਾਂ ਜੋ ਆਪਣੇ ਕੀਮਤੀ ਵਕਤ ਵਿਚੋਂ ਸਮਾਂ ਕੱਢਕੇ ਰਾਤ ਦਿਨ ਆਪਣੀ ਸੰਯੋਗੀ ਸਲਾਹ ਦੁਆਰਾ ਕਿਰਤਾਰਥ ਕਰਦੇ ਰਹੇ ਹਨ,ਕੰਮ ਨੂੰ ਸੁਖੱਲਾ ਕਰਨ ਹਿਤ ਅਣ ਛਪਿਆ ਮੈਟਰ ਪੜ੍ਹਕੇ,ਪਰੂਫ ਵੇਖਦੇ ਤੇ ਨਾਲ ਹੀ ਸਾਡੇ ਮਟਾਰ ਦੀ ਪਰਤਾਂ ਦੇਖ ਰੇਖ ਕਰਕੇ ਉਹਨਾਂ ਨੂੰ ਛਪਣ ਛਪਾਉਣ ਦੀਆਂ ਸੁਭ ਦਾਵਾਂ ਵੀ ਦੱਸੇ ਰਹੇ ਜਿਸ ਲਈ ਮੈਂ ਆਪਣ ਸਾਰੇ ਪ੍ਰੇਮ ਮੰਡਲ ਵਲੋਂ ਉਹਨਾਂ ਦਾ ਜਿਨਾਂ ਧਨਵਾਦ ਕਰਾਂ ਥੋੜਾ ਹੀ ਰਹਿਾ ਹੈ।

ਪ੍ਰੈਸ ਸਟਾਫ–ਇਹਨਾਂ ਵਿਚੋਂ ਬਹੁਤੇ ਸੱਜਨ ਤਾਂ ਆਪਦੇ ਪੁਰਾਣੇ ਸੇਵਕ ਹਨ। ਸਠ ਹਜ਼ੂਰ ਸਿੰਘ ਜੀ ਚੰਦਰਹਾਂਸ ਸ੍ਰ: ਰਣਜੀਤ ਸਿੰਘ ਜੀ ਕਰਮ ਸਿੰਘ ਜੀ ਜੋਗੀ ਗੁਰਬਚਨ ਸਿੰਘ ਜੀ, ਆਤਮਾ ਸਿੰਘ, ਤੇ ਬਾਕੀ ਨਵੇਂ ਸਜਨ ਗੋਬਿੰਦ ਸਿੰਘ ਕਾਕਾ ਕ੍ਰਿਪਾਲ ਸਿੰਘ ਤੇ ਕਾਕਾ ਪ੍ਰੀਤਮ ਸਿੰਘ ਆਦਿ ਨੇ ਵੀ ਪੁਰਾਣ ਸੇਵਕਾਂ ਦੇ ਨਾਲ ਮਿਲਕੇ ਰਾਤ ਦਿਨ ਦੀ ਮਿਹਨਤ ਨਾਲ ਇਸ ਕਾਰਜ ਨੂੰ ਸੰਪੂਰਨ ਕੀਤਾ ਇਹ ਏਨਾਂ ਦਾ ਹੀ ਕੰਮ ਹੈ ਕਿ ੧੦ ੧੫ ਦਿਨਾਂ ਵਿਚ ਪ੍ਰਚਾ ਮੁਕੰਮਲ ਕਰਕੇ ਆਪ ਦੇ ਹੱਥਾਂ ਤਕ ਪੁਚਾਇਆ ਤੇ ਸਭ ਤੋਂ ਬਹੁਤਾ ਸ਼ਿੰਗਾਰਾ ਸਿੰਘ ਜੀ ਪ੍ਰੇਮੀ ਤੇ ਸ਼ਿੰਗਾਰਾ ਸਿੰਘ ਜੀ ਸੂਰਮੇ ਦਾ ਧੰਨਵਾਦ ਹੈ ਜਿਨਾਂ ਔਖੀ ਸੇਵਾ ਲੈਕੇ ਅਪਣਾ ਸਹਿਯੋਗ ਦਿਤਾ।

ਗਾਹਕ ਸੰਖਿਆ–ਪਿਛਲੇ ਸਾਲ ਵਿਚ ਸਤਿਜੁਗ ਦੇ ਹਮਦਰਦ ਪਾਠਕਾਂ ਨੇ ਗਾਹਕ ਸੰਖਿਆ ਦੂਣੀ ਕਰ ਦਿੱਤੀ ਹੈ ਏਹੋ ਜੇਹਾ ਜੇ ਇੱਕ ਹੰਭਲਾ ਇਸ ਸਾਲ ਵਿਚ ਪਾਠਕ ਹੋਰ ਮਾਰ ਦੇਣ ਤਾਂ ਸਾਡੇ ਪਾਠਕਾਂ ਦਾ ਘੇਰਾ ਬਹੁਤ ਚੌੜਾ ਹੋ ਸਕਦਾ ਹੈ।

ਸ਼ਕੈਤਾਂ–ਸਾਡੇ ਪਾਠਕਾਂ ਨੂੰ ਸਾਡੇ ਦਫ਼ਤਰ ਮੁਤਲਕ ਬਹੁਤ ਸ਼ਕੈਤਾਂ ਹਨ ਕਈ ਆਖਦੇ ਹਨ ਕਿ ਉਹਨਾਂ ਦੀਆਂ ਚਿਠੀਆਂ ਦਾ

(ਬਾਕੀ ਦੇਖੋ ਟਾਈਟਲ ਦੇ ਅੰਦਰ)

Sri Satguru Jagjit Singh Ji Elibrary NamdhariElibrary@gmail.com

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਕਲਿਜੁਗ ਮੈਂ ਸਤਿਜੁਗ ਵਰਤਾਊਂ। ਤਬ੍ਹੀ ਬਾਰ੍ਹਵਾਂ ਬਪ ਕਹਾਊਂ

ਚੰਦਾ
ਦੇਸ ਸਲਾਨਾ ੬)
ਛਿਮਾਹਾ ੩।)

ਸਤਿਜੁਗ

ਦਾ

ਬਸੰਤ-ਅੰਕ

ਚੰਦਾ
ਸਲਾਨਾ ਪ੍ਰਦੇਸ ੮)
ਛਿਮਾਹੀ ੫)

ਜਿਲਦ ੩੧] ਮਾਘ ਸੰ: ੨੦੧੨ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੧ [ਨੰ: ੧

ਬਸੰਤ ਮਹੱਲਾ ੫

ਘਰ ੧ ਦੁਤੁਕੇ ੧ਓ ਸਤਿਗੁਰ ਪ੍ਰਸਾਦਿ।

ਗੁਰ ਸੇਵਉ ਕਰਿ ਨਮਸਕਾਰ ਆਜ ਹਮਾਰੈ ਮੰਗਲੁ ਚਾਰ।
ਆਜ ਹਮਾਰੈ ਮਹਾ ਅਨੰਦ, ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜ ਹਮਾਰੈ ਗ੍ਰਿਹਿ ਬਸੰਤ, ਗੁਨ ਗਾਏ ਪ੍ਰਭ ਤੁਮ ਬੇਅੰਤ।
੧।ਰਹਾਉ।ਆਜ ਹਮਾਰੈ ਬਨੇ ਫਾਗ, ਪ੍ਰਭ ਸੰਗੀ ਮਿਲਿ ਖੇਲਨ ਲਾਗ।
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲਿ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪਿ ॥ ਸੂਕੈ ਨਾਹੀ ਛਾਵ ਧੂਪ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜੰਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਨਹਿ ਗਾਇ, ਜਨ ਨਾਨਕ ਹਰਿ ਹਰਿ
ਹਰਿ ਧਿਆਇ ॥੪॥

Sri Satguru Jagjit Singh Ji Elibrary NamdhariElibrary@gmail.com

ਵਲੋਂ ਸ੍ਰ: ਊਧਮ ਸਿੰਘ ਜੀ ਆਜਿਜ਼ ਮੋਰੀ ਵਾਲਾ

'ਸਾਡਾ ਸ਼ਹਿਨਸ਼ਾਹ ਚੀਨੀ ਅਸਵਾਰ ਆਏ,

ਤੇਰੀ ਯਾਦ ਵਿਚ ਮੇਰੇ ਪ੍ਰੀਤਮਾਂ ਵੇ, ਹਰ ਸਾਲ ਬਸੰਤ ਬਹਾਰ ਆਏ।
ਸੋਹਣੀ ਛੈਲ ਛਬੀਲੀ ਇਹ ਨਾਰ ਆਏ, ਕਰਕੇ ਨਵੇਂ ਤੋਂ ਨਵਾਂ ਸ਼ਿੰਗਾਰ ਆਏ।
ਹੀਰੇ ਪੰਨੇ ਜਵਾਹਰ ਸਭ ਮਾਤ ਪੈਂਦੇ, ਐਨੀਆਂ ਰਿਸ਼ਮਾਂ ਨੂਰੀ ਖਲ਼ਾਰ ਆਏ।
ਅਰਸ਼ ਫ਼ਰਸ਼ ਖੁਸ਼ਬੂਆਂ ਦੇ ਨਾਲ ਮਹਿਕੇ, ਫਲ਼ਾਂ ਫੁਲ਼ਾਂ ਦੀ ਐਨੀ ਮਹਿ ਕਾਰ ਆਏ।
ਨਚਣ ਕੁਮਰੀਆਂ ਪਾਵੰਦੇ ਮੋਰ ਪਾਇਲਾਂ, ਕੋਇਲ ਗਾਵੰਦੀ ਰਾਗ ਮਲ੍ਹਾਰ ਆਏ।
ਇਕ ਸੁਰ ਹੋ ਸਾਰਾ ਬ੍ਰਹਿਮੰਡ ਕੂਕੇ. ਸਾਡਾ ਸ਼ਹਿਨ ਸ਼ਾਹ ਚੀਨੀ ਅਸਵਾਰ ਆਏ।
ਪੱਤਝੜ ਗੁਲਾਮੀ ਦੀ ਦੂਰ ਹੋ ਗਈ, ਕੁਦਰਤ ਨਵਾਂ ਹੀ ਰੰਗ ਵਟਾ ਲਿਆ ਏ।
ਲਗਰਾਂ ਵਿਚ ਮੁਟਿਆਰਾਂ ਦੀ ਲੱਚਕ ਆਈ, ਰੂਪ ਪੱਤਿਆਂ ਸੋਹਣਾ ਬਣਾ ਲਿਆ ਏ।
ਕਲ਼ੀਆਂ ਫੁਟੀਆਂ ਆਸਾਂ ਦੀਆਂ ਚਿਰਾਂ ਮਗਰੋਂ, ਜਿਨਾਂ ਭੌਰਾਂ ਦਾ ਮਨ ਭਰਮਾ ਲਿਆ ਏ।
ਮਿਠੀਆਂ ਸੁਰਾਂ ਚੋਂ ਬਣਾਂ ਦੇ ਪੰਛੀਆਂ ਨੇ, ਹੁਣ ਸੁਤਾ ਪਿਆਰ ਜਗਾ ਲਿਆ ਏ।
ਫਲਾਂ ਫੁਲ਼ਾਂ ਚੋਂ ਪੁਰੇ ਦੀ ਹਵਾ ਅੰਦਰ, ਮਿਠੀ ਮਿਠੀ ਤੇ ਠੰਢੀ ਮਹਿਕਾਰ ਆਏ।
ਸੋਭਾ ਏਸ ਫ਼ਿਜ਼ਾ ਦੀ ਹੋਏ ਦੂਣੀ, ਜੇਕਰ ਸ਼ਹਿਨ ਸ਼ਾਹ ਚੀਨੀ ਅਸਵਾਰ ਆਏ।
ਤੂੰ ਆਵੇਂ ਤੇ ਬਣੇ ਇਹ ਦੇਸ਼ ਜੰਨਤ, ਪ੍ਰੀਤਮ ਸੁਟ ਆਕੇ ਕਿਰਨਾਂ ਨੂਰ ਦੀਆਂ।
ਹਿਰਦੈ ਵਿਚ ਤੁਫਾਨ ਏ ਸਧਰਾਂ ਦਾ. ਆਸਾਂ ਪੂਰੀਆਂ ਕਰ ਮਜਬੂਰ ਦੀਆਂ।
ਦਰਦ ਨਾਲ ਚਕੋਰਾਂ ਦੀ ਆਹ ਨਿਕਲੇ, ਰਾਹਾਂ ਤੱਕਦੇ ਚੰਦ੍ਰਮ 'ਤੂਰ' ਦੀਆਂ।
ਮੁੜ ਮੁੜ ਆ ਬਸੰਤ ਨਿਰਾਸ਼ ਹੋ ਗਈ, ਕਰ-ਕਰ, ਉਡੀਕਾਂ ਹਜ਼ੂਰ ਦੀਆਂ।
ਫੱਟੇ ਪਏ ਨੇ ਫੁਟਾਂ ਦੇ ਨਾਲ ਸੀਨੇ, ਤੂੰ ਆਵੇਂ ਤੇ ਫੇਰ ਪਿਆਰ ਆਏ।
'ਆਜਿਜ਼' ਮੈਂ ਨਹੀਂ ਸਾਰਾ ਸੰਸਾਰ ਆਖੇ, ਸਾਡਾ ਸ਼ਹਿਨ ਸ਼ਾਹ ਚੀਨੀ ਅਸਵਾਰ ਆਏ।

ਜੋ ਢੱਠੇ ਦਿਲਾਂ ਨੂੰ ਆ ਦਿੰਦਾ ਦਿਲਾਸਾ, ਜੋ ਵਿਪਦਾ ਦੇ ਵਿਚ ਭੀ ਲਿਔਂਦਾ ਏ ਹਾਸਾ।
ਨਿਰਾਸੇ ਨੂੰ ਛਿਨ ਵਿਚ ਵਖਾਏ ਜੋ ਆਸਾ,
ਓਹੀ ਚੀਨੀ ਵਾਲਾ, ਮੇਰਾ ਸਤਿਗੁਰੂ ਹੈ।
ਜੋ ਪੱਥਰ 'ਚਿ ਕੀੜੇ ਨੂੰ ਖਾਣਾਂ ਪੁਚੌਂਦਾ, ਜੋ ਅਗਾਂ ਨੂੰ ਸਾਗਰ ਚੋਂ ਆਕੇ ਬੁਝੌਂਦਾ।
ਜੋ ਕਸ਼ਟਾਂ 'ਚਿ ਮਾਤਾਨੀਆਂ ਬਣਕੇ ਔਂਦਾ,
ਓਹੀ ਚੀਨੀ ਵਾਲਾ, ਮੇਰਾ ਸਤਿਗੁਰੂ ਹੈ॥
("ਸੇਵਕ" ਨਕੋਰੋ। ਅਫਰੀਕਾ)

ਮਨ ਚਾਉ ਭਇਆ ਪ੍ਰਭ ਆਗਮ ਸੁਣਿਆਂ

ਛੇਆਂ ਰੁਤਾਂ ਵਿਚੋਂ "ਬਸੰਤ" ਸੁੰਦਰ ਰੁਤ ਮੰਨੀ ਗਈ ਹੈ।

ਸ਼ਾਸਤ੍ਰਾਂ ਨੇ ਇਸ ਰੁਤ ਦੇ ਬਿਅੰਤ ਗੁਣ ਗਾਇਨ ਕੀਤੇ ਹਨ ਇਸ ਦੀ ਹੋਂਦ ਨਾਲ ਕੇਵਲ ਜੀਵ ਜੰਤ ਹੀ ਹਰੇ ਨਹੀ ਹੁੰਦੇ ਸਗੋਂ ਸਾਰੀ ਧਰਤੀ ਤੇ ਆਕਾਸ਼ ਮਾਉਲ ਪੈਂਦੇ ਹਨ, ਕਬੀਰ ਜੀ ਤਾਂ ਏਥੋਂ ਤਕ ਫਰਮਾਉਂਦੇ ਹਨ ਚਾਰੇ ਵੇਦ ਕਤੇਬ, ਸ਼ੰਕਰ, ਬਰਮਾ ਤੇ ਆਤਮ ਦੇਓ ਸਭ ਮਉਲਦੇ ਹਨ ਭਾਵ ਪ੍ਰਫੁਲਤ ਹੋ ਉਠਦੇ ਹਨ।

ਉਂਵ ਤੁਸਾਂ ਵੇਖਿਆ ਵੀ ਹੋਵੇਗਾ ਕਿ ਸਾਰੀ ਬਨਾਸਪਤੀ ਕਿਸਤ੍ਰਾਂ ਖੇੜੇ ਵਿਚ ਆਉਂਦੀ ਹੈ! ਓਹੋ ਧਰਤੀ ਜੋ ਸਰਦ ਰੁਤ ਵਿਚ ਮੁਰਝਾ ਜੇਹੀ ਗਈ ਸੀ ਤੇ ਜਿਸ ਵਿਚ ਕੋਈ ਨਵੀਨਤਾ ਨਹੀ ਸੀ ਰਹੀ ਬਸੰਤ ਰੁਤ ਦੀ ਹੋਂਦ ਨਾਲ, ਸਭ ਬੂਟਿਆਂ, ਟੁੰਡ ਮੁੰਡ ਹੋਏ ਰੁਖਾਂ, ਮੁਰਝਾਏ ਹੋਏ ਫਲਾਂ, ਫੁਲਾਂ, ਸੁਕੀਆਂ ਟਹਿਣੀਆਂ ਤੇ ਮੁਰਝਾੜੇ ਹੋਏ ਪਸ਼ੂ ਪੰਛੀਆਂ ਅੰਦਰ ਵੀ ਇਕ ਕੁਦਰਤੀ ਖਿੜਾਓ ਤੇ ਨਵੀਨਤਾ ਉਮਡ ਉਮਡ ਪੈਣ ਲਗ ਪਈ।

ਬਸੰਤ ਪੰਚਮੀ ਜੇਹੜੀ ਅਗੇ ਹੀ ਹਰ ਰੰਗ ਮਗਨ ਤੇ ਸ਼ਿੰਗਾਰ ਰਸ ਭਰਪੂਰ ਸੀ ਉਸਨੂੰ ਹੋਰ ਚਾਰ ਚੰਨ ਲਾ ਦਿਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਜਿਨਾਂ ਨੇ ਏਸ ਦਿਨ ਪ੍ਰਗਟ ਹੋਕੇ ਇਸਦੀ ਪ੍ਰਫੁਲਤਾ ਵਿਚ ਕਈ ਗੁਣਾਂ ਹੋਰ ਵਾਧਾ ਕਰ ਦਿਤਾ ਅਤੇ ਇਸ ਖੁਸ਼ੀ ਵਿਚ ਮਸਤ ਹੋਕੇ ਇਸ ਰੁਤ ਨੇ ਉਚੀ ਹੋਕੇ ਫੁਲ,ਫੁਲ,ਕੇ ਲੋਕਾਂ ਨੂੰ ਟੁੰਬ ਟੁੰਬ ਜਗਾਇਆ ਤੇ ਆਖਿਆ ਭਾਗਾਂ ਵਾਲਿਓ ਹੁਣ ਲੁਟ ਲੌ ਲੁਟਾਂ ਤੁਸੀਂ ਹੋਰ ਵੀ ਵਧੇਰੇ, ਅਜ ਦੇ ਦਿਨ ਪ੍ਰਗਟ ਹੋਣ ਵਾਲੇ ਪ੍ਰੀਤਮ ਨੇ ਮੈਨੂੰ ਅਮਰ ਕਰ ਦਿਤਾ ਹੈ—ਇਹ "ਬਸੰਤ-ਮਾਹੀ" ਸਾਰੀ ਧਰਤੀ ਦੇ ਜੀਵਾਂ ਵਾਸਤੇ ਇਕ ਉਹ ਸੁਗਾਤ ਲਿਆਇਆ ਹੈ ਜਿਸ ਦੀ ਪ੍ਰਾਪਤੀ ਨਾਲ ਹਰ ਪ੍ਰਾਣੀ ਮਾਤ੍ਰ ਹਰ ਰੁਤ ਵਿਚ ਖਿੜਿਆ ਰਹਿ ਸਕੇਗਾ ਸੁਕੇ ਸੜੇ ਤੇ ਏਥੋਂ ਤਕ ਕਿ ਮੁਰਦਾ ਹੋਈਆਂ ਕੌਮਾਂ ਵਿਚ ਜਦੋਂ ਉਹ ਉਸ ਰਬੀ ਸੁਗਾਤ ਦਾ ਸੰਚਾਰ ਕਰੇਗਾ ਤਾਂ ਸਚੀ ਮੁਚੀ ਮੁਰਦਿਆਂ ਵਿਚ ਜ਼ਿੰਦਗੀ ਪ੍ਰਵੇਸ਼ ਕਰ ਉਠੇਗੀ।

"ਹਾਂ ਤੇ ਸਚੀਂ ਮੁਚੀ ਏਦਾਂ ਹੀ ਹੋਇਆ।" ਬਸੰਤ-ਕੰਤ, ਦੀ ਸੁਗਾਤ ਪਾਕੇ ਚੋਰ ਚੋਰੀਆਂ ਛਡ ਬੈਠ, ਡਾਕੂਆਂ ਨੇ ਡਾਕੇ ਮਾਰਨ ਤੋਂ ਇਨਕਾਰ ਕਰ ਦਿਤਾ, ਅਮਲੀਆਂ ਨ ਅਮਲ ਵਾਲੇ ਰਖਣੇ, ਭੰਨ ਤੋੜ ਚੂਰ ਚੂਰ ਕਰ ਦਿਤੇ ਜੇਹੜੇ ਸੱਜਨ ਇਕ ਦੂਜੇ ਨੂੰ ਸਦਾ ਨਫਰਤ ਕਰਦੇ ਹੁੰਦੇ ਸਨ ਉਹ ਇਕ ਦੂਜੇ ਨੂੰ ਵੇਖੇ ਬਿਨਾ ਹੁਣ ਚੈਨ ਨਹੀ ਸੀ ਲੈਂਦੇ, ਹੁਣ ਓਹ, ਜੇਹੜੇ ਕਿਸੇ ਦੇ ਕੁਝ ਨਹੀ ਸੀ ਲਗਦੇ ਘਰ ਆਇਆਂ ਦਾ ਜੰਞਾਈਆਂ ਤੋਂ ਵਧ ਸੁਆਗਤ ਕਰਨ ਲੱਗ ਪਏ ਉਹ ਸਦਾ ਮੌਤ ਤੋਂ ਡਰਕੇ ਨੀਵੀਆਂ ਪਾਈ ਬੈਠ ਸਨ ਉਹਨਾਂ ਅਪਣੀਆਂ ਜਾਨਾਂ ਤਲੀ ਤੇ ਰੱਖ ਮੌਤ ਨੂੰ ਮਜ਼ਾਖਾਂ ਕੀਤੀਆਂ ਤੇ ਹੱਸਦੇ ੨ ਦੇਸ਼ ਕੌਮ ਤੋਂ ਕੁਰਬਾਨ ਹੋਕੇ ਮਰਕੇ ਵੀ ਉਸੇ ਦੇ ਅਖਵਾਨ ਵਿਚ ਸੁਆਦ ਅਨਭਵ ਕੀਤਾ।

Sri Satguru Jagjit Singh Ji Elibrary NamdhariElibrary@gmail.com

ਉਹ ਜਿਨ੍ਹਾਂ ਕਦੀ ਅਮੀਰੀ ਠਾਠ ਕਾਰਨ ਭੁੰਜੇ ਪੈਰ ਨਹੀਂ ਸੀ ਪਾਇਆ ਤੇ ਆਪਣੇ ਸਰ-ਮਾਏ ਨੂੰ ਸਦਾ ਵੈਲਦਾਰੀਆਂ, ਭਾਵ, ਮਾਸ ਸ਼ਰਾਬ ਤੇ ਕੰਜਰੀਆਂ ਦੇ ਲਖ਼ ਲਾਉਣ ਵਿਚ ਵਖਤ ਸਮਝਦੇ ਸਨ ਉਹਨਾਂ ਨੇ ਇਸ ਪ੍ਰੀਤਮ ਦੀ ਚਰਨ ਛੁਹ ਪਾਕੇ, ਸਰਦਾਰੀਆਂ ਛੱਡ, ਫਕੀਰ ਹੋ ਗਏ ਤੇ ਆਪਣੇ ਪੈਸੇ ਨੂੰ ਵਡੇ ਵਡੇ ਮੇਲਾ ਮੇਲ ਕਰਕੇ ਦੇਸ਼ ਲੇਖੇ ਲਾਣ ਵਿਚ ਹੀ ਅਨੰਦ ਸਮਝਿਆ।

ਇਸ ਪ੍ਰੀਤਮ ਨੇ ਅਪਣੇ ਅਨੰਤ ਸੁਖਾਂ ਦਾ ਤਿਆਗ ਕਰਕੇ ਘਰ ਘਰ ਪਿੰਡ ਪਿੰਡ ਪਹੁੰਚ ਕੇ ਦੁਖ ਸੁਖੇ ਤੇ ਮੁਰਝਾਏ ਲੋਕਾਂ ਨੂੰ ਆਪਣੀ ਅਮੋਲਕ ਦਾਤ (ਸੁਗਾਤ) ਵੰਡਣ ਵਿਚ ਰਤਾ ਸੂਸ ਪੁਣਾ ਨ ਕੀਤਾ। ਹਰ ਦੇਸ਼ ਹਰ ਕੌਮ ਹਰ ਮਜ਼ਬ ਅਮੀਰ ਗਰੀਬ ਇਸਤ੍ਰੀ ਮਰਦ ਤੇ ਹਰ ਨੀਵੇਂ ਉਚੇ ਨੂੰ ਇਸ ਦਾ ਭਾਈ ਵਾਲ ਮੰਨਕੇ ਕੰਗਾਲਾਂ ਤੋਂ ਸ਼ਾਹ ਬਨਾ ਦਿਤਾ ਅਧੂ-ਰਿਆਂ ਨੂੰ ਪੂਰੇ, ਮਰਿਆਂ ਨੂੰ ਤਾਜੇ ਦੁਖੀ ਤੇ ਸੜੇ ਬੈਠੇਆਂ ਨੂੰ ਅਨੰਦ ਮਈ ਜੀਵਨ ਪ੍ਰਦਾਨ ਕਰਕੇ ਸਭ ਨੂੰ ਅਪਣੇ ਬਣਾ ਲਿਆ ਤੇ ਢੋਲ ਉਚੀ ਕੂਕ ਕੂਕ ਸੁਨੇਹਾ ਦਿਤਾ ਕਿ ਆਓ! ਜਿਸ ਨੇ ਵੀ ਇਹ ਰਬੀ ਸੁਗਾਤ ਪ੍ਰਾਪਤ ਕਰਨੀ ਹੈ।

ਆਓ ਸਨੇ ਕੇਸੀ ਅਸਨਾਨ ਕਰਕੇ ਆਓ। ਕਰੋ ਤ੍ਰਿਹੇ ਕੰਨ

ਆਪਨੇ ਸੇਵਕਾਂ ਦੇ ਕੰਨਾਂ ਰਾਹੀ ਲਖਾਂ ਮੁਰਦਿਆਂ ਨੂੰ ਇੰਜੈਕਸ਼ਨ ਕਰ ਦਿਤਾ ਇਹ ਸਗਾਤ ਕੀ ਸੀ? ਇਹ ਸੀ 'ਨਾਮ ਅੰਮ੍ਰਿਤ'

ਇਹ ਸੀ ਉਹ ਧਨ, ਜਿਸ ਬਿਨਾ ਸਰਬ ਸ੍ਰਿਸਟੀ ਦਾ ਰਾਜਾ ਵੀ ਦੁਖੀ ਰਹਿੰਦਾ ਹੈ। ਇਹ ਸੀ ਉਹ ਅਉਖਧੀ ਜਿਸ ਬਿਨਾਂ ਸੁੰਦਰ ਕੁਲੀਨ ਚਤੁਰ ਗਿਆਨੀ ਤੇ ਅਨੰਤ ਧਨ ਵਾਲੇ ਵੀ ਮੁਰਦਿਆਂ ਸਮਾਨ ਸਮਝੇ ਜਾਂਦੇ ਹਨ ਇਹ ਮਸਤੀ ਦੇਣ ਵਾਲੀ ਉਹ ਮਣੀ ਸੀ ਜਿਸ ਦਾ ਅਸਰ ਦਿਨ ਰਾਤ ਕਿਸੇ ਵੇਲੇ ਵੀ ਨਹੀਂ ਸੀ ਉਤ੍ਰਦਾ ਇਹ ਉਹ ਠੰਡੀ ਫੁਹਾਰ ਦਾ ਸਮਾਂ ਸੀ ਜਿਸ ਦਾ ਮੁਕਾਬਲਾ ਬਹੁਤ ਠੰਡੀਆਂ ਵਸਤਾਂ ਚੰਦਨ ਚੰਦ ਮਨਦ ਰੁੱਤ ਵੀ ਨਹੀ ਸਨ ਕਰ ਸਕਦੀਆਂ ਤੇ ਮਨ ਦਾ ਸਾੜ ਨਹੀ ਸੀ ਜਾਂਦਾ, ਇਸ ਸਾਰੇ ਖਜ਼ਾਨੇ ਦੇ ਮਾਲਕ ਹਨ ਚੀਨੀ ਵਾਲੇ ਸਤਿਗੁਰੂ ਜਿਹਨਾਂ ੧੮੭੨ ਬਿ: ਦੀ ਬਸੰਤ ਪੰਚਮੀ ਵਾਲੇ ਦਿਨ ਭਾਰਤ ਭੂਮੀ ਨੂੰ ਅਪਣੇ ਪਿਆਰੇ ਦਰਸ਼ਨਾਂ ਨਾਲ ਮਾਲਾ ਮਾਲ ਕਰ ਦਿਤਾ ਜਿਨ੍ਹਾਂ ਦੀ ਹੋਂਦ ਨਾਲ ਸਾਰਾ ਸੰਸਾਰ ਪ੍ਰਜਵਲਤ ਹੋ ਉਠਿਆ ਤੇ ਸਭ ਜੀਵ ਜੰਤ ਨੇ ਮਿਲਕੇ ਗਾਵਿਆ।

"ਮਨ ਚਾਓ ਭਇਆ ਪ੍ਰਭ ਆਗਮਨ ਸੁਣਿਆ

[ਮੰਗਲ ਸਿੰਘ ਲਾਇਲਪੁਰੀ

ਸ: ਪ੍ਰਤਾਪ ਸਿੰਘ ਜੀ ਕੈਰੋਂ ਨੂੰ ਵਧਾਈ!

ਸਾਨੂੰ ਖੁਸ਼ੀ ਹੈ ਕਿ ਸਰਦਾਰ ਪ੍ਰਤਾਪ ਸਿੰਘ ਜੀ ਕੈਰੋਂ ਨੇ ਪੰਜ ਬਾਰੇ ਪ੍ਰਧਾਨ ਮੰਤ੍ਰੀ ਹੁੰਦਿਆਂ ਹੀ ਪੰਜਾਬ ਵਿਚੋਂ ਗਊ ਹਤਿਆ ਬੰਦ ਕਰਨ ਦਾ ਐਲਾਨ ਕਰ ਦਿਤਾ ਹੈ ਅਸੀਂ ਸਰਦਾਰ ਪ੍ਰਤਾਪ ਸਿੰਘ ਜੀ ਨੂੰ ਇਸ ਕਾਰਜ ਲਈ ਵਧਾਈ ਅਰਪਨ ਕਰਦੇ ਹਾਂ।

Sri Satguru Jagjit Singh Ji Elibrary NamdhariElibrary@gmail.com

[ਮੰਗਲ ਸਿੰਘ ਲਾਇਲਪੁਰੀ

ਸਤਿਗੁਰਾਂ ਦਾ ਸਮੇਂ ਅਨੁਸਾਰ ਦਰਿਸ਼ਟੀ ਕੋਨ

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸਮਾਚਾਰ ਲਿਖਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹਨਾਂ ਦੇ ਸਮੇਂ ਦੇ ਹਰ ਪਹਿਲੂ ਨੂੰ ਚੰਗੀ ਤਰ੍ਹਾਂ ਵਾਚਿਆ ਜਾਵੇ ਤਾਕਿ ਏਹ ਠੀਕ ਠੀਕ ਪਤਾ ਲੱਗ ਸਕੇ ਕਿ ਓਹ ਕੇਹੜੇ ਕਾਰਨ ਸਨ ਜਿਨਾਂ ਨੇ ਆਪ ਨੂੰ ਅਜਹਾ ਦਰਿਸ਼ਟੀ ਕੋਨ ਬਨਾਣ ਲਈ ਮਜਬੂਰ ਕਰ ਦਿਤਾ ਕਿ ਆਪ ਨੂੰ ਦੇਸ਼ ਛੱਡ ਪ੍ਰਦੇਸ ਜਾਣਾਂ ਪਿਆ-

ਹਿੰਦੋਸਤਾਨ ਮੁੱਢ ਤੋਂ ਹੀ ਧਾਰਮਿਕ ਦਰਿਸ਼ਟੀ-ਕੋਨ ਨੂੰ ਅਪਨਾਂਦਾ ਰਿਹਾ ਹੈ, ਭਾਰਤ ਦੇ ਅਨੇਕਾਂ ਮਹਾਂ ਪੁਰਸ਼ਾਂ ਨੇ ਏਥੋਂ ਦੇ ਲੋਕਾਂ ਨੂੰ ਧਰਮ ਦਾ ਹੀ ਪਾਠ ਪੜ੍ਹਾਇਆ ਤੇ ਏਸੇ ਵਿਚ ਹੀ ਉਹਨਾ ਦੀ ਕਲਿਆਣ ਦੱਸੀ ਭਾਵੇਂ ਕਈ ਵਾਰੀ ਹਿੰਦੋਸਤਾਨ ਵਿਚ ਅਜੇਹੇ ਮਹਾਂ-ਪੁਰਸ਼ ਵੀ ਪੈਦਾ ਹੋਏ ਜਿਨਾਂ ਨੇ ਰੱਬ ਦੀ ਭਗਤੀ ਤੋਂ ਬਿਨਾਂ ਵੀ ਸ਼ਾਨਤੀ ਮਿਲਣ ਦਾ ਉਪਦੇਸ਼ ਦਿਤਾ। ਪਰ ਹਿੰਦੋਸਤਾਨ ਦੀ ਆਤਮਾ ਨੇ ਅਜੇਹਾ ਗਿਆਨ ਕਬੂਲਣ ਤੋਂ ਇਨਕਾਰ ਕਰ ਦਿਤਾ, ਤੇ ਆਖ਼ਰ ਈਸ਼ਵਰ ਪੂਜਾ ਦਾ ਹੀ ਸਹਾਰਾ ਲਿਆ।

ਸਤਿਗੁਰਾਂ ਦੇ ਸਮੇਂ ਦੀ ਧਾਰਮਕ ਦਸ਼ਾ ਬੜੀ ਡਾਵਾਂ ਡੋਲ ਸੀ, ਅਪਣੇ ਧਰਮ ਕਰਮ ਨੂੰ ਸਿਖਹੀ ਨਹੀ ਬਲਕਿ ਉਸ ਸਮੇ ਦੇਤਕਰੀ- ਬਨ ਸਾਰੇ ਮਜ਼ਬ ਭੁਲ ਚੁਕੇ ਸਨ। ਭਾਰਤੀ ਧਰਮ-ਅਵਲੰਬੀਆਂ ਦੇ ਸਾਹਮਣੇ ਭਾਰਤ ਦੀ ਮਾਂ "ਗਊ ਮਾਤਾ" ਦਾ ਬਧ ਹੋਣ ਲੱਗ ਪਿਆ ਸੀ, ਸਿਖ ਮਾਸ ਮਦਰਾ, ਤੇ ਕੰਜਰੀਆਂ ਦੇ ਪੁਜਾਰੀ ਬਨ ਚੁਕੇ ਸਨ। ਹਿੰਦੂ ਤੇ ਸਿਖ ਘਰਾਂ ਵਿਚ ਕੁੜੀਆਂ ਮਾਰਨ ਦਾ ਰਿਵਾਜ ਆਮ ਹੁੰਦਾ ਜਾ ਰਿਹਾ ਸੀ, ਬਰਹਿਮਣ ਤੇ ਖਤ੍ਰੀ ਅਪਣੇ ਸੁਆਰਥ ਹਿਤ ਆਪਣੀ ਪ੍ਰੰਪਰਾ ਨੂੰ ਛੱਡ ਬੈਠੇ ਸਨ। ਰਾਜੇ ਮਹਾਂਰਾਜੇ ਪਰਜਾ ਦਾ ਖੂਨ ਪੀਕੇ ਵੀ ਧਰਮੀ ਬਨਣ ਦਾ ਦਾਹਵਾ ਕਰ ਰਹੇ ਸਨ। ਸ੍ਰੇਸ਼ਟ ਬਾਵੀਂ ਦੇ ਧਰਮੀ ਮਨੁਖ, ਭਰਿਸ਼ਟਤਾ ਦੇ ਸ਼ਿਕਾਰ ਹੋਕੇ ਆਪਣੇ ਫਰਜ਼ ਨੂੰ ਉਕਾ ਵਿਸਾਰ ਬੈਠੇ ਸਨ। ਤੇ ਸਭ ਤੋਂ ਵੱਡਾ ਕਲੰਕ ਜੋ ਕਿਸੇ ਦੇਸ਼ ਤੇ ਕੌਮ ਨੂੰ ਬਲਿ ਹੀਣ-ਬੁਧ ਹੀਣ ਤੇ ਕਰਮ ਹੀਣ ਬਣਾਂ ਦਾ ਹੈ ਉਹ ਸੀ ਭਾਰਤ ਤੇ ਖਾਸ ਕਰ ਪੰਜਾਬ ਦਾ ਬਦੇਸ਼ੀਆਂ ਦੇ ਅਗੇ ਸਿਰ ਨਿਵਾਕੇ ਗੁਲਾਮੀ ਨੂੰ ਕਬੂਲ ਕਰ ਲੈਣਾਂ।

ਸਤਿਗੁਰਾਂ ਸਾਹਮਣੇ ਐਸ ਵੇਲੇ ਸਮੁਚੇ ਭਾਰਤ ਦਾ ਨਕਸ਼ਾ ਘੁੰਮ ਰਿਹਾ ਸੀ, ਸਿਖ ਰਾਜ ਦੀ ਨੌਕਰੀ ਸਮੇਂ ਹੀ ਆਪ ਉਪਰੋਕਤ ਸਭ ਕੁਝ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁਕੇ ਸਨ, ਕਈ ਲਿਖਾਰੀਆਂ ਨੇ ਇਹ ਲਿਖਿਆ ਹੈ ਕਿ-

"ਏਸ ਗਲ ਦਾ ਪਤਾ ਨਹੀਂ ਲੱਗ ਸਕਿਆ, ਕਿ ਆਪ ਨੇ ਫੌਜ ਦੀ ਨੌਕਰੀ ਕਿਓਂ ਤਿਆਗ ਦਿਤੀ।

ਜਿਸ ਦਰਦੀ ਦਿਲ ਦੇ ਸਾਹਮਣੇ ਇਕ ਨਹੀਂ, ਅਨੇਕਾਂ ਹੀ ਸਮੱਸਿਆਵਾਂ ਚੋਣ੍ਹ ਤੇ ਜੇਹੜਾ ਹਰ ਸਮੱਸਿਆ ਦੀ ਨਾੜ-ਨਾੜ ਤੋਂ

ਭਲੀ ਭਾਂਤੇ ਵਾਕਫ ਹੋਵੇ ਉਹ ਭਲਾ ਕਿਨਾਂ ਚਿਰ ਕਿਸੇ ਦੀ ਨੌਕਰੀ ਕਰ ਸਕਦਾ ਹੈ? ਗੁਰੂ ਜੀ ਤਾਂ ਫੌਜ ਵਿਚ ਗਏ ਹੀ ਪੰਜਾਬ ਦਾ ਤੇ ਹੋਰ ਦੇਸ਼-ਪ੍ਰਦੇਸ਼ ਦੇ ਹਲਾਤਾਂ ਦਾ ਨਿਰੀਖਸ਼ਣਕਰਨਸਨ, ਤੇ ਜਿਸ ਮਹਾਰਾਜਾ ਰੰਜੀਤ ਸਿੰਘ ਬਾਬਤ ਕਈ ਤ੍ਰਾਂ ਦੀਆਂ ਰਚ-ਨਾਵਾਂ ਤੇ ਸੁੰਦਰ ਕਹਾਣੀਆਂ ਪਾਈਆਂ ਜਾਂਦੀਆਂ ਸਨ। ਉਸਦੀ ਸਹੀ ਤਸਵੀਰ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਤੇ ਜਾਂਚਨ।

ਨਾਮ ਸਿਮਰਣ

ਜਿਵੇਂ ਪੁਰਾਤਨ ਰਿਸ਼ੀਆਂ ਤੇ ਸਾਡੇ ਸਿਖ ਗੁਰੂਆਂ ਨੇ ਸਾਰੇ ਦੁਖਾਂ ਕਲੇਸ਼ਾਂ ਤੇ ਅਪੱਤੀਆਂ ਦਾ ਵਡਾ ਕਾਰਨ ਪ੍ਰਮੇਸਰ ਤੋਂ ਬੇ ਮੁਖਤਾ ਦਸੀ ਹੈ ਤਿਵੇਂ ਏਸੇ ਪ੍ਰੰਪਰਾ ਦੇ ਅਧੀਨ ਬਾਰਵੇਂ ਪਾਤਸ਼ਾਹ ਨੇ ਵੀ ਦੇਸ਼ ਦੇ ਹਰ ਪਹਿਲੂ ਨੂੰ ਸਾਹਮਣੇ ਰਖਦਿਆਂ ਸਭ ਤੋਂ ਪਹਿਲੋਂ ਨਾਮ ਸਿਮਰਣ ਨੂੰ ਹੀ ਪਹਿਲਾ ਦਰਜਾ ਦਿਤਾ ਭਾਵੇਂ ਇਸ ਨਾਮ ਸਿਮਰਣ ਨਾਲ ਸ੍ਰੀਰਕ ਮਾਨਸਕ ਭਾਈ ਚਾਰਕ ਤੇ ਆਚਾਰ (ਕਰੈਕਟਰ) ਦੀ ਸ਼ੁਧਤਾ ਵੀ ਹੁੰਦੀ ਹੈ ਪਰ ਸਿਆਸੀ ਅਖਾੜੇ ਵਿਚ ਤਾਕਤ ਹਾਸਲ ਕਰਨ ਲਈ ਵੀ ਧਾਰਮਕ ਤੌਰ ਤੇ ਬਹੁਤ ਕੁਝ ਕੀਤਾ ਜਾ ਸਕਦਾ ਹੈ। ਸਤਿਗੁਰਾਂ ਨੇ ਜੋ ਫੌਜ ਵਿਚ ਰਹਿੰਦਿਆਂ ਠੀਕ ਠੀਕ ਅਨਭਵ ਕੀਤਾ ਉਹ ਸੀ ਰਾਜੇ ਤੇ ਪ੍ਰਜਾ ਵਿਚ।

"ਆਤਿਮਕ ਸ਼ਕਤੀ ਦੀ ਘਾਟ
ਤੇ ਮਾਯਾ ਪ੍ਰਸਤਾਂ ਦਾ ਬੋਲ ਬਾਲਾ।

ਆਪਨੇ ਵੇਖ ਲਿਆ ਸੀ ਕਿ ਸਿਖ ਕਿਵੇਂ ਡੋਗਰਿਆਂ ਦੇ ਹਥਾਂ ਤੇ ਚੜਕੇ ਨੱਚ ਰਹੇ ਸਨ ਹਣ ਰੰਜੀਤ ਸਿੰਘ ਵੀ ਓਹ ਰੰਜੀਤ ਸਿੰਘ ਨਹੀਂ ਸੀ ਰਿਹਾ, ਓਹ ਦਾ ਅੰਗਰੇਜ਼ ਨਾਲ ਮੇਲ ਜੋਲ ਤੇ ਉਹਨਾਂ ਨੂੰ ਪਾਰਟੀਆਂ ਦਾਦਿਆਂ ਵੇਖ ਆਪ ਇਸ ਵਿਚੋਂ ਵੀ ਕੁਝ ਹੋਰ ਹੀ ਵਖ ਰਹੇ ਸਨ ਤਾਹੀਓਂ ਇਕ ਵਾਰ ਆਪਨ ਬੋਲੇ ਛਡੇ ਸਨ "ਏਥੇ ਵੀ (ਲਹੌਰ ਵਿਚ) ਹੁਣ ਅੰਗਰਜ਼ੀ ਵਾਜੇ ਵਜਣ ਗੇ—"

ਇਕ ਦਿਨ ਹਿੰਦੋਸਤਾਨ ਦਾ ਨਕਸ਼ਾ ਵੇਖ ਕੇ ਰੰਜੀਤ ਸਿੰਘ ਵੀ ਰੋ ਪਿਆ ਸੀ,— ਓਦੋਂ ਜਦੋਂ ਅਜ਼ੀਜ਼ਉਲਦੀਨ ਨੇ ਦੱਸਿਆ ਕਿ ਐਸ ਲਾਲ ਲਕੀਰ ਤਕ ਅੰਗਰੇਜ਼ ਕਾਬਜ ਹੋ ਚੁਕੇ ਹਨ—ਇਹ ਲਾਲ ਲਕੀਰ ਸਤਿਲੁਜ ਤਕ ਅੰਗਰੇਜ਼ ਅਧਿਕਾਰ ਦੱਸ ਰਹੀ ਸੀ। ਮਹਾਰਾਜੇ ਨੇ ਹਾਉਕਾ ਲੈਕੇ ਤੇ ਰੋਕੇ ਆਖਿਆ ਸੀ— ਕਿ ਕਿਤੇ ਮਸਤਾਨੇ ਦੇ ਬੋਲੇ ਠੀਕ ਹੀ ਹੋ ਜਾਣ? ਮਗਵਾਓ ਵਲਾ-ਇਤੀ ਬੈਂਡ ਤੇ ਫੇਰੋ ਸਾਰ ਲਹੌਰ ਵਿਚ—ਓਹ ਭੋਲਾ ਕੀ ਜਾਣਦਾ ਸੀ ਕਿ ਮਸਤਾਨੇ ਦਾ ਮਤਲਬ ਇਹ ਨਹੀਂ ਜੋ ਓਹ ਸਮਝ ਰਿਹਾ ਹੈ-ਆਖਰ ਆਪ ਕਈ ਪਰੋਗਰਾਮ ਨਾਲ ਲੈਕੇ ਆਪਣੇ ਨਗਰ ਸ੍ਰੀ ਭੈਣੀ ਸਹਿਬ ਆ ਗਏ।

ਅੰਨਦੀਮਹਾਨਤਾ—ਆਤਮਿਕ ਤੌਰ ਤੇ "ਨਾਮ ਸਿਮਰਣ" ਨਾਲ ਹੀ ਭਾਵੇਂ ਮਨੁਖ ਬਲਵਾਨ ਹੁੰਦਾ ਹੈ ਪਰ ਸ਼ਰੀਰਕ ਤੌਰ ਤੇ ਅੰਨ ਤੋਂ ਬਿਨਾਂ ਕਦੀ ਮਨੁਖ-ਬਲ ਪਰਾ-ਪਤ ਨਹੀਂ ਕਰ ਸਕਦਾ ਸਤਿਗੁਰਾਂ ਨੇ ਨਾਮ ਦਾਨ ਦੇ ਨਾਲ ਅੰਨ ਦਾਨ ਦੀ ਲੋਹ ਵੀ ਲਾ ਦਿਤੀ--ਤੇ ਹਰੇਕ ਨੂੰ ਬਿਨਾਂ ਜਾਤ ਪਾਤ ਪਾਪੀ-ਪੁਨੀ ਆਦਿ ਨੂੰ ਰੋਟੀ ਦੇਣ ਦਾ ਸਦਾ ਵਰਤ ਜਾਰੀ ਕਰ ਦਿਤਾ।

ਮੈਂ ਏਹ ਨਹੀਂ ਆਖਦਾ ਕਿ ਸਾਡੇ ਪਿਛਲੇ ਗੁਰੂਆਂ ਨੇ ਲੰਗਰ ਨਹੀਂ ਲਾਏ, ਪਰ ਜੇ ਚੰਗੀ ਤ੍ਰਾਂ ਸਾਰੇ ਸਿਖ ਇਤਿਹਾਸ ਦਾ ਮੁਤਾਲਿਆ ਕੀਤਾ ਜਾਵੇ ਤਾਂ ਅਜੇਹਾ ੨੪ ਘੰਟੇ ਦਾ ਅਤੁਟ ਲੰਗਰ ਨ ਪਿਛਲੇ ਕਿਤੇ ਸਮੇਂ ਤੇ ਨ ਅਜ ਹੀ ਕਿਸੇ ਦੁਨੀਆਂ ਦੇ ਸਾਰੇ ਤਖਤੇ ਤੇ ਮਿਲ ਸਕਦਾ ਹੈ। ਹਾਂ ਜੇ ਕਿਸੇ ਸਜਨ ਦੀ ਜਾਣਕਾਰੀ ਵਿਚ ਅਜੇਹੀ ਕੋਈ ਥਾਂ ਹੋਵੇ ਤਾਂ ਓਹ ਬੜੇ ਸ਼ੌਕ ਨਾਲ ਸਾਨੂੰ ਵੀ ਜਾਨਕਾਰੀ ਦੇ ਸਕਦਾ ਹੈ ਅਸਾਂ ਉਸ ਸਜਨ ਦੇ ਮਸ਼ਕੂਰ ਹੋਵਾਂਗੇ, ਹੁਣ ਅਸੀਂ ਏਹ ਵੇਖਣਾਂ ਹੈ ਕਿ ਅਜੇਹੇ ਜ਼ਬਰ ਦਸਤ ਲੰਗਰ ਚਲਾਣ ਲਈ ਕਿਉਂ ਆਪ ਮਜਬੂਰ ਹੋਏ।

ਅਜੇ ਆਪ ਕੇਵਲ ਦਸਾਂ ਵਰਿਹਾਂ ਦੇ ਹੀ ਸਨ ਜਦੋਂ ੧੯੨੫ ਵਿਚ ਇਕ ਬੜਾ ਭਾਰੀ ਕਾਲ ਪਿਆ ਜਿਸ ਵਿਚ ੧੦ ਲੱਖ ਆਦਮੀ ਭੁਖ ਨਾਲ ਵਿਲਕ ਵਿਲਕ ਕੇ ਮਰ ਗਏ। ਦੂਜੀ ਵਾਰ ਜਦੋਂ ਆਪ ਤ੍ਰੀਹਾਂ ਵਰਿਹਾਂ ਦੇ ਹੋਏ ੧੯੪੫ ਵਿਚ ਫੇਰ ਕਾਲ ਪੈ ਗਿਆ। ਇਸ ਵਿਚ ਵੀ ੪ ਲੱਖ ਬੰਦੇ ਭੁਖ ਨਾਲ ਤੜਪ ਤੜਫ ਕੇ ਮਰ ਗਏ।

ਜੇਹੜੇ ਕਾਲ ੧੯੫੦ ਤੋਂ ੧੯੭੨ ਦੇ ਸਮੇਂ ਵਿਚ ਪਏ ਉਹਨਾਂ ਨੇ ਆਪਦੇ ਦਿਲ ਦਿਮਾਗ ਉਤੇ ਬਹੁਤ ਵੱਡਾ ਅਸਰ ਕੀਤਾ ਭਾਵ ਆਪਦੇ ਪ੍ਰਗਟਹੋਣਤੇ ੧੯੭੨ ਤਕ ੨੪ ਕਾਲ ਪੈ ਚੁਕੇ ਸਨ ਜਿਹਨਾਂ ਵਿਚ ਭਾਰਤ ਦੇ ੬੪ ਲੱਖ ਬੰਦੇ ਭੁਖ ਨਾਲ ਤਬਾਹ ਹੋ ਚੁਕੇ ਸਨ।

ਆਪ ਏਹ ਜਾਣਕੇ ਹੋਰ ਹੈਰਾਨ ਹੋਵੋਗੇ ਕਿ ਜੇਹੜੇ ਕਾਲ ਸਤਿਗੁਰੂ ਹਰੀ ਸਿੰਘ ਸਮੇ ਪਏ ਓਹਨਾਂ ਵਿਚ ੧ ਕਰੋੜ ੫੦ ਲੱਖ ਬੰਦੇ ਭੁਖ ਨਾਲ ਮਰ ਗਏ ਸਨ।

ਹੁਣ ਪਾਠਕ ਅੰਦਾਜ਼ਾ ਲਾ ਲੈਣ ਕਿ ਏਡੀ ਜ਼ਬਰਦਸਤ ਲੋਹ ਚਲਾਣ ਦਾ ਕੀ ਭਾਵ ਸੀ, ਦੁਨੀਆਂ ਦੇ ਤਖਤੇ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਭਾਵ ਸ੍ਰੀ ਭੈਣੀ ਸਾਹਿਬ ਦੀ ਹੀ ਇਕ ਲੋਹ ਸੀ ਜਿਥੇ ਇਕ ਇਕ ਹਜ਼ਾਰ ਕਾਲ ਪੀੜਤਾਂ ਦੀ ਪੰਗਤ ਹਰ ਰੋਜ਼ ਇਕ ਵਾਰ ਲਗਦੀ ਸੀ, ਪਰ ਅੰਨ ਕਦੀ ਖਤਮ ਨਹੀਂ ਸੀ ਹੋਇਆ।

ਅੰਨ ਦੀ ਪੂਰੀ ਪੂਰੀ ਵਰਤੋ ਕਰਨ ਵਾਸਤੇ ਹੀ ਆਪਨੇ-**'ਬਾਲੋ ਧੋਕੇ ਪੀਣ'** ਦੀ ਪ੍ਰੰਪਰਾਂ ਚਲਾਈ। ਏਹੋ ਵਜ਼੍ਹਾ ਸੀ ਕਿ ਆਪਨੇ ਲੰਗਰ ਵਾਸਤੇ ਪੈਸੇ ਤੇ ਰੁਪੈਆਂ ਨਾਲੋਂ ਮੁਠੀ ਭਰ ਦਾਣਿਆਂ ਨੂੰ ਜ਼ਿਆਦਾ ਮਹਾਨਤਾ ਦਿਤੀ ਏਹੋ ਕਾਰਨ ਸੀ ਕਿ ਦਾਣਿਆਂ ਦੇ ਬੋਹਲ ਕੋਲ ਜੁਤੀ ਲਾਹਕੇ ਜਾਣ ਦਾ ਆਪਨੇ ਸੰਦੇਸ਼ ਦਿਤਾ ਤੇ ਅੰਨ ਨੂੰ ਪਵਿਤ੍ਰ ਹੋਕੇ ਤਿਆਰ ਕਰਨਾ ਦਸਿਆ, ਏਹੋ ਕਾਰਨ ਸੀ ਕਿ ਗਊ ਘਾਤਕ ਨੂੰ ਵੀ ਰੋਟੀ ਖਵਾਨ ਦੀ ਕਰੜੀ ਪ੍ਰੇਰਨਾ ਕੀਤੀ।

ਆਪ ਇਹ ਚੰਗੀ ਤ੍ਰਾਂ ਜਾਣ ਚੁਕੇ ਸਨ ਕਿ ਏਡੇ ਏਡੇ ਕਾਲ ਸਾਡੇ ਦੇਸ਼ ਵਿਚ ਕਿਓਂ ਪੈ ਰਹੇ ਸਨ, ਆਪਨੇ ਇਸ ਅੰਨ ਸੰਕਟ ਦੇ ਮਸਲੇ ਨੂੰ ਵੀ ਅੰਗ੍ਰੇਜ਼ ਦੀ ਡੂੰਘੀ ਚਾਲ ਸਮਝਿਆ ਸੀ।

ਅੰਗ੍ਰੇਜ਼ ਹਿੰਦੋਸਤਾਨ ਵਿਚੋਂ ਅੰਨ ਇੰਗਲੈਂਡ ਭੇਜ ਰਿਹਾ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੇਠ ਲਿਖੇ ਅਨੁਸਾਰ ਅੰਨ ਏਥੋਂ ਇੰਗਲੈਂਡ ਜਾ ਚੁਕਾ ਸੀ—੧੮੪੯ ਵਿਚ—੮ ਲੱਖ ੫੮ ਹਜ਼ਾਰ ਪੌਂਡ ਭਾਵ

੮੫ ਲੱਖ ੮੦ ਹਜ਼ਾਰ ਰੁਪੈ ਦਾ।

੧੮੫੮ ਵਿਚ-੩੮ ਲੱਖ ਪੌਂਡ-ਭਾਵ ੩ ਕਰੋੜ ੮੦ ਲੱਖ ਰੁਪੈ ਦਾ।

ਸ੍ਰੀ ਗੁਰੂ ਹਰੀ ਸਿੰਘ ਜੀ ਦੇ ਸਮੇਂ

੧੮੭੭ ਵਿਚ-੭੯ ਲੱਖ ਪੌਂਡ-ਭਾਵ ੭ ਕਰੋੜ ੯੦ ਲੱਖ ਰੁਪੈ ਦਾ।

੧੯੦੧ ਵਿਚ-੪੩ ਲੱਖ ਪੌਂਡ-ਭਾਵ ੧੩ ਕਰੋੜ ੯੫ ਲੱਖ ਰੁਪੈ ਦਾ।

੧੯੧੪ ਵਿਚ-੧ਕਰੋੜ ੯੩ ਲੱਖ ਪੌਂਡ ਭਾਵ ੨੮ ਕਰੋੜ ੯੫ ਲੱਖ ਰੁਪੈ ਦਾ।

੧੮੪੯ ਨਾਲੋਂ ੧੯੧੪ ਵਿਚ ਬਾਈ ਗੁਣਾਂ ਵਧੀਕ ਅੰਨ ਭਾਰਤ ਵਿਚੋਂ ਵਿਲਾਇਤ ਭੇਜਿਆ ਗਿਆ। (ਓਦੋਂ ਦੋ ਮਣ ਕਣਕ ੧ ਰੁਪੈ ਦਾ ਅੰਨ ਵਿਕਦਾ ਸੀ) ਕੀ ਏਹ ਕੋਈ ਛੋਟਾ ਮੋਟਾ ਪ੍ਰੀਵਰਤਨ ਸੀ? ਜੇਹੜਾ ਅੰਗ੍ਰੇਜ਼ ਦੇ ਰਾਜ ਨਾਲ ਭਾਰਤ ਵਿਚ ਆਇਆ? ਪੰਜਾਬ ਅੰਨ ਦੇ ਲਿਹਾਜ਼ ਨਾਲ ਬੜੀ ਵਡੀ ਮਹਾਨਤਾ ਰਖਦਾ ਸੀ ਏਥੇ ਵੀ ਅੰਨ ਦੀ ਤੋਟ ਆ ਗਈ, ਕਿਉਂਕਿ ਏਥੋਂ ਵੀ ਅੰਨ ਦਾ ਨਿਕਾਸ ਜਾਰੀ ਸੀ। ਲੋਕੀਂ ਆਪਣੀਆਂ ਲੋੜਾਂ ਨੂੰ ਮੁਖ ਰਖਕੇ ਬਚੇ ਬਚਿਆਂ ਨੂੰ ਭੁਖੇ ਰਖਕੇ ਵੀ ਅੰਨ ਵੇਚਣ ਲਈ ਮਜਬੂਰ ਸਨ। ਏਹੋ ਵਜਾ ਸੀ ਕਿ ਦੀਨ ਦਿਆਲ ਨੇ ਲੋੜਾਂ ਘਟਾਨ ਤੇ ਅੰਨ ਬਚਾਨ ਦਾ ਸੰਦੇਸ਼ ਘਰ ਘਰ ਦਿਤਾ। ਨਾਮਧਾਰੀਆਂ ਨੂੰ ਏਹ ਵੀ ਦਸਿਆ ਕਿ-"ਮੋਟਾ ਠੁਲ੍ਹਾ ਤੇ ਥੋੜਾ ਖਾਕੇ ਲੋੜ-ਵੰਦਾਂ ਲਈ ਅੰਨ ਬਚਾਕੇ ਸਮਾਜ ਨਿਯਮਾਂ ਦੀ ਪਾਲਨਾਂ ਕਰੋ।

ਨਹਿਰਾਂ ਤੇ ਰੇਲਾਂ ਦਾ ਬਾਈ-ਕਾਟ--ਬਹੁਤ ਸਿਆਣੇ ਲੋਕ ਵੀ ਕਈ ਵਾਰੀ ਅੰਗਰੇਜ਼ ਤੋਂ ਕੁਰਬਾਨ ਜਾਂਦੇ ਸੁਣੇ ਗਏ ਹਨ। ਉਹਨਾਂ ਦ ਵਿਚਾਰ ਅਨੁਸਾਰ ਉਸ ਨੇ ਸਾਡੇ ਦੇਸ਼ ਵਿਚ ਨਹਿਰਾਂ ਤੇ ਮੁਰੱਬੇ ਲੋਕਾਂ ਨੂੰ ਦੇਕੇ ਸਾਡੀ ਆਰਥਕਤਾ (ਪੈਸੇ) ਵਿਚ ਵਾਧਾ ਕੀਤਾ ਸੀ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਤੇ ਆਪਦੇ ਸਿਖਾਂ ਨ ਨਹਿਰਾਂ ਤੇ ਮੁਰੱਬਿਆਂ ਦਾ ਵੀ ਬਾਈਕਾਟ ਕੀਤਾ, ਕਿਉਂਕਿ ਇਸ ਵਿਚ ਵੀ ਬੜਾ ਭਾਰੀ ਰਾਜ਼ ਸੀ।

ਸਚੇ ਪਾਤਸ਼ਾਹ ਅੰਗਰਜ਼ ਦੀ ਕੂਟਲਨੀਤੀ ਨੂੰ ਚੰਗੀ ਤਰ੍ਹਾਂ ਜਾਨ ਗਏ ਸਨ, ਆਪ ਇਹ ਅਨਭਵ ਕਰ ਚੁਕੇ ਸਨ ਕਿ ਅੰਗਰੇਜ਼ ਭਾਰਤੀਆਂ ਦਾ ਯਾਰ ਬਣਕੇ ਭਾਰਤ ਵਿਚ ਨਹੀਂ ਆਇਆ। ਸਗੋਂ ਇਹ ਈਸਟ-ਇੰਡੀਆ ਕੰਪਨੀ ਜੋ ਕੁਝ ਕਰ ਰਹੀ ਹੈ, ਨਿਰੋਲ ਆਪਣੇ ਮੁਨਾਫੇ ਵਾਸਤੇ ਕਰ ਰਹੀ ਹੈ।

ਆਪ ਬਾਰ ਬਾਰ ਭਾਰਤੀਆਂ ਨੂੰ ਵੰਗਾਰਕੇ ਆਖਦੇ ਸਨ--"ਕਿ ਓਹ ਲੋਕ ਭੁਲਦੇ ਹਨ, ਜੇਹੜੇ ਨਹਿਰਾਂ ਰੇਲਾਂ ਤਾਰਾਂ ਆਦਿ ਨੂੰ ਬੜੇ ਸ਼ੁਕਰੀਏ ਸਹਿਤ ਅੰਗ੍ਰੇਜ਼ ਦੀ ਦਾਤ ਮੰਨਦੇ ਹਨ, ਕੀ ਆਪ ਡਾਕ ਦੀ ਵਰਤੋਂ ਕਰਨੀ ਨਹੀ ਸਨ ਜਾਨਦੇ ਉਹ ਨਹੀ ਸਨ ਦੂਰ ਦੁਰਾਡੇ ਸਿਖਾਂ ਨੂੰ ਸੰਦੇਸ਼ ਭੇਜ ਸਕ ਦੇ ਸਗੋਂ ਆਪਣੇ ਸਿਖਾਂ ਨ ਤਾਂ ਔਖਿਆਂ ਹੋਕੇ ਕਈ ਕਈ ਮੀਲਾਂ ਪੈਦਲ ਯਾਤ੍ਰਾਂ ਕਰਕੇ ਡਾਕ ਦਾ ਆਪਣਾਂ ਪ੍ਰਬੰਧ ਕੀਤਾ ਹੋਇਆ ਸੀ, ਜਿਸ ਪ੍ਰਬੰਧ ਤੋਂ ਅੰਗ੍ਰੇਜ ਵੀ ਹੈਰਾਨ ਸੀ ਅਸਲ ਵਿਚ ਭਾਰਤੀ ਲੋਕ ਅੰਗ੍ਰੇਜ਼ ਦੀ ਨੀਤਾਂ ਨੂੰ ਨਹੀ ਸਨ ਜਾਣਦੇ ਜਿਸ ਕਰਕੇ ਅੰਗ੍ਰੇਜ ਦ ਸ਼ੈਦਾਈ ਬਣਦੇ ਜਾ ਰਹੇ ਸਨ ਤੇ ਗੁਣ ਗਾਉਂਦੇ ਨਹੀ ਸੀ ਥੱਕਦੇ

Sri Satguru Jagjit Singh Ji Elibrary NamdhariElibrary@gmail.com

ਦੀਨ ਦਿਆਲ ਤੋਂ ਬਿਨਾਂ ਕਿਸੇ ਭਾਰਤ ਵਾਸੀ ਨੇ ਵੀ ਅੰਗ੍ਰੇਜ਼ ਦੀ ਕੂਟਲ ਨੀਤੀ ਨੂੰ ਨਹੀ ਸੀ ਜਾਣਿਆ।

ਆਓ ਆਪਾਂ ਉਸ ਵੇਲੇ ਦੇ ਹਾਲਾਤ ਸਾਹਮਣੇ ਰਖਕੇ ਅੰਗ੍ਰੇਜ਼ ਦੀ ਨੀਤੀ ਨੂੰ ਜਾਣੀਏ।

"—ਹਿੰਦੋਸਤਾਨ ਦੀ ਉਪਜਾਊ ਧਰਤੀ ਨੂੰ ਵੇਖਕੇ ਅੰਗ੍ਰੇਜ਼ ਦੇ ਮੂੰਹ ਵਿਚ ਪਾਣੀ ਭਰ ਆਇਆ ਉਸਨੇ ਇਹ ਪੱਕਾ ਫੈਸਲਾ ਕਰ ਲਿਆ ਕਿ ਏਥੇ(ਭਾਰਤ ਵਿਚ) ਵਧ ਤੋਂ ਵਧ ਕੱਚੇ ਮਾਲ ਦੀ ਉਪਜ ਕੀਤੀ ਜਾਵੇ, ਤੇ ਪੱਕਾ ਮਾਲ ਵਿਲਾਇਤ ਵਿਚ ਤਿਆਰ ਕਰਕੇ ਫਰ ਏਥੇ ਵੇਚਿਆ ਜਾਵੇ ਧਰਤੀ ਨੂੰ ਉਪਜਾਊ ਬਨਾਣ ਲਈ ਅੰਗ੍ਰੇਜ਼ ਨੇ ਪਹਿਲੋਂ ਦੋ ਕੰਮ ਕੀਤੇ।

ਪਹਿਲਾ—ਨਹਿਰਾਂ ਦਾ ਜਾਲ ਵਿਛਾਨਾ।

ਦੂਜਾ—ਬਾਰਾਂ ਨੂੰ ਆਬਾਦ ਕਰਾਣ ਦਾ।

ਭਾਵੇਂ ਏਨਾਂ, ਦੋ ਕਮਾਂ ਤੋਂ ਲੋਕਾਂ ਨੂੰ ਵੀ ਸਹੂਲਤਾਂ ਪੁਜੀਆਂ ਖਾਸ ਕਰਕੇ ਸਿਖ ਤਬਕਾ ਤਾਂ ਅਪਣ ਆਪ ਨੂੰ ਮਾਲਾ ਮਾਲ ਹੋਇਆ ਮੰਨਣ ਲੱਗ ਪਿਆ ਤੇ ਅੰਗ੍ਰੇਜ਼ ਨੂੰ ਹਰ ਪਾਸੇ ਤੋਂ ਅਸੀਸਾਂ ਮਿਲਣ ਲਗ ਪਈਆਂ, ਪਰ ਨਾਮਧਾਰੀਆਂ ਨੇ ਏਸ ਜਾਲ ਵਿਚ ਫਸਣ ਤੋਂ ਇਨਕਾਰ ਕਰ ਦਿਤਾ ਗੁਰੂ ਹਰੀ ਸਿੰਘ ਜੀ ਨੇ ਭੈਣੀ ਸਾਹਿਬ ਦੇ ਲੰਗਰ ਨੂੰ ਕਾਲ ਪੀੜਤਾਂ ਦੀ ਸੇਵਾ ਬਦਲੇ ਜੋ ਅੰਗ੍ਰੇਜ਼ ਵਲੋਂ ੧੦੦ ਮੁੱਰਬੇ ਦੀ ਦਾਤ ਮਿਲ ਰਹੀ ਸੀ ਉਸ ਨੂੰ ਕੌਡੀ ਜਿਨੀ ਮਹਾਨਤਾ ਵੀ ਨ ਦਿਤੀ ਤੇ ਹੋਰ ਵੀ ਕੋਈ ਨਾਮਧਾਰੀਆਂ ਨੇ ਸਰਕਾਰ ਦੇ ਦਿਤੇ ਮੁਰੱਬੇ ਕਬੂਲ ਨ ਕੀਤੇ ਜਿਵੇਂ ਸੰਤ ਨਿਹਾਲ ਸਿੰਘ ਪਿੰਡ ਅੰਦਰ ਜਿਲਾ ਲੁਧਿਹਾਨਾ ਵਾਲਿਆਂ ਮੁਰੱਬਿਆਂ ਨਾਲ ਮਿਲੀਆਂ ਪੂਰੀਆਂ ਨੂੰ ਵੀ ਦਬਾ ਛਡਿਆ ਤੇ ਕਿਹਾ ਅਸਾਂ ਬਿਲੋ ਵਲੋਂ ਮਿਲੀ ਕੋਈ ਭੇਟਾ ਕਬੂਲ ਨਹੀ ਕਰਨੀ "ਮੇਰੇ ਚੀਨੀ ਵਾਲੇ ਦਾ ਹੁਕਮ ਨਹੀਂ"

ਲੋਕਾਂ ਨੂੰ ਜਮੀਨਾਂ ਦੇਣ ਤੇ ਨਹਿਰਾਂ ਕਢਣ ਦਾ ਉਸ ਵੇਲੇ ਇਕੋ ਇਕ ਮਕਸਦ ਸੀ ਕਿ ਲੋਕਾਂ ਦੀਆਂ ਅਖਾਂ ਵਿਚ ਘਟਾ ਪਾਕੇ ਅਪਣੇ ਦੇਸ ਦੀਆਂ ਮਿਲਾਂ ਦਾ ਕੱਚੇ ਮਾਲ ਨਾਂ ਢਿਡ ਭਰਿਆ ਜਾਵੇ ਤੇ ਏਥੋਂ ਦੇ ਵਸਨੀਕਾਂ ਦੇ ਦਿਲਾਂ ਵਿਚ ਅਪਣੀ ਕਦਰ ਵਧਾਈ ਜਾਵੇ ਸਚੇ ਪਾਤਸ਼ਾਹ ਕਿਉਂਕਿ ਏਸ ਚਾਲ ਨੂੰ ਸਮਝ ਚੁਕੇ ਸਨ ਏਸ ਲਈ ਆਪ ਅਤੇ ਆਪਦੇ ਸਿਖਾਂ ਨੇ ਜ਼ਮੀਨਾਂ ਤੇ ਨਹਿਰਾਂ ਦੇ ਖਿਲਾਫ ਨਾਹਰਾ ਲਾ ਦਿਤਾ।

ਹੁਣ ਪੱਕੇ ਮਾਲ ਦੀ ਪੈਦਾਵਾਰ ਵਧਾਣ ਲਈ ਏਹ ਜਰੂਰੀ ਸੀ ਅੰਗ੍ਰੇਜ਼ ਏਥੇ ਨਹਿਰਾਂ, ਰੇਲਾਂ ਤੇ ਸੜਕਾਂ ਦਾ ਇੰਤਜਾਮ ਕਰੇ. ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਅਪਣੇ ਦੇਸ਼ ਵਿਚ ਅੰਗ੍ਰੇਜ਼ ਦੀ ਨੀਤੀ ਨੂੰ ਕਿਸੇ ਵੀ ਨ ਜਾਨਿਆਂ ਹਾਂ ਜਰਮਨੀ ਦੇ ਪ੍ਰਸਿਧ ਵਿਅਕਤੀ ਕਮਿਊਨਿਜਮ ਦੇ ਮੋਢੀ 'ਮਾਰਕਸ਼" ਨੇ (੧੮੫੩) ਓਦੋਂ ਏਹ ਲਿਖਿਆ ਸੀ ਕਿ।

"—ਮੈਂ ਜਾਨਦਾ ਹਾਂ ਕਿ ਅੰਗ੍ਰੇਜ਼ ਮਿਲ ਮਾਲਕ ਹਿੰਦੋਸਤਾਨ ਵਿਚ ਸਿਰਫ ਏਸ ਲਈ ਰੇਲਾਂ ਚਲਾਉਣਾ ਚਾਹੁੰਦਾ ਹੈ ਕਿ ਉਹ ਅਪਣੀਆਂ ਮਿਲਾਂ ਵਾਸਤੇ ਥੋੜੇ ਤੋਂ ਥੋੜੇ ਖਰਚ ਵਿਚ ਅਪਣੇ ਦੇਸ਼ ਨੂੰ ਕੱਚਾ ਮਾਲ ਭੇਜ ਸਕੇ ਅਗੇ ਚਲਕੇ 'ਮਾਰਕਸ' ਨੇ ਕਿਹਾ ਹੈ ਕਿ ਰੇਲਾਂ ਦੇ ਚਾਲੂ ਹੋਣ ਨਾਲ ਇਹ ਵੀ ਹੋਵੇਗਾ ਕਿ ਅੰਗ੍ਰੇਜ਼ ਏਥੇ ਵੀ ਨਵੀਆਂ

ਕਾਰਖਾਨੇ ਖੋਹਲ ਸਕੇਗਾ। ਪਰ ਵਲਾਇਤੀ ਮਾਲ ਅਤੇ ਏਥੇ ਲਗੇ ਕਾਰਖਾਨਿਆਂ ਦੇ ਮਾਲ ਹਿੰਦੋਸਤਾਨ ਦੇ ਪੁਰਾਣੇ ਧੰਧੇ ਸਭ ਨਸ਼ਟ ਹੋ ਜਾਣਗੇ"।

ਮਾਰਕਸ ਨੇ ਅਗਸਤ ੧੮੫੩ ਈ: ਵਿਚ ਕਿਹਾ ਸੀ ਕਿ।

'–ਮੁਗਲ ਬਾਦਸ਼ਾਹ ਨਾਲੋਂ ਅੰਗ੍ਰੇਜ਼ ਵੀ ਟਾਕਨੀਕਲ ਏਕਤਾ ਬਹੁਤ ਵਧੇਰੇ ਹੈ ਤੇ ਤਾਰ ਦੇ ਖੰਭਿਆਂ ਨਾਲ ਹੋਰ ਏਕਤਾ ਵਧੇਗੀ।" (ਆਜ ਕਾ ਭਾਰਤ)

੧੮੫੩ ਵਿਚ ਲਾਰਡ ਡਲਹੌਜ਼ੀ ਅੰਗ੍ਰੇਜ਼ ਨੇ ਰੇਲਾਂ ਬਾਰੇ ਕਿਹਾ ਸੀ ਕਿ–

ਹਿੰਦੋਸਤਾਨ ਵਿਚ ਵਲੈਤੀ ਮਾਲ ਦੀ ਖਪਤ ਦੇ ਵਾਸਤੇ ਤੇ ਕੱਚਾ ਮਾਲ ਵਿਲੈਤ ਭੇਜਣ ਲਈ ਬੜੇ ਵਡੇ ਪੈਮਾਨੇ ਤੇ ਰੇਲਾਂ ਬਨਾਣਾਂ ਜ਼ਰੂਰੀ ਹੈ ਇਸ ਨਾਲ ਜੋ ਫਇਦਾ ਹਿੰਦੁਸਤਾਨ ਨੂੰ ਪਹੁੰਚੇਗਾ ਉਹ ਮੇਰੀ ਸਮਝ ਵਿਚ ਅੱਕਥ ਨੀਯ ਹੈ। ਵਲਾਇਤ ਵਿਚ ਰੂੰ ਦੀ ਮੰਗ ਬਰਾਬਰ ਵਧਦੀ ਜਾ ਰਹੀ ਹੈ ਹਿੰਦੋਸਤਾਨ ਵਿਚ ਰੂੰਈ ਪੈਦਾ ਹੁੰਦੀ ਹੈ ਏਥੋਂ ਹਰ ਕੰਮ ਵਾਸਤੇ ਵਧੀਆ ਰੂਈ ਮਿਲ ਸਕਦੀ ਹੈ ਪਰ ਸ਼ਰਤ ਇਹ ਹੈ ਕਿ ਵਡੇ ਬੜੇ ਮੈਦਾਨ ਪਾਰ ਕਰਕੇ ਬੰਦਰ ਗਾਹਾਂ ਦੇ ਜ਼ਹਾਜ਼ਾਂ ਤਕ ਮਾਲ ਲੈ ਜਾਣ ਲਈ ਜੇ ਚੰਗੇ ਸਾਧਨ ਹੋਣ ਤਾਂ ਦੁਨੀਆਂ ਦੇ ਏਸ ਹਿਸੇ (ਭਾਰਤ) ਵਿਚ ਸਾਨੂੰ ਨਵੀਂ ਮੰਡੀ ਮਿਲ ਰਹੀ ਹੈ ਤੇ ਅਜੇਹੀ ਹਾਲਤ ਵਿਚ ਮਿਲ ਰਹੀ ਰਹੀ ਹੈ ਕਿ ਦੁਨੀਆਂ ਦੇ ਬੜੇ ਵੱਡ ਵੱਡੇ ਦਿਮਾਗ ਵੀ ਇਹ ਅੰਦਾਜ਼ਾ ਨਹੀ ਲਾ ਸਕਦੇ ਕਿ ਅਗੇ ਚਲਕੇ ਇਸਤੋਂ ਸਾਨੂੰ ਕਿਨਾਂ ਕੂ ਮੁਨਾਫਾ ਹੋਵੇਗਾ ਅਤੇ ਏਥੇ ਕਿਨਾਂ ਮਾਲ ਖਪੇਗਾ–

"ਜਾਦੂ ਉਹ ਜੋ ਸਿਰ ਚੜ ਬੋਲੇ" ਇਹ ਇਕ ਅੰਗ੍ਰੇਜ਼ ਲਾਟ ਦੀ ਲਿਖਤੀ ਗੱਲ ਹੈ ਜੋ ਇਛਾਵਾਂ ਰੇਲਾਂ ਤੇ ਸੜਕਾਂ ਬਾਰੇ ਉਸ ਵੇਲੇ ਅੰਗ੍ਰੇਜ਼ ਦੀਆਂ ਸਨ ਉਹ ਏਸ ਅੰਗ੍ਰੇਜ਼ ਨੇ ਸਾਫ ਸਾਫ ਪ੍ਰਗਟ ਕਰ ਦਿਤੀਆਂ ਹਨ, ਹੁਣ ਪਾਠਕ ਅੰਦਾਜ਼ਾ ਲਾ ਲੈਣ ਕਿ ਰੇਲਾਂ ਸੜਕਾਂ ਤਾਰ ਖੰਭਿਆਂ ਤੇ ਹੋਰ ਵਕਤੀ ਕਾਢਾਂ ਭਾਰਤੀ ਲਾਭ ਹਿਤ ਸਨ ਜਾਂ ਅੰਗ੍ਰੇਜ਼ ਦੇ ਅਪਣੇ ਲਾਭ ਲਈ ਉਸ ਵੇਲੇ ਸਤਿਗੁਰਾਂ ਨੇ ਕਿਸੇ ਕਾਰਨ ਵਸ ਹੀ ਏਨਾਂ ਚੀਜਾਂ ਦੀ ਵਰਤੋਂ ਬੰਦ ਕੀਤੀ ਸੀ ਐਵੇਂ ਅਕਾਰਨ ਬੇ ਸੋਚੇ ਸਮਝੇ ਨਹੀ।

ਵਦੇਸ਼ੀ ਕਪੜੇ ਦਾ ਬਾਈਕਾਟ

ਗਾਂਧੀ ਜੀ ਤੋਂ ਪਹਿਲਾਂ ਜੇ ਕਿਸੇ ਬਦੇਸੀ ਕਪੜੇ ਨੂੰ ਘਿਰਣਤ ਅਖਾਂ ਨਾਲ ਵੇਖਿਆ ਤਾਂ ਉਹ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨੀ ਭਾਰਤ ਦੇ ਮਸਲੇ ਵਿਚ ਤੇ ਦੇਸ਼ ਦੇ ਕਾਰੀਗਰਾਂ ਦੇ ਅਹਿਤਾਂ ਵਿਚ ਦਰਦਸ਼ਾ "ਦੀਨ ਦਿਆਲ ਜੀ ਦੇ ਸਮੇ ਵਿਚ ਹੋਈ ਉਹ ਕਿਸਾ ਬਹੁਤ ਲੰਮਾ ਹੈ ਪਰ ਫੇਰ ਵੀ ਪਾਠਕਾਂ ਨੂੰ ਵਨਗੀ ਮਾਤ੍ਰ ਪੇਸ਼ ਕਰਨਾ ਅਪਣਾਂ ਫਰਜ਼ ਸਮਝਦਾ ਹਾਂ ਤਾਕਿ ਪਾਠਕਾਂ ਨੂੰ ਸਤਿਗੁਰਾਂ ਦੀ ਸੁਦੇਸ਼ੀ ਕਪੜਾ ਵਰਤਣ ਤੇ ਵਿਦੇਸ਼ੀ ਕਪੜ ਦੀ ਬਾਈਕਾਟ ਦੀ ਫਿਲਾਸਫੀ ਚੰਗੀ ਤ੍ਰਾਂ ਸਮਝ ਵਿਚ ਆ ਸਕੇ।

ਸਤਿਗੁਰਾਂ ਤਾਂ ਅੰਗਰੇਜ਼ ਨੀਤੀ ਨੂੰ ਭੰਡਣਾ ਹੀ ਸੀ, ਪਰ ਤੁਸੀਂ ਵੇਖੋ ਕਈ ਅੰਗਰੇਜ਼ ਲਿਖਾਰੀਆਂ ਨੇ ਵੀ ਉਸ ਸਮੇ ਦੀ ਬ੍ਰਿਟਸ਼ ਨੀਤੀ ਨੂੰ ਕਿਵੇਂ ਭੰਡਿਆ ਹੈ।

ਕੁਝ ਅੰਗ੍ਰੇਜ਼ਾਂ ਦੀਆਂ ਰਪੋਟਾਂ

੧. ਸਰਚਾਰਲਸ ਟ੍ਰੇਬੇਲੀਅਨ-

੧੯੪੦ ਵਿਚ ਪਾਰਲੀਮੈਂਟ ਦੀ ਜਾਂਚ ਦਾ ਉਤ੍ਰ ਦਿੰਦਿਆਂ-'ਸਰ ਚਾਰਲਸ ਟ੍ਰੇਬੇਲੀਅਨ' ਨੇ ਕਿਹਾ ਸੀ 'ਢਾਕਾ' ਦੀ ਆਬਾਦੀ ਡੇਢ ਲੱਖ ਤੋਂ ਘਟਕੇ ੩੦ ਜਾਂ ੪੦ ਹਜ਼ਾਰ ਰਹਿ ਗਈ ਹੈ,ਜੰਗਲ ਤੇ ਮਲੇਰੀਆ ਬੁਖਾਰ ਬਹੁਤ ਛੇਤੀ ਸ਼ਹਿਰ ਨੂੰ ਤਬਾਹ ਕਰ ਦੇਣਗੇ।

ਢਾਕਾ ਹਿੰਦਸਤਾਨ ਦਾ 'ਮਾਨ ਚੇਸਟਰ' ਸੀ ਇਕ ਫਲਦੇ ਫੁਲਦੇ ਤਾਕਤ ਵਰ ਸ਼ਹਿਰ ਤੋਂ ਹੁਣ ਓਹ ਬਹੁਤ ਹੀ ਗਰੀਬ ਤੇ ਛੋਟਾ ਜੇਹਾ ਨਗਰ ਬਨ ਗਿਆ ਹੈ, ਉਸਨੂੰ ਬਹੁਤ ਹੀ ਤਬਾਹੀ ਦਾ ਸਾਮਣਾਂ ਕਰਨਾ ਪਿਆ ਹੈ।

੨. ਲਾਰਡ ਮਾਂਟ ਗੁਮਰੀ--

ਸੂਰਤ-ਢਾਕਾ-ਮੁਰਸ਼ਦਾ ਬਾਦ ਆਦਿ ਸ਼ਹਿਰ ਜਿਥੇ ਹਿੰਦੋਸਤਾਨੀ ਮਾਲ ਤਿਆਰ ਹੁੰਦਾ ਸੀ, ਏਸ ਤ੍ਰਾਂ ਤਬਾਹ ਹੋਏ ਹਨ ਕਿ ਏਨ੍ਹਾਂ ਦਾ ਜ਼ਿਕਰ ਕਰਨਾ ਨਹਾਂ ਬਣਦਾ ਮਰੀ ਸਮਝ ਵਿਚ ਈਮਾਨਦਾਰੀ ਨਾਲ ਬਪਾਰ ਕਰਨ ਬਦਲੇ ਉਹਨਾਂ ਦੀ ਏਹ ਹਾਲਤ ਨਹੀਂ ਹੋਈ-ਮੈਂ ਕਹਾਂਗਾ ਕਿ ਸ਼ਾਹ ਜ਼ੋਰ ਨੇ ਆਪਣੀ ਤਾਕਤ ਨਾਲ ਕਮਜ਼ੋਰ ਨੂੰ ਕੁਚਲ ਦਿਤਾਹੈ।

੩. ਹੈਨਰੀ ਕਾਟਨ---ਇਸ

ਅੰਗਰੇਜ਼ ਨੇ ਇਕ ਲੇਖ ਵਿਚ ਦਸਿਆ ਹੈ ਕਿ ਅਜੇ ੧੦੦ ਸਾਲ ਵੀ ਨਹੀਂ ਹੋਏ ਜਦੋਂ ਢਾਕੇ ਵਿਚੋਂ ੧ ਕਰੋੜ ਰੁਪੈ ਦਾ ਮਾਲ ਬਾਹਰ ਜਾਂਦਾ ਸੀ ਤੇ ਸ਼ਹਿਰ ਵਿਚ ਦੋ ਲੱਖ ਬੰਦੇ ਵਸਦੇ ਸਨ, ੩੦ ਲੱਖ ਦੀ ਸਿਰਫ ਮਲਮਲ ਇਕਲੇ ਇੰਗਲੈਂਡ ਵਿਚ ਵਿਕਦੀ ਸੀ ਪਰ ਉਸਦਾ ਵਿਕਣਾਂ ਉਨਵੀਂ ਸਦੀ ਦੇ ਮੁਢ ਵਿਚ ਬਿਲਕੁਲ ਬੰਦ ਹੋ ਗਿਆ। ਕਤਾਈ ਤੇ ਬਨਾਈ ਕਲਾ ਜਾਨਣ ਵਲੇ ਕਈ ਵਰਿਹਾਂ ਤੋਂ ਏਸ ਧੰਧੇ ਰੁਜ਼ਗਾਰ ਵਿਚ ਲਗ ਹੋਏ ਸਨ, ਇਹ ਕਲਾ ਹੁਣ ਖਤਮ ਹੋ ਗਈ ਹੈ ਤੇ ਹਜ਼ਾਰਾਂ ਆਦਮੀ ਜੋ ਇਸ ਪੇਸ਼ੇ ਨਾਲ ਪਲਦੇ ਸਨ ਬੇਕਾਰ ਹੋ ਗਏ ਹਨ। ਜੇਹੜੇ ਪ੍ਰਵਾਰ ਖਾਂਦੇ, ਪਾਂਦੇ ਮੌਜ ਨਾਲ ਦਿਨ ਬਿਤਾ ਰਹੇ ਸਨ ਓਹ ਹੁਣ ਮਜਬੂਰ ਹੋਕੇ ਰੋਟੀ ਦੀ ਤਲਾਸ਼ ਵਿਚ ਸ਼ਹਿਰ ਛੱਡਕੇ ਪਿੰਡਾਂ ਨੂੰ ਭੱਜ ਗਏ ਹਨ ਏਹ ਤਬਾਹੀ ਢਾਕੇ ਵਿਚ ਹੀ ਨਹੀਂ। ਸਗੋਂ ਸਭ ਜ਼ਿਲਿਆਂ ਵਿਚ ਵਖੀ ਜਾ ਰਹੀ ਹੈ ਕੋਈ ਵੀ ਐਸਾ ਸਾਲ ਨਹੀਂ ਬੀਤਦਾ ਜਦੋਂ ਕਮਿਸ਼ਨਰ ਜਾਂ ਜ਼ਿਲੇ ਦੇ ਹਾਕਮ ਸਰਕਾਰ ਨੂੰ ਇਸ ਗੱਲ ਦੀ ਸੂਚਨਾਂ ਨਹਾਂ ਦੇਂਦੇ ਕਿ ਹਰ ਥੇਨੇ ਹੱਥ-ਕਾਰੀਗਰ ਲਕ ਚੌਪਟ (ਤਬਾਹ) ਹੋ ਰਹੇ ਹਨ।

੪. ਮਿਸਟਰ ਬੋਚਰ--'ਇਹ

ਜਾਣਕੇ ਅੰਗਰੇਜ਼ਾਂ ਨੂੰ ਦੁਖ ਹੋਵੇਗਾ ਕਿ ਜਦੋਂ ਦਾ ਭਾਰਤ "ਈਸਟ ਇੰਡੀਆ ਕੰਪਨੀ" ਦੇ ਹੱਥ ਆਇਆ ਹੈ ਓਦੋਂ ਦੀ ਏਸ ਦੇਸ਼ ਦੇ ਲੋਕਾਂ ਦੀ ਹਾਲਤ ਪਹਿਲੇ ਨਾਲੋਂ ਖਰਾਬ ਹੋ ਗਈ ਹੈ।

ਏਹ ਸੁੰਦਰ ਦੇਸ਼ ਆਪਣੀ ਇਛਾ ਨਾਲ ਰਾਜ ਕਰਨ ਵਾਲੇ [ਮੁਗ਼ਲ) ਰਾਜ ਵਿਚ ਵੀ ਵਸਦਾ ਫਲਦਾ ਰਿਹਾ ਹੈ, ਹੁਣ ਹਕੂਮਤ ਵਿਚ ਅੰਗ੍ਰੇਜ਼ਾਂ ਦਾ ਸਾਸ਼ਨ ਹੋਣ ਨਾਲ ਤਬਾਹੀ ਦੀ ਹਾਲਤ ਨੂੰ ਪਹੁੰਚ ਰਿਹਾ ਹੈ।

੫. ਵਿਲਯਮ ਫੁਲਰਟਨ ਐਮ. ਪੀ.-

ਏਸ ਅੰਗਰੇਜ਼ ਨੇ ਇਕ ਬਿਆਨ ਵਿਚ

ਕਿਹਾ ਹੈ-'ਪਹਿਲਾਂ ਏਹ ਦੇਸ਼, ਤਿਆਰ ਮਾਲ ਬਪਾਰ ਅਤੇ ਦੌਲਤ ਦਾ ਖਜ਼ਾਨਾ ਸੀ, ਪਰ ਸਾਡੇ ਬੁਰੇ ਢੰਗ ਨੇ ਏਸ ਜ਼ੋਰ ਸ਼ੋਰ ਨਾਲ ਕੰਮ ਕੀਤਾ ਹੈ ਕਿ ਥੋੜੇ ਸਮੇਂ ਵਿਚ ਹੀ ਬਹੁਤ ਸਾਰੇ ਇਲਾਕੇ ਵੀਰਾਨ ਹੋ ਗਏ ਹਨ ਖੇਤਾਂ ਵਿਚ ਹਲ ਨਹੀਂ ਜੋਏ ਜਾਂਦੇ ਜਾਂ ਬਹੁਤ ਸਾਰੀ ਜ਼ਮੀਨ ਉਤੇ ਜੰਗਲੀ ਝਾੜੀਆਂ ਉਗ ਪਈਆਂ ਹਨ, ਬਹੁਤ ਕਿਸਾਨਾਂ ਨੂੰ ਲੁੱਟਿਆ ਜਾ ਰਿਹਾ ਹੈ, ਕਾਰੀਗਰਾਂ ਨੂੰ ਸਤਾਇਆ ਜਾ ਰਿਹਾ ਹੈ, ਲੋਕਾਂ ਨੂੰ ਬਾਰ ਬਾਰ ਕਾਲ ਦਾ ਸਾਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਆਬਾਦੀ ਦਾ ਮਿਟਣਾਂ ਸ਼ੁਰੂ ਹੋ ਗਿਆ ਹੈ।

ਮਿ: ਬਰਕ—ਜੇ ਅਸੀਂ ਅਜ ਹਿੰਦੋਸਤਾਨ ਵਿਚੋਂ ਕੱਢ ਦਿਤੇ ਜਾਈਏ ਤਾਂ ਉਥੇ ਕੋਈ ਵੀ ਅਜੇਹੀ ਚੀਜ਼ ਨ ਰਹਿ ਜਾਵੇਗੀ ਜਿਸ ਤੋਂ ਮਲੂਮ ਹੋਵੇ ਕਿ "ਏਥੇ ਸਾਡੀ ਹਕੂਮਤ ਦੇ ਮਨਹੂਸ ਜ਼ਮਾਨੇ ਵਿਚ ਚੀਤੇ ਜਾਂ ਗੁਰੀਲਿਆਂ ਤੋਂ ਚੰਗੇ ਮਨੁਖਾਂ ਨੇ ਵੀ ਰਾਜ ਕੀਤਾ ਹੈ।"

ਲਾਰਡ ਕਾਰਨਵਾਲਸ-ਏਸ ਅੰਗਰੇਜ ਗਵਰਨਰ ਨੇ ਇਕ ਸਚੀ ਗਲ ਇਹ ਕਹੀ ਹੈ ਕਿ "ਮੈਂ ਵਿਸ਼ਵਾਸ ਸਹਿਤ ਕਹਿ ਸਕਦਾ ਹਾਂ ਕਿ ਕੰਪਨੀ ਦੇ ਰਾਜ ਦਾ ਤੀਸਰਾ ਹਿਸਾ ਜੰਗਲ ਹੈ, ਜਿਥੇ ਕੇਵਲ ਪਸ਼ੂ ਹੀ ਰਹਿੰਦੇ ਹਨ।

ਇਹ ਉਪ੍ਰੋਕਤ ਹਵਾਲੇ "ਅਜ ਦਾ ਭਾਰਤ ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕੀਤੇ।

ਇਹ ਹਵਾਲੇ ਤਾਂ ਖਾਸ ਜਿਮੇਂਵਾਰ ਅੰਗ-ਰੇਜ਼ਾਂ ਦੀਆਂ ਹਨ ਜਿਨਾਂ ਨੇ ਹਿੰਦੋਸਤਾਨ ਦੇ ਕੁਝ ਜ਼ਿਲਿਆਂ ਦੀ ਹਾਲਤ ਵੇਖਕੇ ਸਚਾਈ ਪ੍ਰਗਟ ਕਰਨ ਤੋਂ ਸੰਕੋਚ ਨਹੀਂ ਕੀਤਾ।

ਕੀ ਸਤਿਗੁਰੂ ਰਾਮ ਸਿੰਘ ਜੀ ਦੇਸ਼ ਦੇ ਲੱਖਾਂ ਕਾਰੀਗਰਾ ਨੂੰ ਬਰਬਾਦ ਹੁੰਦੇ ਵੇਖ ਸਕਦੇ ਸਨ? ਕਦੀ ਨਹੀਂ। ਅਸਲ ਵਿਚ ਆਪ ਦੇ ਸਮੇ ਦਾ ਹਿੰਦੋਸਤਾਨ ਮਹਾਨ ਕਸ਼ਟਾਂ ਭਰਪੂਰ ਭਾਰਤ ਸੀ, ਅੰਗਰੇਜ਼ ਲੋਕਾਂ ਨੂੰ ਦਸਤਕਾਰੀ ਵਲੋਂ ਜ਼ਬਰ ਦਸਤੀ ਹਟਾ ਰਿਹਾ ਸੀ, ਉਸਨੇ ਸਾਧਨ ਹੀ ਅਜੇਹ ਪੈਦਾ ਕਰ ਦਿਤੇ ਸੀ, ਜਿਸ ਨਾਲ ਕੋਈ ਦਸਤਕਾਰ ਭਾਈਚਾਰਾ ਰਹਿ ਹੀ ਨਾ ਜਾਏ, ਸ਼ਹਿਰਾਂ ਚੋਂ ਕਾਰੀਗਰ ਨਿਕਲ ਨਿਕਲ ਪਿੰਡਾਂ ਨੂੰ ਭੱਜ ਰਹੇ ਸਨ। ਹਿੰਦੋਸਤਾਨੀ ਕਾਰੀਗਰਾਂ ਨੂੰ ਅੱਤ ਦੀਆਂ ਤਕਲੀਫਾਂ ਦੇਕੇ ਕਈਆਂ ਨੂੰ ਅੰਗਹੀਣ ਬਣਾਇਆਜਾ ਰਿਹਾ ਸੀ। ਭਾਰਤੀ ਮਾਲ ਤੇ ੫੦ ਫੀ ਸਦੀ ਚੁੰਗੀ ਲਾਕੇ ਵਿਦੇਸ਼ਾਂ ਵਿਚ ਵਿਕਣਾਂ ਬੰਦ ਕੀਤਾ ਗਿਆ ਸੀ। ਅੰਗਰੇਜ਼ੀ ਮਾਲ ਨੂੰ ਕੇਵਲ ੩ ਫੀ ਸਦੀ ਟੈਕਸ ਲਾਕੇ ਭਾਰਤ ਵਿਚ ਸੁਟਿਆ ਜਾ ਰਿਹਾ ਸੀ। ਘਰੇਲੂ ਧੰਧੇ (ਦਸਤਕਾਰੀ) ਛੱਡ ਕੇ ਲੋਕਾਂ ਨੂੰ ਮੁਜਾਰੇ ਬਣਕੇ ਵਾਹੀ ਕਰਨੀ ਪੈ ਰਹੀ ਸੀ।

ਅੰਗਰੇਜ ਵੀ ਕੇਵਲ ਏਹੋ ਚਾਹੁੰਦਾ ਸੀ ਕਿ ਕਾਰੀਗਰ, ਕਪੜਾ, ਭਾਂਡ, ਲਹੇ ਦਾ ਸਮਾਨ ਬਨਾਣਾਂ ਛੱਡ ਕੇ ਉਹਨਾਂ ਵਾਸਤੇ ਕਪਾਹ ਤਿਲ ਜੂਟ ਤੇ ਹੋਰ ਅਜੇਹਾ ਕੱਚਾ ਮਾਲ ਤਿਆਰ ਕਰਨ ਜਿਸ ਨਾਲ ਉਹਨਾਂ ਦੀਆਂ ਮਿਲਾਂ ਚਲਦੀਆਂ ਰਹਿਕੇ ਭਾਰਤ ਦੀ ਮੰਡੀ ਵਿਚ ਰੋਜ਼ ਪੱਕਾ ਮਾਲ ਸੁਟ ਸਕਣ।

(ਚਲਦਾ)

Sri Satguru Jagjit Singh Ji Elibrary NamdhariElibrary@gmail.com



ਬ੍ਰਿਟਿਸ਼ ਸੱਤਾ ਵਿਰੋਧੀ ਭਾਰਤੀਯ ਸਵਤੰਤ੍ਰਤਾ ਸੰਗਰਾਮ ਦੇ ਸਰਵ ਪ੍ਰਿਥਮ ਸੈਨਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਅਤੇ ਉਨ੍ਹਾਂ ਦੇ ਸਿਖ

[ਐਸ. ਐਸ. ਮਨਧੀਰ

ਕੂਕਾ ਬਗਾਵਤ

ਅੰਗ੍ਰੇਜ਼ ਇਤਹਾਸਕਾਰਾਂ ਨੇ ਨਾਮਧਾਰੀ ਲਹਿਰ ਨੂੰ ਕੂਕਾ ਬਗਾਵਤ ਦੇ ਨਾਂ ਨਾਲ ਆਪਣੇ ਇਤਹਾਸ ਵਿਚ ਯਾਦ ਕੀਤਾ ਹੈ। ਅਖਰ ਇਹ ਬਗਾਵਤ ਜਿਸ ਦੇ ਖਿਲਾਫ ਸੀ। ਕੀ ਇਹ ਅੰਗ੍ਰੇਜ ਦੇ ਖਿਲਾਫ ਸੀ? ਅੰਗ੍ਰੇਜ਼ ਨਾਲ ਭਲਾ ਸਾਡੀ ਕਿਉਂ ਦੁਸ਼ਮਨੀ ਸੀ ਤੇ ਸਾਡਾ ਉਸ ਕੀ ਵਿਗਾੜਿਆ ਸੀ। ਦਰ ਅਸਲ ਇਹ ਬਗਾਵਤ ਅੰਗ੍ਰੇਜ਼ ਦੀ ਸਾਮਰਾਜ ਸ਼ਾਹੀ ਨੀਤੀ ਦੇ ਵਿਰੁੱਧ ਸੀ ਤੇ ਅੰਗ੍ਰੇਜ਼ ਸਾਮਰਾਜ ਸ਼ਾਹੀ ਨੂੰ ਪੱਕਿਆਂ ਕਰਨ ਵਾਲੇ ਰਾਜੇ ਮਹਾਰਾਜੇ, ਜਾਗੀਰਦਾਰ, ਲੁਟੇਰੇ ਤੇ ਕੁਕਰਮੀ ਮਹੰਤਾਂ ਦੇ ਵਿਰੁਧ ਸੀ। ਕਈ ਪਾਠਕ ਸਾਮਰਾਜ ਸ਼ਾਹੀਨੀਤੀ ਨੂੰ ਨਾਸਮਝਦੇ ਹੋਣਗੇ ਸਾਮਰਾਜ ਸ਼ਾਹੀ ਦਾ ਭਾਵ ਇਹ ਹੈ ਕਿ ਕਿਸੇ ਦੂਸਰੀ ਕੌਮ ਜਾਂ ਦੇਸ਼ ਨੂੰ ਆਪਣੇ ਅਧੀਨ ਕਰਨਾ ਤੇ ਉਥੋਂ ਦੇ ਪੈਦਾਵਾਰੀ ਸਾਧਨਾਂ ਨੂੰ ਆਪਣੇਹੱਥ ਵਿਚ ਲੈਕੇ ਲੋਕਾਂ ਨੂੰ ਬੇ-ਜ਼ਮੀਨੇ, ਬੇਜਾਇਦਾਦ ਕਰਨਾ ਹੁੰਦਾ ਹੈ।

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਦੇਸ਼ੀ ਬਾਈਕਾਟ ਦਾ ਨਾਹਰਾ ਦਿਤਾ ਤੇ ਆਪਣੇ ਨਾਮ-ਲੇਵਿਆਂ ਨੂੰ ਇਹ ਹੁਕਮ ਜਾਰੀ ਕੀਤਾ ਕਿ ਉਹ ਅੰਗ੍ਰੇਜ ਦੇ ਕਲ ਕਾਰਖਾਨਿਆਂ ਵਿਚ ਬਨੀ ਹੋਈ ਕਿਸੇ ਚੀਜ਼ ਦੀ ਵਰਤੋਂ ਨਾ ਕਰਨ, ਉਨ੍ਹਾਂ ਦੀਆਂ ਕਚੇਹਰੀਆਂ ਚੋਂ ਕੋਈ ਇਨਸਾਫ ਨਾ ਮੰਗਨ, ਉਨ੍ਹਾਂ ਦੇ ਸਕੂਲਾਂ ਵਿਚ ਕਿਸੇ ਕਿਸਮ ਦੀ ਵਿਦਿਆ ਨਾ ਲੈਣ, ਉਨ੍ਹਾਂ ਵਲੋਂ ਬਨਾਏ ਗਏ ਡਾਕਖਾਨੇ ਤਾਰ ਘਰ ਤੇ ਹੋਰ ਦਫਤਰਾਂ ਵਿਚ ਨਾ ਜਾਨ, ਤੇ ਏਥੋਂ ਤਕ ਕਿ ਉਨ੍ਹਾਂ ਵਲੋਂ ਖੁਦਾਈਆਂ ਗਈਆਂ ਨਹਿਰਾਂ ਦਾ ਪਾਣੀ ਤਕ ਨਾ ਵਰਤਨ, ਉਦੋਂ ਅੰਗ੍ਰੇਜ ਸਾਮਰਾਜਸ਼ਾਹੀ ਨੂੰ ਇਕ ਕੰਬਨੀ ਛਿੜ ਪਈ ਤੇ ਉਨ੍ਹਾਂ ਦੇ ਸ਼ੈਹਨਸ਼ਾਈਅਤ ਨੂੰ ਖਤਰਾ ਪੈਦਾ ਹੋ ਗਿਆ। ਵਡੇ ਵਡੇ ਜਾਗੀਰਦਾਰ, ਸਰਦਾਰ ਤੇ ਨਵਾਬ ਜਿਹੜੇ ਅੰਗ੍ਰੇਜ਼ ਕੋਲੋਂ ਜਾਗੀਰਾਂ ਹਾਸਲ ਕਰਕੇ ਉਨ੍ਹਾਂ ਦੇ ਪਹਿਰੇਦਾਰ ਤੇ ਰਖਸ਼ਕ ਬਣੇ ਸਨ ਉਹ ਵੀ ਬੁਖਲਾ ਉਠੇ, ਆਪਣੇ ਆਪ ਨੂੰ ਕੂਕਿਆਂ ਨਾਲ ਬੇ-ਵਾਸਤਾ ਦਸਕੇ, ਅਸਿੱਖ ਕਹਿਕੇ ਅੰਗ੍ਰੇਜ਼ਾਂ ਦਾ ਪੂਰਾ ਸਾਥ ਦਿਤਾ ਤੇ ਹਰ ਪ੍ਰਕਾਰ ਦਾ ਦਮਨ ਤੇ ਜ਼ੁਲਮ ਕਰਨ ਦੀ ਕੇਵਲ ਖੁਲੀ ਛੁੱਟੀ ਹੀ ਨਾ ਦਿਤੀ ਸਗੋਂ ਆਪਣੀਆਂ ਫੌਜਾਂ, ਤੋਪਾਂ ਗੋਲੇ ਤੇ ਹਥਿਆਰ ਵੀ ਦੇ ਦਿਤੇ ਗਏ।

ਸਤਿਗੁਰੂ ਜੀ ਸ਼ੁਰੂ ਤੋਂ ਹੀ ਧਾਰਮਿਕ ਵਿਚਾਰਾਂ ਦੇ ਸਨ। ਜਦੋਂ ਉਨ੍ਹਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਆਪਣਾ ਆਪ ਭਰਤੀ ਕੀਤਾ ਉਦੋਂ ਉਨ੍ਹਾਂ ਨੇ ਦੇਸ਼ ਦੀ ਰਾਜਨੀਤਕ, ਆਰਥਕ, ਸਮਾਜਕ ਤੇ ਧਾਰਮਕ ਹਾਲਤ ਨੂੰ ਵੀ ਪੜ੍ਹਨਾ ਸ਼ੁਰੂ ਕੀਤਾ

Sri Satguru Jagjit Singh Ji Elibrary NamdhariElibrary@gmail.com

ਰਾਜਨੀਤਕ ਕੰਮਾਂ ਵਿਚ 'ਲੋਕਾਂ' ਦਾ ਕੋਈ ਹੱਥ ਨਹੀਂ ਸੀ। ਰਾਜੇ ਮਹਾਰਾਜੇ, ਸਰਦਾਰ ਤੇ ਨਵਾਬ ਆਪਣੀਆਂ ੨ ਗੱਦੀਆਂ ਕਾਇਮ ਰਖਣ ਲਈ ਲੜ ਰਹੇ ਸਨ, ਆਰਥਕ ਤੌਰ ਤੇ ਲੋਕਾਂ ਦੀ ਹਾਲਤ ਕੋਈ ਚੰਗੀ ਨਹੀਂ ਸੀ ਜਾਗੀਰਦਾਰੀ ਸਿਸਟਮ ਆਮ ਸੀ ਜਾਗੀਰਦਾਰਾਂ ਦੀਆਂ ਜ਼ਮੀਨਾਂ ਵਾਹਕੇ ਲੋਕੀ ਆਪਣੇ ਪੇਟ ਪਾਲਦੇ ਸਨ। ਸਮਾਜਕ ਤੌਰ ਤੇ ਲੋਕੀਂ ਕੁਰੀਤੀਆਂ ਦੇ ਸ਼ਿਕਾਰ ਹੋ ਚੁਕੇ ਸਨ। ਛੋਟੀ ਉਮਰ ਵਿਚ ਹੀ ਵਿਆਹ ਕਰ ਦਿਤੇ ਜਾਂਦੇ ਸਨ। ਜਿਸ ਕਰਕੇ ਉਹ ਬਲ ਪੈਦਾ ਨਹੀਂ ਸੀ ਹੁੰਦਾ ਜਿਹੜਾ ਕੌਮਾਂ ਨੂੰ ਬਲ ਤੇ ਨਵਾਂ ਜੀਵਨ ਦੇਂਦਾ ਹੈ। ਵਿਧਵਾਵਾਂ ਸਾਰੀ ੨ ਉਮਰ ਆਪਣੇ ਕਰਮਾਂ ਤੇ ਲੇਖਾਂ ਨੂੰ ਰੋਂਦੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਜੀਵਨ ਵਿਚ ਕਦੇ ਕੋਈ ਆਸ਼ਾ ਦੀ ਕਿਰਨ ਨਹੀਂ ਸੀ ਜਾਗੀ ਕਿ ਉਹ ਵੀ ਕਦੀ ਆਪਣਾ ਘਰ ਫਿਰ ਵਸਾ ਸਕਦੀਆਂ ਹਨ ਇਸਦਾ ਸਿੱਟਾ ਇਹ ਨਿਕਲਦਾ ਸੀ ਕਿ ਵੇਸ਼ਵਾ ਵਿਰਤੀ ਪੈਦਾ ਹੁੰਦੀ ਜਾ ਰਹੀ ਸੀ। ਧਾਰਮਕ ਤੌਰ ਤੇ ਰਬ ਦਾ ਕਿਸੇ ਨੂੰ ਚੇਤਾ ਹੀ ਨਹੀ ਸੀ। ਧਾਰਮਕ ਗ੍ਰੰਥਾਂ ਨੂੰ ਅਲਮਾਰੀਆਂ ਵਿਚ ਪਏ ਹੋਇਆਂ ਨੂੰ ਹੀ ਉੱਲੀ ਲਗ ਰਹੀ ਸੀ। ਸਿਖ ਕੌਮ ਵਿਚ ਬੜੀ ਜ਼ਬਰਦਸਤ ਫੁੱਟ ਪੈਦਾ ਹੋ ਚੁਕੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅੱਖ ਮੀਟਨ ਦੀ ਦੇਰ ਸੀ ਕਿ ਇਕ ਦੂਸਰੇ ਦੇ ਖਿਲਾਫ ਸਾਜ਼ਸ਼ਾਂ ਹੋਣ ਲਗ ਪਈਆਂ। ਅੰਗ੍ਰੇਜ ਨੇ ਇਸ ਹਾਲਤ ਤੋਂ ਫਾਇਦਾ ਉਠਾਕੇ ਪੰਜਾਬ ਤੇ ਹਮਲਾ ਕਰ ਦਿਤਾ। ਆਪਸੀ ਫੁੱਟ ਤੇ ਖਿੰਡਰੀ ਤਾਕਤ ਹੋਣ ਕਰਕੇ ਸਤਿਗੁਰੂ ਜੀ ਨੇ ਇਹ ਭਵਿਸ਼ਬਾਨੀ ਕਹਿ ਦਿਤੀ ਸੀ ਕਿ ਸਿਖਾਂ ਦੀ ਜਿਤ ਹੋਣੀ ਮੁਸ਼ਕਲ ਹੈ। ਅਜੇਹੀਆਂ ਹਾਲਤਾਂ ਵਿਚ ਅੰਵਾਂਈਂ ਮੌਤੇ ਮਰਨਾ ਕੋਈ ਦਾਨਸ਼ਮੰਦੀ ਨਹੀਂ। ਸਭ ਤੋਂ ਪਹਿਲਾਂ ਜ਼ਰੂਰਤ ਇਸ ਗਲ ਦੀ ਹੈ ਕਿ ਆਪਣੀ ਖਿੰਡਰੀ ਹੋਈ ਤਾਕਤ ਨੂੰ ਇਕਠਿਆਂ ਕੀਤਾ ਜਾਵੇ ਤੇ ਅਜਿਹੀ ਜਥਬਦੀ ਤਿਆਰ ਕੀਤੀ ਜਾਵੇ ਜਿਹੜੀ ਉੱਚੇ ਤੇ ਸੁੱਚੇ ਵਿਚਾਰਾਂ ਨਾਲ ਲੈਸ ਹੋਕੇ ਕੌਮ ਤੇ ਦੇਸ਼ ਦੀ ਅਗਵਾਈ ਕਰ ਸਕੇ। ਭਵਿਸ਼ਵਾਨੀ ਤਾਂ ਗਲਤ ਹੋ ਨਹੀਂ ਸੀ ਸਕਦੀ। ਅੰਗ੍ਰੇਜ਼ ਨੇ ਪੰਜਾਬ ਤੇ ਕਬਜਾ ਕਰ ਹੀ ਲਿਆ।

ਪਹਿਲੀ ਵਿਸਾਖ ਸੰਮਤ ੧੯੧੪ (ਅਪਰੈਲ ੧੮੫੭ ਵਾਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਸੁਰਜੀਤ ਕਰਨ ਲਈ ਤੇ ਗੁਲਾਮੀ ਤੇ ਜਹਾਲਤ ਤੋਂ ਨਜਾਤ ਹਾਸਲ ਕਰਨ ਲਈ ਨਾਮਧਾਰੀ ਇਨਕਲਾਬੀ ਜਥੇਬੰਦੀ ਦੀ ਨੀਵ ਰਖੀ ਆਪਣੇ ਬੜੇ ਹੀ ਨਿਜੀ ਪੰਜ ਸਾਥੀਆਂ ਨੂੰ ਅੰਮ੍ਰਿਤ ਛਕਾਕੇ ਤਿਆਰ ਕੀਤਾ। ਆਪ ਨੇ ਇਨਕਲਾਬੀ ਪ੍ਰੋਗਰਾਮ ਤੇ ਨੀਤੀ ਦਾ ਪ੍ਰਚਾਰ ਕਰਨ ਲਈ ਪਿੰਡ ੨ ਦੌਰੇ ਕਰਨੇ ਸ਼ੁਰੂ ਕਰ ਦਿਤੇ। ਆਦਰਸ਼ਕ ਇਨਸਾਨ ਬਨਣ ਲਈ ਤੇ ਬੁਰੇ ਕੰਮਾਂ ਤੋਂ ਬਚਨ ਲਈ ਨਾਹਰਾ ਦਿਤਾ ਕਿ ਮਾਸ, ਸ਼ਰਾਬ, ਭੰਗ ਫੀਮ ਪੋਸਤ ਆਦਿ ਨਸ਼ੇ ਦੀਆਂ ਚੀਜ਼ਾਂ ਨਾ ਵਰਤੀਆਂ ਜਾਨ। ਏਨ੍ਹਾਂ ਦਾ ਸੇਵਨ ਕਰਕੇ ਆਪਣੀ ਬੁੱਧੀ ਨੂੰ ਨਸ਼ਟ ਨਾ ਕੀਤਾ ਜਾਵੇ। ਬਾਲ ਵਿਆਹ ਕਰਕੇ ਕੌਮ ਨੂੰ ਨਾ-ਤਾਕਤਾ ਨਾ ਬਨਾਇਆ ਜਾਵੇ ਤੇ ਨਾ ਜੀਵਨ ਦੀ

Sri Satguru Jagjit Singh Ji Elibrary NamdhariElibrary@gmail.com

ਕੀਮਤੀ ਤੇ ਅਨਮੁਲੀ ਸ਼ਕਤੀ ਨੂੰ ਭੰਗ ਦੇ ਭਾੜੇ ਗਵਾਇਆ ਜਾਵੇ। ਵਿਧਵਾ ਵਿਆਹ ਦੀ ਰੋਕ ਨੂੰ ਤੋੜਿਆ ਤੇ ਹਜ਼ਾਰਾਂ ਤੇ ਲਖਾਂ ਦੇਵੀਆਂ ਨੂੰ ਵੇਸ਼ਵਾ ਵਿਰਤੀ ਤੋਂ ਬਚਾਨ ਲਈ ਵਿਧਵਾ ਵਿਆਹ ਦੀ ਖੁਲ੍ਹ ਨੂੰ ਪ੍ਰਚਾਰ ਕੇ ਜਾਰੀ ਕੀਤਾ। ਬਦੇਸ਼ੀ ਹਕੂਮਤ ਨੂੰ ਬਾਹਰ ਕੱਢਣ ਲਈ ਕੇਵਲ ਇਹੋ ਨਾਹਰਾ ਦਿਤਾ ਕਿ ਏਨ੍ਹਾਂ ਨਾਲ ਹਰ ਤਰਾਂ ਦਾ ਬਾਈ-ਕਾਟ ਕਰੋ। ਇਨ੍ਹਾਂ ਸਭ ਚੀਜ਼ਾਂ ਦਾ ਮੁਕਾਬਲਾ ਕਰਨ ਲਈ ਤੇ ਆਪਣੀ ਆਤਮਾਂ ਨੂੰ ਸਵੱਛ ਤੇ ਸਾਫ ਰਖਣ ਲਈ, ਆਤਮਾ ਨੂੰ ਬੁਰੇ ਕੰਮਾਂ ਤੋਂ ਬਚਾਨ ਲਈ ਹਥਾਂ ਵਿਚ ਮਾਲਾ ਦੇਕੇ ਨਾਮ ਰੂਪੀ ਦਾਨ ਦਿਤਾ। ਕਈ ਇਹ ਖਿਆਲ ਕਰਦੇ ਹਨ ਕਿ ਕੇਵਲ ਨਾਮ ਕੀ ਦੇ ਸਕਦਾ ਹੈ? ਪਰ ਨਾਮ ਵੀ ਸ਼ਕਤੀ ਹਾਸਲ ਕਰਨ ਦਾ ਇਕ ਸਾਧਨ ਹੈ। ਅਗਰ ਇਸ ਨੂੰ ਸ਼ਕਤੀ ਹਾਸਲ ਕਰਨ ਦੇ ਆਸ਼ੇ ਨੂੰ ਮੁਖ ਰਖਕ ਸਿਮਰਨ ਕੀਤਾ ਜਾਵੇ ਤਦ।

ਅੰਗ੍ਰੇਜ਼ ਨੂੰ ਕਦੇ ਵੀ ਖਤਰਾ ਪੈਦਾ ਨਾ ਹੁੰਦਾ ਜੇ ਬਦੇਸ਼ੀ ਬਾਈਕਾਟ ਦਾ ਨਾਹਰਾ ਨਾ ਦਿਤਾ ਜਾਂਦਾ। ਕੇਵਲ ਇਹੋ ਇਕ ਚੀਜ ਸੀ ਜਿਸ ਨੇ ਅੰਗ੍ਰੇਜ਼ਾਂ ਨੂੰ ਹਰ ਕਿਸਮ ਦਾ ਜ਼ੁਲਮ ਕਰਨ ਲਈ ਤਿਆਰ ਕੀਤਾ। ਇਸ ਬਾਈਕਾਟ ਵਿਚ ਅੰਗ੍ਰੇਜ਼ ਨੂੰ ਆਪਣੀ ਮੌਤ ਨਜ਼ਰ ਆ ਰਹੀ ਸੀ ਸਾਧਾਰਨ ਸਮਝ ਇਹ ਕਦੇ ਵੀ ਨਹੀ ਸੀ ਸੋਚ ਸਕਦੀ ਕਿ ਹਥਿੱ-ਆਰਾਂ ਫੌਜਾਂ ਲੜਾਈ ਤੇ ਖੂਨ-ਖਰਾਬੇ ਤੋਂ ਬਿਨਾ ਅਜ਼ਾਦੀ ਹਾਸਲ ਕੀਤੀ ਜਾ ਸਕਦੀ ਹੈ ਜਾਂ ਬਦੇਸ਼ੀ ਸਲਤਨਤ ਨੂੰ ਖਤਮ ਕੀਤਾ ਜਾ ਸਕਦਾ ਹੈ। ਅੰਗ੍ਰੇਜ਼ ਦੀ ਕੁਟਲ ਤੇ ਚਾਲਾਕ ਨੀਤੀ ਨੂੰ ਸਮਝਣਾ ਕਿਸੇ ਬੜੇ ਹੀ ਸੂਝਵਾਨ ਤੇ ਦੂਰ ਅੰਦੇਸ਼ੀ ਰਖਨ ਵਾਲੇ ਦਾ ਹੀ ਕੰਮ ਸੀ।

ਸਤਿਗੁਰੂ ਜੀ ਉਸ ਸਮੇਂ ਵਿਚ ਪਹਿਲੇ ਵਿਅਕਤੀ ਹਏ ਜਿਨਾਂ ਨੇ ਗੁਲਾਮੀ ਦੀ ਜੜ੍ਹ ਨੂੰ ਲਭਿਆ ਜੋ ਅੰਗਰੇਜ਼ ਦੇ ਹਕੂਮਤ ਕਰਨ ਦੇ ਰਾਜ ਨੂੰ ਪਾਇਆ। ਅੰਗ੍ਰੇਜ਼ ਇਕ ਬਿਓਪਾਰੀ ਸੀ ਤੇ ਬਿਉਪਾਰ ਕਰਨ ਲਈ ਏਥੇ ਆਇਆ ਸੀ। ਏਨਾ ਦੇ ਦੇਸ਼ ਵਿਚ ਕਲ ਕਾਰਖਾਨੇ ਨਵੇਂ ੨ ਮੈਦਾਨ ਵਿਚ ਆਏ ਸਨ। ਏਨ੍ਹਾਂ ਨੂੰ ਆਪਣੇ ਕਾਰਖਾਨਿਆਂ ਨੂੰ ਚਲਾਨ ਵਾਸਤੇ ਕਚੇ ਮਾਲ ਦੀ ਜ਼ਰੂਰਤ ਸੀ ਤੇ ਪਕੇ ਨੂੰ ਬਾਹਰ ਕੱਢਨ ਲਈ ਮੰਡੀਆਂ ਦੀ ਲੋੜ ਸੀ। ਇਸ ਆਸ਼ੇ ਨੂੰ ਮੁਖ ਰਖਕੇ ਏਨ੍ਹਾਂ ਨੇ ਪਛੜੇ ਹੋਏ ਦੇਸ਼ਾਂ ਤੇ ਕੌਮਾਂ ਨੂੰ ਗੁਲਾਮ ਕਰਨਾ ਸ਼ੁਰੂ ਕਰ ਦਿਤਾ। ਇਸਤਰਾਂ ਕਰਕੇ ਦੇਸ਼ ਦੇ ਹਰਤਰਾਂ ਦੇ ਆਰਥਕ ਸਾਧਨਾਂ ਨੂੰ ਆਪਣੇ ਭਲੇ ਲਈ ਵਰਤਿਆ ਤੇ ਆਪਣੀਆਂ ਤਿਜੌਰੀਆਂ ਨੂੰ ਜਨਤਾ ਦਾ ਲਹੂ ਪੀ ਪੀ ਕੇ ਮੁਨਾਫਿਆਂ ਨਾਲ ਭਰਨਾ ਸ਼ੁਰੂ ਕੀਤਾ। ਪਰ ਸਤਿਗੁਰੂ ਜੀ ਜਾਨਦੇ ਸਨ ਕਿ ਅਗਰ ਏਨ੍ਹਾਂ ਦਾ ਬਿਉਪਾਰ ਬੰਦ ਕਰ ਦਿਤਾ ਜਾਵੇ ਤਾਂ ਇਹ ਲੋਕਾਂ ਇਕ ਘੜੀ ਵੀ ਏਥੇ ਨਹੀਂ ਰਹਿ ਸਕਦੇ ਜਿਵੇਂ ਆਏ ਹਨ ਉਸੇ ਤਰਾਂ ਹੀ ਏਨ੍ਹਾਂ ਨੂੰ ਵਾਪਸ ਜਾਨਾ ਪਵੇਗਾ। ਸਤਿਗੁਰੂ ਜੀ ਦਾ ਕੋਈ ਸ਼ਸ਼ਤਰ ਲੜਾਈ ਲੜਨ ਦਾ ਫਿਲਹਾਲ ਵਿਚਾਰ ਨਹੀਂ ਸੀ। ਉਹ ਜਾਨਦੇ ਸਨ ਕਿ ਸਨ ੫੭ ਦਾ ਗਦਰ ਕਿਉਂ ਸਫਲ ਨਹੀਂ ਸੀ ਹੋ ਸਕਿਆ।

ਅੰਗ੍ਰੇਜ਼ ਕੋਈ ਬਹਾਨਾ ਲੱਭਦਾ ਸੀ ਜਿਸ ਨਾਲ ਉਹ ਇਸ ਲਹਿਰ ਨੂੰ ਦਬਾ ਸਕੇ। ਓਹਬਦੋਬਦੀ ਤਾਂ ਚੀਜ਼ਾਂ ਆਪਣੀਆਂ ਦੇ ਨਹੀਂ

ਸਨਸਕਦੇ। ਲੋਕਾਂਦੀਮਰਜ਼ੀਸੀਉਹ ਖਰੀਦਦੇ ਜਾਂ ਨਾਂ ਖਰੀਦਦੇ। ਨਿਰਾ ਇਸ ਗਲ ਤੇ ਕਿਸੇ ਨੂੰ ਗ੍ਰਿਫਤਾਰ ਵੀ ਨਹੀਂ ਸਨ ਕਰ ਸਕਦੇ ਤੇ ਨਾ ਕਿਸੇ ਨੂੰ ਕੋਈ ਸਜ਼ਾ ਹੀ ਦੇ ਸਕਦੇ ਸਨ। ਪਰ ਫਿਕਰ ਮੰਦ ਬਹੁਤ ਸਨ ਕਿ ਅਗਰ ਬਾਈਕਾਟ ਦਾ ਨਾਹਰਾ ਲੋਕਾ ਵਿਚ ਹਰ ਮਨ ਪਿਆਰਾ ਹੋ ਗਿਆ ਤਾਂ ਉਨਾਂ ਨੂੰ ਇਹ ਦਸ਼ ਛੇਤੀ ਹੀ ਛਡਨਾ ਪਏਗਾਨਹੀਂ ਤਾਂ ਏਥੇ ਹੀ ਭੁਖੇ ਮਰਨਾ ਹੋਵੇਗਾ। ਸੋ ਇਸ ਸੋਚ ਵਿਚ ਸਨ ਕਿ ਕਿਵੇਂ ਤੇ ਕਿਸ ਤਰੀਕੇ ਨਾਲ ਸਤਿਗੁਰਾਂ ਨੂੰ ਹੱਥ ਪਾਇਆ ਜਾਵੇ ਤੇ ਕਿਨਾਂ ਹਥਿਆਰਾਂ ਨਾਲ ਦਬਾਇਆ ਜਾਵੇ। ਅੰਗ੍ਰੇਜ਼ ਵੀ ਆਪਣੇ ਆਪ ਨੂੰ ਕੁਝ ਮਨਦਾ ਸੀ ਤੇ ਹੈ ਸੀ ਵੀ ਬੜਾ ਚਲਾਕ ਤੇ ਨੀਤੀਵਾਨ ਸੋ ਅੰਗ੍ਰੇਜ਼ ਨੇ ਸਭ ਤੋਂ ਪਹਿਲਾਂ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਹੱਥ ਵਿਚ ਲੈਕੇ ਲੋਕਾਂ ਦੇਧਾਰਮਕ ਜਜ਼ਬਾਤਾਂ ਨੂੰ ਠੇਸ ਪਹੁੰਚਾ ਵਨ ਲਈ ਆਪਸ ਦੀ ਫੁਟ ਤੇ ਲੜਾਈ ਨੂੰ ਪੈਦਾ ਕਰਨਾ ਚਾਹਿਆ। ਆਪਣੇ ਉਦੇਸ਼ ਨੂੰ ਪੂਰਿਆਂਕਰਨ ਲਈ ਅੰਮ੍ਰਿਤਸਰ ਸ਼ਹਿਰਗੁਰੂ ਦੀ ਨਗਰੀ ਹਰੀ ਮੰਦਰ ਦ ਬਿਲਕੁਲ ਪਾਸ ਜਿਥੇ ਕਿ ਘੰਟਾ ਘਰ ਹੰਦਾ ਸੀ ਗਊਆਂ ਨੂੰ ਕਤਲ ਕਰਵਾਨ ਲਈ ਬੁੱਚੜਖਾਨਾਂ ਖੁਲ੍ਹਵਾ ਦਿਤਾ। ਇਸ ਤ੍ਰਾਂ ਕਰਕੇ ਕਈ ਹੋਰ ਥਾਵਾਂ ਤੇ ਵੀ ਇਹੋ ਜਿਹੇ ਬੁੱਚੜਖਾਨੇ ਖੁਲ੍ਹਾ ਦਿਤੇ ਗਏ। ਇਹ ਇਕ ਅੰਗਰੇਜ਼ ਦੀ ਬੜੀ ਗਹਿਰੀ ਚਾਲਸੀ ਲੋਕਾਂ ਦਾ ਧਿਆਨ ਆਪਣੇ ਵਲੋਂ ਹਟਾਕੇ ਆਪਸ ਵਿਚ ਲੜਾਨਾ: ਉਹ ਜਾਣਦੇ ਸਨ ਕਿ ਹਿੰਦੋਸਤਾਨ ਇਕ ਧਾਰਮਕ ਰੁਚੀਆਂ ਰਖਣ ਵਾਲਾ ਦੇਸ਼ ਹੈ। ਗਊ ਨੂੰ ਇਕ ਪੂਜ ਮਾਤਾ ਦੇ ਰੂਪ ਵਿਚ ਪੂਜਿਆ ਜਾਂਦਾ ਹੈ। ਗਊਆਂ ਮੁਸਲਮਾਨ ਕਤਲ ਕਰਨ ਗੇ ਇਸ ਤਰਾਂ ਕੁਦਰਤੀ ਇਹ ਹੋਵੇਗਾ ਕਿ ਇਹ ਮੁਸਲਮਾਨਾਂ ਦੇ ਖਿਲਾਫ ਲੜਨ ਗੇ ਦੂਸਰਾ ਅੰਗ੍ਰੇਜ਼ ਬਿਓਪਾਰੀ ਸੀ। ਬੁਚੜ ਖਾਨਿਆਂ ਵਿਚੋਂ ਚਮੜਾ ਹਾਸਲ ਕਰਕੇ ਇਸ ਦਾ ਬਿਓਪਾਰ ਕਰੇਗਾ ਤੇ ਲਖਾਂ ਤੇ ਕਰੋੜਾਂ ਰੁਪੈ ਕਮਾਵੇਗਾ। ਜਦੋਂ ਇਹ ਆਪਸ ਵਿਚ ਲੜਨ ਗੇ ਅੰਗ੍ਰੇਜ਼ਾਂ ਨੂੰ ਫੜਨ ਦਾ ਮੌਕਾ ਮਿਲੇ ਗਾ ਤੇ ਇਸ ਤਰਾਂ ਕਰਕੇ ਇਸ ਲਹਿਰ ਨੂੰ ਦਬਾਨ ਵਿਚ ਸਫਲ ਹੋ ਸਕੇ ਗਾ।

ਸਤਿਗੁਰੂ ਜੀ ਦੀ ਮਰਜੀ ਨਹੀਂ ਸੀ ਕਿ ਕੋਈ ਹਿੰਸਾ-ਆਤਮਕ ਕਦਮ ਲਿਆ ਜਾਵੇ ਪਰ ਕੁਝ ਨਾਮਧਾਰੀ ਇਸ ਜ਼ੋਰ ਤੇ ਜਬਰ ਨੂੰ ਹੁੰਦਿਆਂ ਕਦੋਂ ਵੇਖ ਸਕਦੇ ਸਨ? ਉਨਾਂ ਦੇ ਹੁੰਦਿਆਂ ਪੂਜ ਮਾਤਾ ਗਊ ਦਾ ਕਤਲ ਹੋਵੇ ਤੇ ਚੁਪ ਕਰਕੇ ਇਸ ਨੂੰ ਬਰਦਾਸ਼ਤ ਕਰ ਲੈਣ ਇਹ ਉਨਾਂ ਲਈ ਅਸੰਭਵ ਸੀ। ਸਤਿਗੁਰਾਂ ਦੀ ਬਿਨਾ ਮਨਜ਼ੂਰੀ ਤੋਂ ਅੰਮ੍ਰਿਤਸਰ ਦੇ ਬੁਚੜਾਂ ਦਾ ਸਫਾਇਆ ਕਰ ਦਿਤਾ ਤੇਅਜੇ ਹਾ ਕਰਕੇ ਹੈਡਕੁਆਟਰ ਸ੍ਰੀ ਭੈਣੀ ਸਹਿਬ ਪੁਜੇ ਪਰ ਸਤਿਗੁਰਾਂ ਕਿਹਾ ਕਿ ਉਨ੍ਹਾਂ ਦੀ ਥਾਵੇਂ ਨਿਰਦੋਸ਼ ਵਿਅਕਤੀ ਫੜੇ ਜਾ ਚੁਕ ਹਨ ਜਿਨਾਂ ਨੂੰ ਫਾਂਸੀ ਵਗੈਰਹ ਦੇ ਹੁਕਮ ਮਿਲ ਚੁਕੇਹਨ, ਜਾਓ ਆਪਣਾ ਦੋਸ਼ ਮਨਕੇ ਉਨ੍ਹਾਂ ਨੂੰ ਬਚਾਓ, ਇਸਤਰਾਂ ਕਰਕੇ ਆਪਣਾ ਦੋਸ਼ ਮਨਕੇ ਫਾਂਸੀ ਦੇ ਰੱਸਿਆਂ ਨੂੰ ਚੁਮਿਆ ਇਸਤੋਂਬਾਦਮਹਾਨ ਘਟਨਾ ਮਲੇਰ ਕੋਟਲੇ ਦੇਰੱਕੜ ਮੈਦਾਨ ਵਿਚ ਹੋਈ ਜਿਥੇ ਅੱਸੀ ਦੇ ਕਰੀਬ ਨਾਮਧਾਰੀ ਵੀਰ ਤੋਪਾਂ ਦੇ ਸਾਮ੍ਹਣੇ ਉੜਾ ਦਿਤੇ ਗਏ। ਮਲੇਰ ਕੋਟਲੇ ਦੇ ਹਾਦਸੇ ਤੋਂਪਹਿਲਾਂ ਗੁਰਮੁਖ ਸਿੰਘ

ਜੀਨਾਮਧਾਰੀ ਸ੍ਰੀ ਭੈਣੀ ਸਾਹਬ ਪੁਜੇ ਸਨ ਜਿਨਾਂ ਮਲੇਰ ਕੋਟਲ ਦੀ ਹਾਲਤ ਵਰਨਨ ਕੀਤੀ ਸੀ ਪਰ ਸਤਿਗੁਰਾਂ ਫਿਰ ਵੀ ਕੋਈ ਅਜੇਹੀ ਕਾਰਵਾਈ ਨਾ ਕਰਨੀ ਚਾਹੀ ਜਿਸ ਨਾਲ ਕੋਈ ਖੂਨ ਖਰਾਬਾ ਹੋਵੇ। ਪਰ ਜਦੋਂ ਨਾਮਧਾਰੀ ਕੁਝ ਸਿਖਾਂ ਨੇ ਇਹ ਦਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਰਸ਼ਨ ਦੇਕੇ ਇਹ ਕਿਹਾ ਹੈ ਕਿ ਇਸ ਜੱਬਰ ਦਾ ਮਲੀਆ ਮੇਟ ਕੀਤਾ ਜਾਵੇ ਤਾਂ ਫਿਰ ਸਤਿਗੁਰ ਨਾ ਬੋਲੇ ਤੇ ਕੇਵਲ ਰੱਬ ਦਾ ਨਾਂ ਹੀ ਲਿਆ ਸਤਿਗੁਰ ਇਹ ਜਾਨਦੇ ਸਨ ਕਿ ਮਲੇਰ ਕੋਟਲੇ ਦੇ ਵਾਕਿਆ ਹੋ ਜਾਨ ਤੋਂ ਬਾਦ ਅੰਗ-ਰੇਜ ਉਨਾਂ ਨੂੰ ਏਥੇ ਨਹੀਂ ਰਹਿਣ ਦੇਨਗੇ ਸੋ ਉਨ੍ਹਾਂ ਵੀ ਆਪਣੀ ਤਿਆਰੀ ਕਰ ਲਈ ਓਸੇ ਦਿਨ ਹੀ ਉਨ੍ਹਾਂ ਨੂੰ ਸੂਬਿਆਂ ਸਮੇਤ ਗ੍ਰਿਫ-ਤਾਰ ਕਰਕੇ ਲਿਆਂਦਾ ਗਿਆ ਤੇ ਦੇਸੋਂ ਬਾਹਰ ਮਰਮਾ ਦੇਸ਼ (ਰੰਗੂਨ ਦੇ ਕਿਲੇ) ਵਿਚ ਭੇਜ ਦਿਤਾ ਗਿਆ।

ਭਾਵੇਂ ਅੰਗਰੇਜ਼ ਆਪਨੀ ਚਾਲ ਵਿਚ ਸਫਲ ਹੋ ਗਿਆ ਸੀ ਪਰ ਜਾਂਦੀ ਵਾਰੀ ਸਤਿ ਗੁਰ ਅੰਗਰੇਜ ਨੂੰ ਇਹ ਕਹਿ ਗਏ ਸਨ ਤੇ ਭਵਿਸ਼ਵਾਨੀ ਕਰ ਗਏ ਸਨ ਕਿ ਜਿਹੜੀ ਆਜਾਦੀ ਦੀ ਅੱਗ ਇਹ ਲਾ ਚਲੇ ਹਨ ਇਹ ਅੰਗਰੇਜਾਂ ਨੂੰ ਦੇਸ਼ੋਂ ਬਾਹਰ ਕੱਢ ਕੇ ਹੀ ਦਮ ਲਵ ਗੀ। ਜਲਾਵਤਨ ਕਰ ਦੇਨ ਤੋਂ ਬਾਦ ਹੈਡਕੁਆਟਰ ਸ੍ਰੀ ਭੈਣੀ ਸਾਹਬ ਪੁਲਸ ਦੀ ਚੌਕੀ ਬਿਠਾ ਦਿੱਤੀ ਗਈ। ਨਾਮਧਾਰੀ ਵੀਰਾਂ ਦੀ ਆਪਸ ਵਿਚ ਮਿਲਨ ਤੇ ਪਾਬੰਦੀ ਲਾ ਦਿੱਤੀ ਏਨਾਂ ਦਾ ਇਕਠਿਆ ਹੋਣਾ ਗੈਰ–ਕਾਨੂੰਨੀ ਐਲਾਨ ਕਰ ਦਿਤਾ ਗਿਆ। ਜਾਇ ਦਾਦਾਂ ਕੁਰਕ ਕਰ ਲਈਆਂ ਗਈਆਂ। ਇਸ ਪ੍ਰਕਾਰ ਅੰਗਰੇਜ ਨੇ ਸਭ ਹਥਿਆਰ ਵਰਤੇ ਤੇ ਹਰ ਤਰਾਂ ਨਾਲ ਦਬਾਨ ਦੀ ਕੋਸ਼ਸ਼ ਕੀਤੀ।

ਨਾਮਧਾਰੀ ਵੀਰਾਂ ਦਾ ਉਤਸ਼ਾਹ ਇਕ ਵਾਰੀ ਫਿਰ ਜਾਗਿਆ ਜਦੋਂ ਦੇਸ਼ ਦੀ ਮਹਾਨ ਸੰਸਥਾ ਕਾਂਗਰਸ ਨੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਦੇ ਮਿਸ਼ਨ ਪ੍ਰੋਗਰਾਮ ਤੇ ਨੀਤੀ ਨੂੰ ਆਪਣੇ ਪ੍ਰੋਗਰਾਮ ਵਿਚ ਰਖਿਆ। ਨਾਮ–ਧਾਰੀ ਫਿਰ ਭਲਾ ਕਦੋਂ ਪਿਛੇ ਹੱਟ ਸਕਦੇ ਸਨ? ਇਸ ਨੂੰ ਆਪਣਾ ਹੀ ਮਿਸ਼ਨ ਸਮਝ ਕੇ ਅੰਗਰੇਜ਼ ਨੂੰ ਬਾਹਰ ਕੱਢਨ ਤਕ ਕਾਂਗ੍ਰਸ ਦਾ ਸਾਥ ਦਿਤਾ। ਇਸ਼ ਦੌਰਾਨ ਵਿਚ ਵੀ ਪੰਜਾਬ ਵਿਚ ਸਵਤੰਤ੍ਰਤਾ ਵਿਰੋਧੀ ਜਥੇ ਬੰਦੀਆਂ ਨੇ ਕਈ ਅਨਹੋਣੇਂ ਵਾਰ ਨਾਮਧਾ-ਰੀਆਂ ਤੇ ਕੀਤੇ ਪਰ ਨਾਮਧਾਰੀ ਨੇਤਾਵਾਂ ਨੇ ਬੜੀ ਦਲੇਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ ਤੇ ਮੁਸ਼ਮਨਾਂ ਦੇ ਮੂਹ ਭੱਨੇ।

ਆਖਰ ਇਹ ਸ਼ਹੀਦੀਆਂ ਪਾਵਨ ਦੇ ਜਜ਼ਬੇ। ਮੌਤ ਲਾੜੀਆਂ ਨਾਲ ਹਸਦੇ ੨ ਵਿਆਹ ਕਰਾਣ ਦੀ ਸਪਿਰਟ ਦੇਸ਼ ਤੇ ਕੌਮ ਤੋਂ ਮਰਮਿਟਨ ਦੀ ਜਾਚ ਕਿਨਦੱਸੀਸੀ? ਇਹ ਕੇਵਲ ਸ੍ਰੀ ਸਤਿਗੁਰੂ ਰਾਮ ਸਿੰਘਜੀ ਦੀ ਹੀ ਦੇਣਸੀ। ਨਾਮਧਾਰੀ ਵੀਰਾਂ ਨੂੰ ਇਸ ਗਲ ਦਾਫਖਰ ਹੈ ਕਿ ਇਹ ਆਜਾਦੀ ਦੇ ਸਭ ਤੋਂ ਪਹਿਲੇ ਪਰਵਾਨੇ ਹਨ ਜਿਨਾਂ ਦੇਸ਼ ਦੀ ਸਵ ਤੰਤਰਤਾ ਖਾਤਰ ਹਰ ਕੁਰਬਾਨੀ ਨੂੰ ਆਪਣਾ ਪਹਿਲਾ ਕਰਤਵ ਸਮਝਿਆ।

[ਬੂਟਾ ਸਿੰਘ ਸੀ. ਏ. ਦਿਲੀ

ਮਹਾਨ ਆਤਮਾ ਦਾ ਨਵਾਂ ਰਾਹ

ਮੁਦਕੀ, ਸਭਰਾਂਓ ਤੇ ਚੇਲਿਆਂ ਵਾਲੇ ਦੇ ਵਸੀਹ ਮੈਦਾਨਾਂ ਵਿੱਚ ਆਪਣੇ ਹਥੋਂ ਜ਼ਬਾਹ ਹੋਈ ਕਿਸੇ ਸੁਤੰਤ੍ਰਤਾ ਦੀ ਲਾਸ਼ ਨੂੰ ਤਕ ਪੰਜਾਬ ਦਾ ਸਾਰਾ ਵਾਯੂਮੰਡਲ ਸੁੰਨ ਹੋਇਆ। ਤੁਰਦੇ ਸਾਹ ਰੁਕ ਗਏ। ਦਿਲਾਂ ਦੀਆਂ ਧੜਕਣਾਂ ਤੇ ਡਾਉਲਿਆਂ ਦੀ ਰਤ, ਯਕਲਖਤ ਕਿਸੇ ਕੱਕਰ ਮਾਰੀ ਖੇਤੀ ਵਾਂਗ ਅਜ਼ਲੀ ਨੀਂਦ ਸੌਂ ਗਈ। ਵਲੂੰਧਰੀ ਲਾਸ਼ ਨੂੰ ਤਕ ਕਿਸੇ ਦੇ ਮੂੰਹੋ ਹਮਦਰਦੀ ਤੇ ਕੁਰਲਾ, ਸੀ ਤਕ ਨ ਨਿਕਲੀ। ਸਗੋਂ ਉਸ ਜ਼ਿੰਦਗੀ ਦੀ ਲਾਸ਼ ਤੋਂ ਆਪ ਉਸਦੇ ਪੁਤ੍ਰ ਉਸ ਦਾ ਸ਼ਾਹੀ ਲਿਬਾਸ ਲਾਹ ਕੇ ਨਵੇ ਮਾਲਕ ਦੇ ਹਥਾਂ ਵਿਚ ਫੜਾਨ ਲਗੇ ਤੇ ਵਿਹਾਰੀ ਦੇ ਕੋਮਾਂ ਨਾਲ ਜੜੇ ਉਸ ਦੇ ਸੁਨਿਹਰੀ ਤਾਜ ਨੂੰ ਚੂਕੇ ਉਸਦੇ ਪੁਤ੍ਰਾਂ ਨੇ ਦੁਸ਼ਮਨ ਦੇ ਪੈਰਾਂ ਵਿੱਚ ਰਖ ਸਲਾਮ ਕੀਤਾ। ਆਪਣੀ ਵਫਾਦਾਰੀ ਦਾ ਭਰੋਸਾ ਦਵਾਇਆ ਤੇ ਪੰਜਾਬ ਦੀ ਅਣਖ ਸਦਾ ਲਈ ਸੌਂ ਗਈ।

ਮਹਾਰਸ਼ਟਰ ਤੋਂ ਲੈਕੇ ਦਿਲੀ ਤਕ ਦੀ ਧਰਤੀ ਵਿਚ ਆਪਣੇ ਡੁਬਦੇ ਸੂਰਜ ਤੇ ਸੌਂਦੇ ਭਾਗ ਨੂੰ ਜਗਾਣ ਲਈ ਇਕ ਵਾਰ ਫਿਰ ਧਰਤੀ ਜਾਇਆਂ ਨੇ ਵਟ ਖਾਧਾ। ਧਾਂ ਖੀ ਤੇ ਲਹੂ ਦੇ ਦਰਯਾ ਵਗਾਏ, ਨਵਾਬੀਆਂ ਤੋਂ ਭਿਖਾਰੀ, ਰਾਜਿਆਂ ਤੋਂ ਫਕੀਰ ਬਣੇ ਅਤੇ ਆਪਣੇ ਸ਼ਹਿਜਾਦਿਆਂ ਤੇ ਸ਼ਹਿਜ਼ਾਦੀਆਂ ਨੂੰ ਸਰੇ ਬਜ਼ਾਰ ਕੋਹਿਆਂ ਤੇ ਰੋਲਵਾਇਆ ਪਰ ਸੁਤੇ ਭਾਗ ਹੋਰ ਗੂੜੀ ਨੀਂਦਰ ਸੌਂ ਗਏ। ਸਾਰਾ ਭਾਰਤ ਕਬਰਸਤਾਨ ਵਾਂਗ ਡਰੌਣਾ ਬਣ ਗਿਆ। ਕੋਈ ਇਕ ਦੂਜੇ ਨਾਲ ਗਲ ਨਾ ਕਰ ਸਕਦਾ। ਦੁਖ ਸੁਖ ਦੀਆਂ ਸਾਂਝਾਂ ਮੁਕ ਗਈਆਂ। ਤੇ ਡੰਗਰਾਂ ਵਾਂਗ ਸਾਰਾ ਦੇਸ਼ ਇਕ ਚਵਾੜੀ ਨਾਲ ਹਿਕਿਆ ਜਾਨ ਲਗਾ।

ਇਸ ਡਰ ਹੋਈ ਧਰਤੀ ਤੇ ਢੇਹ ਹੋਏ ਮਹੱਲਾਂ ਵਿਚੋਂ ਰਾਤ ਦੇ ਹਨੇਰੇ ਵਿਚ, ਇਕ ਮਹਾਨ ਆਤਮਾਂ ਹਰ ਟੁਟੀ ਇਟ ਤੇ ਡਰੇ ਪੱਥਰ ਨੂੰ ਤੁਕ ਤੁਕ ਵੇਖਦੀ। ਉਹਨਾਂ ਦਿਲਾਂ ਵਿਚ ਆਪਣੀਆਂ ਅਖਾਂ ਪਾ ਝਾਕਦੀ। ਠੰਢਿਆਂ ਦਿਲਾਂ ਨੂੰ ਅਪਣੇ ਦਿਲ ਨਾਲ ਲਾ ਨਿਘਾ ਕਰਦੀ ਸ਼ਾਇਦ ਇਨਾਂ ਨਿਰਜਿੰਦਾਂ ਵਿਚ ਫਿਰ ਇਕ ਵਾਰੀ ਨਰੋਈ ਰਤ ਭਰ ਜਾਏ ਤੇ ਇਹ ਆਪਣੇ ਸੁਤਿਆਂ ਭਾਗਾਂ ਨੂੰ ਫਿਰ ਜਗਾ ਸਕਨ। ਮਹੱਲਾਂ ਦੇ ਖੜ੍ਹਿਆਂ ਬੁਰਜਾਂ, ਮੁਨਾਰਿਆਂ ਤੇ ਉਚੀਆਂ ਚੋਟੀਆਂ ਨੇ ਇਸ ਪਵਿਤ੍ਰ ਆਤਮਾ ਨੂੰ ਆਪਣੇ ਨੇੜੇ ਆਉਣ ਨਾ ਦਿਤਾ, ਸਗੋਂ ਸਾਫ ਹਏ ਰਸਤੇ ਵਿਚ ਹੋਰ ਔਕੜਾਂ ਗਡ ਇਸ ਨਵੇ ਰਾਹੀ ਦੇ ਰਾਹ ਵਿੱਚ ਰੋੜੇ ਪਾਈਆਂ।

ਜ਼ਿੰਦਗੀ ਮੁੜ ਸੌਂਦੀ ਜਾਪੀ। ਅਜ਼ਲੀ ਛਾਈ ਸੁੰਨ ਨੇ ਆਪਣੀ ਖਮੋਸ਼ੀ ਨਾ ਤੋੜੀ। ਡਰ ਸਹਿਮ ਮੌਤ ਦਾ ਰੂਪ ਧਾਰ ਹਰ ਜਾਨਦੇ ਨੂੰ ਅਖਾਂ ਮੀਟਨ ਤੇ ਮਜਬੂਰ ਕਰਦੇ। ਇਸ ਭਿਆਨਕ, ਕਾਲੀ ਬੋਲੀ ਰਾਤ ਵਿਚ

ਛੈਣਿਆਂ ਦੀਆਂ ਛਣਕਾਰਾਂ ਨੇ ਕਾਲੀ ਰਾਤ ਨੂੰ ਵਲੂੰਧਰ ਇਕ ਨਵੇਂ ਪਹੁ ਫੁਟਾਲੇ ਦੇ ਦਰਸ਼ਨ ਕਰ ਚਾਹੇ ਤੇ ਉਸ ਮਹਾਨ ਆਤਮਾ ਨੇ ਆਪਣੀ ਉਚੀ ਲਮੀ ਬਾਂਹ ਕਡ ਇਨ੍ਹਾਂ ਉਚੇ ਬੁਰਜਾਂ ਤੇ ਮੁਨਾਰਿਆਂ ਨੂੰ ਵੰਗਾਰ, ਛਨਾ ਛਪੜੀਆਂ ਵਾਲਿਆਂ ਨੂੰ ਆਪ ਇਨ੍ਹਾਂ ਛੈਣਿਆਂ ਦੀ ਅਵਾਜ਼ ਨਾਲ ਕਠਾ ਕੀਤਾ।

ਕਿਰਤੀਆਂ ਨੂੰ ਰਾਜ ਮਾਨਣ ਦਾ ਹੁਲਾਰਾ ਦਿਤਾ। ਕਾਮਿਆਂ ਨੂੰ ਮਾਲਕਾਂ ਬਰਾਬਰ ਖੜਾ ਕਰਦੇ ਇਕ ਨਵੇਂ ਰਾਹ ਤੇ ਲਿਆ ਨਵਾਂ ਸਬਕ ਪੜ੍ਹਾਏ। ਤੇ ਕਿਹਾ ਆਉ ਮੈਂ ਤੁਹਾਨੂੰ ਰਹਿਰਾਸ ਬੀਆਂ ਦੇਗਾਂ, ਤੇਗਾਂ ਤੇ ਨੁਸਰਤਾਂ ਦੇ ਰਾਹ ਵਖਾਵਾਂ। ਕਾਮਿਓ ਤੇ ਕਿਰਤੀਓ। ਮੈਨੂੰ ਤੁਹਾਡੀ ਲੋੜ ਹੈ ਕਿਰਸਾਨ ਦੀ ਧਰਤੀ ਅਜ ਫਿਰ ਉਸ ਦੇ ਖੂਨ ਦੀ ਮੰਗ ਕਰਦੀ ਹੈ, ਭੁਖਾਂ ਨਾਲ ਸੁਕੇ ਵੀਰੋ ਤੁਹਾਡੀ ਰਤ ਦਾ ਇਕ ਇਕ ਕਤਰਾ ਹੁਣ ਨਵਾਂ ਤੂਫਾਨ ਪੈਦਾ ਕਰੇਗਾ। ਤੁਹਾਡੇ ਮੁੜ੍ਹਕੇ ਦੀ ਇਕ ਇਕ ਬੂੰਦ ਇਨਕਲਾਬ ਦਾ ਨਵਾਂ ਰਾਹ ਬਣਾਏਗੀ। ਮੇਰਾ ਹਰ ਵੀਰ ਸਾਮਰਾਜ ਦੀਆਂ ਉਸਰ ਦੀਆਂ ਕੰਧਾਂ ਨੂੰ ਆਪਣੇ ਚੌੜਿਆਂ ਡੌਲਿਆਂ ਤੇ ਚੌੜੀਆਂ ਛਾਤੀਆਂ ਦਾ ਤਾਣ ਲਾਕੇ ਢਾਹਢੇਰੀ ਕਰ ਦਵੇਗਾ। ਮੇਰੇ ਹਰ ਕਿਰਤੀ ਦੀ ਤੋਪ ਅਗੋਂ ਉਚੀ ਬੋਟੀ ਮੰਝਵਾਲਤਾ ਦਾ ਮੈਦਾਨ ਸਾਫ ਕਰੇਗੀ, ਇਹ ਗੁਲਾਨਾਰੀ ਚੀਰੇ ਤੇ ਛਣਕਦਿਆਂ ਸਿਟਿਆਂ ਵਰਗੇ ਲਹਿਲਹਾਂਦੇ ਦਸਤਾਰਾਂ ਦੇ ਸਮਲੇ ਅਜ ਤੁਹਾਨੂੰ ਨਹੀਂ ਸੋਂਹਦੇ। ਹੁਣ ਤੁਹਾਨੂੰ ਸਿਰਾਂ ਤੇ ਖਫਣ ਬਨ੍ਹਣੇ ਪੈਣਗੇ, ਤੁਹਾਨੂੰ ਆਪਣੀਆਂ ਫਾਸੀਆਂ ਆਪ ਚੁਕਣੀਆਂ ਪੈਣਗੀਆਂ ਤੇ ਪੰਜਾਬ ਦੇ ਹਰ ਘਰ ਵਿਚੋਂ ਈਸਾ ਵਾਂਗ ਆਪ ਸਲੀਬ ਚੁਕੀ, ਹਰ ਜੀਤ ਤੇ ਫਿਕਰ ਬਲੇ ਆਪਣੀ ਸਲੀਬ ਤੇ ਆਪ ਹੀ ਲਟਕਿਆਂ ਨਜਰ ਆਵੇਗਾ। ਇਹ ਕਿਉਂ ? ਕਿਉਂਕਿ ਮੈਂ ਤੁਹਾਨੂੰ ਇਕ ਨਵੀਂ ਜ਼ਿੰਦਗੀ ਦੇਣ ਲਗਾ ਹਾਂ। ਨਵਾਂ ਰਾਹ ਵਖਾਣਾਂ ਚਾਹੁੰਦਾ ਹਾਂ ਜਿਹੜਾ ਤੁਸੀਂ ਭੁਲ ਚੁਕੇ ਹੋ। ਇਹ ਸਨ ਉਸ ਮਹਾਨ ਆਤਮਾ ਦੇ ਸ਼ਬਦ ਜਿਸਨੇ ਕੂਕਾ ਤਹਿਰੀਕ ਚਲਾ ਇਕ ਉਸਾਰੂ ਇਨਕਲਾਬ ਦੀ ਨੀਂਹ ਰਖੀ।

ਗੁਰੂ ਰਾਮ ਸਿੰਘ ਇਕ ਧਾਰਮਿਕ ਆਗੂ ਹੀ ਨਹੀਂ ਸਨ ਉਹ ਇਕ ਉਹ ਮਹਾਨ ਆਤਮਾ ਸਨ ਜਿਨ੍ਹਾਂ ਖੋਹੀ ਅਜ਼ਾਦੀ ਨੂੰ ਫਿਰ ਲੇਣ ਲਈ ਨਵਾਂ ਰਾਹ ਬਣਾਏ। ਹਰ ਨਵਾਂ ਇਨਕਲਾਬ ਕਰਨ ਵਾਲਾ ਪਿਛਲੀਆਂ ਹੋ ਬੀਤੀਆਂ ਘਟਨਾਵਾਂ ਨੂੰ ਵਿਚਾਰਦਾ ਹੈ ਤੇ ਉਨਾਂ ਦੀਆਂ ਉਣਤਾਈਆਂ ਦੇ ਕਾਰਨ ਲਭ ਆਪਣੇ ਨਵੇਂ ਰਾਹ ਸਾਫ ਕਰਦਾ ਹੈ। ਗੁਰੂ ਰਾਮ ਸਿੰਘ ਨੇ ਵੇਖਿਆ ਕਿ ਹਿੰਦ ਦੇ ਹਰ ਧੜਕਦੇ ਦਿਲ ਦਾ ਲਹੂ, ਪਾਣੀ ਹੁੰਦਾ ਜਾਂਦਾ ਹੈ ਤਾਂ ਉਹਨਾਂ ਆਪਣ ਕਿਰਤੀ ਅਤੇ ਕਿਰ-ਸਾਨਾਂ ਨੂੰ ਇਕਠਾ ਕਰਕੇ ਉਹਨਾਂ ਵਿਚ ਜਿਉਂਦੇ ਰਹਿਣ ਦੀ ਸਪਿਰਟ ਪੈਦਾ ਕੀਤੀ। ਉਹਨਾਂ ਨੂੰ ਇਕ ਸੈਂਟਰ ਤੇ ਕੱਠਾ ਕਰ ਉਹਨਾਂ ਵਿਚ ਤਿਆਗ ਤੇ ਕਿਸੇ ਹੋਣੀ ਨਾਲ ਟੱਕਰ ਲੈਣ ਲਈ ਤਿਆਰ ਕੀਤਾ। ਦੇਸ਼ ਸੇਵਾ ਲਈ ਇਕ ਨਵੀਂ ਲਹਿਰ ਨੂੰ ਜਨਮ ਦੇਣ ਲਈ ਗੁਰੂ ਰਾਮ ਸਿੰਘ ਨੇਂ ਕਫਨ ਬਦੋਸ਼ਾਂ ਦੀ ਇਕ ਜਮਾਤ ਤਿਆਰ ਕੀਤੀ ਜਿਸਨੂੰ ਕੂਕਿਆਂ ਦਾ ਨਾਂ ਦਿਤਾ ਗਿਆ। ਹਰ ਕੂਕੇ ਨੂੰ ਤਿਆਗ ਤੇ ਪਰਚਾਰ ਦਾ ਸਾਂਝਾ ਉਪਦੇਸ਼ ਦੇ ਪੰਜਾਬ ਦੇ ਹਰ ਪਿੰਡ ਵਿਚ ਇਕ ਸੈਂਟਰ ਕਾਇਮ ਕਰਕੇ

ਹਿੰਦ ਵਿਚ ਇਕ ਨਵੇਂ ਇਨਕਲਾਬ ਦੀ ਨੀਂਹ ਰਖੀ। ਕਈ ਅਜਦੇ ਇਤਿਹਾਸਕਾਰ ਆਖਦੇ ਹਨ ਕਿ ਗੁਰੂ ਰਾਮ ਸਿੰਘ ਜੀ ਨੇ ਸਿਰਫ ਇਹ ਕੰਮ ਇਕ ਧਾਰਮਕ ਆਗੂ ਵਾਂਗ ਕੀਤਾ। ਨਹੀਂ ਬਲਕਿ ਇਕ ਸੁਲਝੇ ਹੋਏ ਇਨਕਲਾਬੀ ਵਾਂਗ ਸਾਰੇ ਪੰਜਾਬ ਦੇ ਪਿੰਡ ਪਿੰਡ ਨੂੰ ਇਕ ਸਾਂਝੀ ਲੜੀ ਵਿਚ ਪਰੋ ਇਕ ਸੈਂਟਰ ਥਲੇ ਲਿਆ ਖੜਾ ਕੀਤਾ।ਇਸ ਆਰਗਨਾਏਜ਼ੇਸ਼ਨ ਨੇ ਬਦੇਸ਼ੀ ਹਕੂਮਤ ਨੂੰ ਆਪਣੇ ਦੇਸ਼ ਵਿਚੋਂ ਕਢਣ ਲਈ ਨਵੀਆਂ ਸਕੀਮਾਂ ਤਿਆਰ ਕੀਤੀਆਂ। ਉਹ ਸਕੀਮਾਂ ਸਨ ਕੌਮਰਸ਼ਲ ਤੇ ਸੋਸ਼ਲ ਬਾਈਕਾਟ। ਇਸ ਦੇ ਨਾਲ ਉਸ ਹਕੂਮਤ ਨੂੰ ਨਕਾਰਾ ਕਰਨ ਲਈ ਆਪਣੀ ਮਤਵਾਜ਼ੀ ਹਕੂਮਤ ਤਿਆਰ ਕੀਤੀ। ਆਪਣੇ ਡਾਕਖਾਨੇ ਆਪਣੀਆਂ ਕਚੈਹਰੀਆਂ, ਆਪਣੇ ਜਜ, ਬਨਾਕੇ ਪੰਜਾਬ ਵਿਚ ਸਾਂਝੀ ਵਾਲਤਾ ਦੀ ਗੋਰਮਿੰਟ ਦੀ ਨੀਹ ਰਖੀ। ਤੇ ਪੰਜਾਬ ਵਾਸੀਆਂ ਨੂੰ ਅਮਲੀ ਜ਼ਿੰਦਗੀ ਦਾ ਜੀਉਣਾਂ ਸਿਖਾਇਆ।

ਪੰਜਾਬ ਦੇ ਹਰ ਘਰ ਘਰ ਤੇ ਪਿੰਡ ਪਿੰਡ ਛੈਣਿਆਂ ਦੀਆਂ ਆਵਾਜ਼ਾਂ ਨਾਲ ਦੇਸ ਦਿਆਂ ਦਰਦੀਆਂ ਨੇ ਸੱਦੇ ਦਿਤੇ। ਸੁਤਿਆਂ ਨੂੰ ਝੂਣ ਜਗਾਇਆ। ਧੁਖਦੇ ਦਿਲਾਂ ਵਿਚ ਇਕ ਵਾਰੀ ਫਿਰ ਭਾਂਬੜ ਬਾਲ ਦਿਤੇ। ਜਨਤਾਂ ਨੇ ਆਪਣੇ ਮਾਹਬੂਬ ਗੁਰੂ ਰਾਮ ਸਿੰਘ ਦੇ ਹਰ ਇਸ਼ਾਰੇ ਨੂੰ ਦਰਗਾਹੀ ਹੁਕਮ ਮਨਕੇ ਛਡੀਆਂ ਸਾਹਰਾਹਾਂਵਾਂ ਨੂੰ ਫਿਰ ਚਹੀਟਾਂ ਪਾ ਦਿਤਿਆਂ। ਵਕਤੀ ਹਕੂਮਤ ਦੇ ਕੰਨ ਖੜੇ ਹੋ ਚੁਕੇ ਸਨ। ਉਸ ਨੂੰ ਪਤਾ ਲਗ ਚੁਕਾ ਸੀ ਕਿ ਇਹ ਨਵੀ ਸੁਲਘੀ ਅਗ ਜਵਾਲਾ ਮੁਖੀ ਦਾ ਰੂਪ ਧਾਰਨ ਕਰਨ ਵਾਲੀ ਹੈ, ਤਾਂ ਉਸ ਹਕੂਮਤ ਨੇ ਉਠਦੇ ਜਵਾਲਾ ਮੁਖੀਦੀਆਂ ਲੂਬੀਆਂ ਨੂੰ ਮਾਸੂਮ ਕੂਕਿਆਂ ਦੀਆਂ ਸਿਰੀਆਂ ਨਾਲ ਬੰਦ ਕਰਨ ਦਾ ਜਤਨ ਕੀਤਾ। ਤੋਪਾਂ ਦਿਆਂ ਗੋਲਿਆਂ ਨੇ ਨਵੇਂ ਰਾਹੀਆਂ ਦੇ ਰਾਹੀਆਂ ਦੇ ਰਾਹਾਂ ਵਿਚ ਕਈ ਰੋਕਾਂ ਅਟਕਾਈਆਂ ਪਰ ਬਹਾਦਰਾਂ ਨੇ ਆਪਣੇ ਸੀਨਿਆਂ ਨਾਲ ਤੋਪਾਂ ਦ ਮੂਹ ਭਵਾ ਦਿਤੇ ਤੇ ਉਸ ਨਵੇ ਬਣੇ ਰਾਹ ਨੂੰ ਉਸ ਵੇਲੇ ਤਕ ਨਹੀਂ ਛਡਿਆ ਜਦ ਤਕ ਆਪਣੀ ਰੁਸੀ ਦੇਵੀ ਨੂੰ ਮੁੜ ਝੋਲੇ ਪਾ,ਲੈ ਨਹੀ ਆਂਦਾ।

ਅਜ ਵਧਾਈ ਆ ਰਹੀ

ਬਖਸ਼ੀਸ਼ ਸਿੰਘ ਪੰਜਾਬੀ ਡਰਾਇੰਗ ਟੀਚਰ ਸਿਰਸਾ

ਅੱਜ ਆਸਾ ਦੀ ਕਲੀ ਹੈ ਖਿਲ ਰਹੀ,
ਢੂੰਡ ਸੀ ਜਿਸ ਚੰਜ਼ ਦੀ ਉਹ ਮਿਲ ਗਈ।
ਮਿਲ ਰਿਆ ਹੀਰਾ ਅਨੋਖੇ ਮੁਲ ਦਾ,
ਕੋਈ ਨਾ ਦਿਸੇ ਜਗ ਵਿਚ ਉਸ ਤੁਲ ਦਾ।
ਬਾਗਾਂ ਦੇ ਵਿਚ ਮੋਰ ਪੈਲਾਂ ਪਾ ਰਹੇ,
ਆਂਉਦੇ ਜਾਂਦੇ ਰਾਹੀਆਂ ਨੂੰ ਮਸਤਾ ਰਹੇ।
ਮਸਤ ਕੋਇਲ ਗੀਤ ਜੋ ਹੈ ਗਾ ਰਹੀ,
ਹੈ ਚੌਤਰਫੋਂ ਅਜ ਵਧਾਈ ਆ ਰਹੀ
ਅਜ ਪੰਜਾਬੀ ਵਿਚ ਖੁਸ਼ੀ ਮਖਮੂਰ ਹੈ,
ਕਿਉਂ ਜੋ ਜਗ ਵਿਚ ਚਮਕਿਆ ਅਜ ਨੂਰ ਹੈ
ਆਓ ਤਕੋ ਸੋਹਣੀ ਇਸ ਤਸਵੀਰ ਨੂੰ,
ਚੰਦ ਪੂਨਮ ਦੇ ਪੀਰਾਂ ਦੇ ਪੀਰ ਨੂੰ

ਗਿ: ਮੋਹਰ ਸਿੰਘ ਜੀ ਗੀਵਾੜੀ

"ਨਾਨਕ ਤਿਨਾ ਬਸੰਤ ਹੈ"

ਨੂਰਾਨੀ ਜੋਤ ਤੇ ਮਨੁਖਤਾ ਦੇ ਬਾਨੀ ਪਹਿਲੇ ਬਾਪੂ ਨਾਨਕ ਨੇ ਆਪਣੀ ਮਧੁਰ ਬਾਣੀ ਵਿਚ ਭਵਿਸ਼ ਬਾਣੀ ਕਹਦੇ ਕਿਹਾ ਸੀ "ਨਾਨਕ ਤਿਨਾ ਬਸੰਤ ਹੈ, ਜਿਨ ਘਰ ਵਸਿਆ ਕੰਤ। ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸ ਫਿਰੇ ਜਲੰਤ" ਤੇ ਹਾਂ ਫਿਰ "ਕੰਤ ਬਸੰਤ ਨੂੰ ਆਇਆ"

ਇਹ ਕੰਤ ਤ੍ਰੇਤੇ ਵਿਚ ਵੀ 'ਰਾਮ' ਬਣਕੇ ਆਇਆ ਸੀ ਪਰ ਉਦੋਂ 'ਰਾਜਾ ਰਾਮ' ਸੀ। ਮਨੁਖਤਾ ਦੀਆਂ ਸਧਰਾਈਆਂ ਬਾਹਵਾਂ ਇਸੇ 'ਰਾਜ ਰਾਮ' ਦੀ ਕਰਵਟਣੀ ਤਕ ਆਪਹੁੰਚ ਹੀ ਰਹੀਆਂ। ਉਸ ਵੇਲੇ ਵੀ ਜਰਵਾਣੇ ਦੀਆਂ ਨੀਤੀਆਂ ਨੇ ਇਸ 'ਰਾਮ' ਨੂੰ ਜਲਾ-ਵਤਨ ਕੀਤਾ ਸੀ। ਪਰ ਮਨੁਖਤਾ ਦਾ ਬਾਨੀ, ਹੰਕਾਰੀਆਂ ਦੇ ਸਿਰ ਨਿਵਾ 'ਰਾਵਨ' ਦੀ ਦੁਸ਼ਟ ਨੀਤੀ ਦਾ ਖਾਤਮਾ ਕਰ, ਆਪਣੀ ਨਗਰੀ ਵਿਚ ਪਧਾਰੇ। ਉਦੋਂ ਵੀ ਮਨੁਖਤਾ ਤੇ ਬਸੰਤ ਆਈ ਸੀ।

ਸਦੀਆਂ ਤੋਂ ਆ ਰਹੀ ਬਸੰਤ ਨੇ ਪੰਜਾਬ ਦੀ ਨਿਰਾਲੀ ਧਰਤੀ ਨੂੰ ਇਕ ਪਾਵਨ ਤੇ ਪਵਿਤ੍ਰ ਅਮੁਲੀ ਦਾਤ ਬਖਸ਼ੀ ਇਹ ੧੮੧੬ ਈ: ਦੀ ਸ਼ੁਭ ਪਰਭਾਤ ਸੀ ਊਸ਼ਾ ਦੀ ਲਾਲੀ ਮਿਠੀ ਫੁਹਾਰ ਲੈਕੇ ਇਸ ਜੀਵਨ ਦਾਤੇ ਨੂੰ ਜੀਉ ਆਇਆਂ ਕਹਿ ਰਹੀ ਸੀ। "ਕੰਤ ਆਇਆ ਤੇ ਸਖੀਆਂ ਨੇ ਬਿਹਬਲ ਹੋਕੇ ਇਸ ਅਨੋਖੇ ਕੰਤ ਨੂੰ ਜੀ ਆਇਆਂ ਕਿਹਾ।

ਪਹਿਲਾ ਬਾਪੂ ਉਚ ਘਰਾਣੇ ਵਿਚ ਜਨਮ ਲੈਕੇ ਭਾਈ 'ਲਾਲੋ' ਦੀ ਕੁਲੀ ਨੂੰ ਭਾਗ ਲਾਣ ਗਿਆ ਸੀ। ਉਸ ਕੋਧਰੇ ਦੀ ਰੋਟੀ ਵਿਚੋਂ ਨਿਕਲੀ ਦੁਧ ਦੀ ਧਾਰਾ, ਸਚ ਮੁਚ ਇਕ ਅਨੋਖੀ ਧਾਰਾ ਸੀ, ਜੋ ਫਿਰ ਚਮਕੀ ਨਿਕਲੀ ਤੇ ਉਸਦੇ ਕਿਣਕਿਆਂ ਨੇ ਬਾਹਰਵੇਂ ਰੂਪ ਵਿਚ ਜਨਮ ਲਿਆ।

"ਕਲਿਜੁਗ ਵਿਚ ਸਤਿਜੁਗ ਵਰਤਾਊਂ,
ਤਬੀ ਬਾਹਰਵਾਂ ਬਪ ਕਹਾਊਂ।
ਕਲਜੁਗ ਵਿਚ ਸਤਿਜੁਗ ਆਇਆ।

ਸਧਾਰਣ ਭਾਈ ਜਸਾ ਸਿੰਘ ਦਾ ਜਸ ਅਮਰ ਹੋ ਗਿਆ ਤੇ ਸਦਾ ਕੌਰ ਦੀ ਦੁਨੀਆਂ ਸਦੀਵੀ ਮਹਿਕਦੀ ਰਹੇਗੀ।

ਅਜ ਫਿਰ 'ਬਸੰਤ' ਦੀਆਂ ਮਿਠੀਆਂ ਲੋਰੀਆਂ ਮਾਣ ਰਹੇ ਦੇਸ਼ ਵਾਸੀਆਂ ਨੂੰ ਆਪਣੇ ਅਸਲੀ ਕੰਤ ਦੀ ਯਾਦ ਕਰਾਣਾ ਚਾਹੁੰਦਾ ਹਾਂ। ਅਜ ਅਸੀਂ ਸੁਤੰਤਰ ਹਾਂ ਪਰ ਜਿਸਨੇ ਪੰਜਾਬੀਆਂ ਦੀ ਗੈਰਤ ਨੂੰ ਠੋਕਰ ਲਾਕੇ ਲਲਕਾਰਿਆ ਸੀ, ਕਿ ਬਹਾਦਰੋ 'ਪ੍ਰਾਧੀਨਤਾ ਦੇ ਜੀਵਨ ਨਾਲੋਂ ਮੌਤ ਅਛੀ ਹੈ' ਉਸਨੂੰ ਕੌਣ ਯਾਦ ਕਰੇਗਾ। 'ਤਿਲਕ' ਨੇ ਕਿਹਾ ਕਿ 'ਅਜ਼ਾਦੀ ਸਾਡਾ ਪੈਦਾਇਸ਼ੀ ਹੱਕ ਹੈ' ਉਸਦੀ ਬਰਸੀ ਵੀ ਹਰ ਸਾਲ ਮਨਾਂਦੇ ਹਾਂ, ਪਰ ਜਿਸਨੇ ਸਮੁਚੇ ਭਾਰਤ ਦੀ ਆਤਮਾ ਨੂੰ ਬਦਲਕੇ ਬਦੇਸ਼ੀ ਸਾਮਰਾਜ ਦੀ ਕੁਟਲ-ਨੀਤੀ ਦਾ ਖਾਤਮਾ ਕੀਤਾ, ਉਸ ਮਹਾਨ ਆਤਮਾ ਨੂੰ ਦੇਸ਼ ਵਾਸੀ ਭੁਲਾ ਰਹੇ ਹਨ।

ਕੂਕਿਆਂ ਦੀਆਂ ਕੂਕਾਂ ਸੁਣਕੇ ਇਸ ਦੇਸ਼

Sri Satguru Jagjit Singh Ji Elibrary NamdhariElibrary@gmail.com

ਦੀਆਂ ਖੇਤੀਆਂ ਵੀ ਸਰਸਬਜ਼ ਹੋ ਗਈਆਂ ਪਰ ਸਾਮਰਾਜ ਦੀ ਛਾਤੀ ਵਿਚ ਇਹ ਕੂਕਾਂ ਬੰਦੂਕ ਬਣਕੇ ਵਜਦੀਆਂ ਸਨ।

'ਗਾਂਧੀ' ਜੀ ਨੂੰ ਨਾ-ਮਿਲਵਰਤਨ ਦੀ ਲਹਿਰ ਦਾ ਬਾਨੀ ਕਿਹਾ ਜਾਂਦਾ ਹੈ, ਪਰ ਲਾਸਾਨੀ ਬਾਪੂ ਨੇ ਉਸ ਵੇਲੇ ਨਾ-ਮਿਲਵਰਤਨ ਦਾ ਨਾਹਰਾ ਲਗਾਇਆ ਜਦੋਂ ਕਿ ਕਾਂਗਰਸ ਦਾ ਜਨਮ ਵੀ ਨਹੀਂ ਸੀ ਹੋਇਆ।

ਓਹ ਕਹਿੰਦੇ ਸਨ, "ਨਾਮ ਜਪੋ, ਵੰਡ ਛਕੋ, ਰਬ ਤੋਂ ਡਰੋ, ਕੋਈ ਮਾੜਾ ਕੰਮ ਨਾ ਕਰੋ, ਬਦੇਸ਼ੀ ਬਸਤਰ ਨਾ ਪਾਉ, ਹਥੀਂ ਕਤੋ ਤੇ ਹਥੀ ਕਪੜੇ ਤਿਆਰ ਕਰੋ, ਆਪਣੀ ਮਾਤ ਬੋਲੀ ਨਾਲ ਪਿਆਰ ਕਰੋ, ਮਿਲਕੇ ਬੈਠੋ, ਅਦਾਲਤਾਂ ਵਿਚ ਨ ਜਾਉ, ਸਰਕਾਰੀ ਨੌਕਰੀ ਨ ਕਰੋ, ਮੇਹਨਤ ਕਰਕੇ ਖਾਉ ਤੇ ਕਿਸੇ ਦਾ ਲਹੂ ਨ ਪੀਉ।

ਫੌਜਾਂ ਵਾਲੇ ਦੀ ਫੌਜ ਵਿਚ ਭਰਤੀ ਹੋਣ ਵਾਲੇ ਅਨੋਖੇ ਪ੍ਰੀਤਮ ਨੇ ਇਕ ਪ੍ਰਵਾਨਿਆਂ ਦੀ ਫੌਜ ਤਿਆਰ ਕੀਤੀ ਜਿਨਾਂ ਨੇ ਇਸ ਲਹਿਰ ਨੂੰ ਦੇਸ਼ ਦੇ ਕੋਨੇ ਕੋਨੇ ਵਿਚ ਗੂੰਜਾਇਆ। ਬਦੇਸ਼ੀਸਾਮਰਾਜ ਦੇ ਕੰਨ ਖੜੇ ਹੋ ਗਏ। ਇਸ ਸ਼ਮਾ ਦੇ ਚੁਗਿਰਦੇ ਪ੍ਰਵਾਨਿਆਂ ਦੇ ਇਕੱਠ ਨੂੰ ਬਾਗ਼ੀ ਕਰਾਰ ਦਿਤਾ ਗਿਆ ਪਰ "ਭੈਣੀ ਆਲਾ" ਦੀ ਧਰਤੀ 'ਸਾਹਿਬ' ਬਣ ਗਈ ਇਹ 'ਬਸੰਤ' ਦੇਸ਼ ਵਾਸੀਆਂ ਤੇ ਬਹਾਰ ਬਣ ਕੇ ਚਮਕੀ 'ਅਲਾਹ ਬਾਦ' ਤੇ 'ਰੰਗੂਨ' ਦੀਆਂ ਪਥਰੀਲੀਆਂ ਦੀਵਾਰਾਂ ਵੀ ਇਸ 'ਸਦੀਵੀ' ਅਵਾਜ਼ ਨੂੰ ਨ ਦਬਾ ਸਕੀਆਂ ਉਹ ਉਸ ਵੇਲੇ ਵੀ ਗੂੰਜਦੀ ਸੀ ਤੇ ਅਜ ਵੀ ਗੂੰਜ ਰਹੀ ਹੈ। ਆਉ "ਕੰਤ ਵਾਲਿਓ ਇਸ ਨਿਰਾਲੀ ਬਸੰਤ ਨੂੰ ਜੀਉ ਆਇਆ ਆਖੀਐ ਤੇ ਪਰਣ ਕਰੀਏ ਕਿ ਮਨੁਖਤਾ ਦੀ ਸੇਵਾ ਹੀ ਉਸ 'ਬਸੰਤ' ਵਾਲੇ ਦਿਨ ਆਉਣ ਵਾਲੇ ਪ੍ਰੀਤਮ ਨੂੰ ਰਿਝਾ ਸਕਦਾ ਹੈ। ਤੇ ਜਿਸ ਕੰਤ ਦਾ 'ਪ੍ਰਤਾਪ, ਅਜ ਵੀ ਸਡੇ ਕੋਲ ਹੋਵੇ ਫਿਰ ਉਹ ਸਖੀਆਂ ਝੂਰਨ ਕਿਓਂ ?"ਨਾਨਕ ਤਿੰਨਾ ਬਸੰਤ ਹੈ ਜਿੰਨ ਘਰ ਵਸਿਆ ਕੰਤ" ਸਾਡਾ ਕੰਤ ਤਾਂ ਸਾਡੇ ਘਰ ਵਸਦਾ ਹੈ।

—ੜ੦—ੜ

ਆਈ ਫੇਰ ਬਹਾਰ

[ਕਾਕਾ ਦਰਬਾਰਾ ਸਿੰਘ ਸੈਦੋਵਾਲਾ

ਜਦ ਰਾਜ ਜੁਲਮ ਸੋ ਹੋ ਰਿਹਾ, ਉਦੋਂ ਨਹੀਂ ਸੀ ਕੋਈ ਸਹਾਏ।
ਉਦੋਂ ਧਰਤੀ ਥਰ ਥਰ ਕੰਬਦੀ, ਤੇ ਕਰਦੀ ਹਾਏ ਹਾਏ।
ਫਿਰ ਜੁਲਮ ਰਾਜ ਮਿਟੌਣ ਨੂੰ, ਆਏ ਚੀਨੀ ਦੇ ਅਸਵਾਰ।
ਮਾਤ ਪਿਤਾ ਨੂੰ ਮਿਲਣ ਵਧਾਈਆਂ, ਘਰ ੨ ਖੁਸ਼ੀਆਂ ਹੋਣ ਅਪਾਰ।
ਚੀਨੀ ਵਾਲਾ ਪ੍ਰਗਟ ਹੋਇਆ, ਸ਼ਬਦ ਗਾਉਣ ਮਿਲਕੇ ਨਰ ਨਾਰ।
ਗੁਰੂ, ਨਵਾਂ ਹੀ ਪੰਥ ਰਚਾਇਆ, ਮੂੰਹੋਂ ਕਹਿਕੇ ਸਤਿ ਕਰਤਾਰ।
ਹਥਾਂ ਵਿਚ ਸੀ ਮਾਲਾ ਸੋਹੰਦੀ, ਸੀਸ ਪਰ ਸੋਹੇ ਦਸਤਾਰ।
ਪਤ ਝੜ ਨੇ ਹੈ ਡੇਰਾ ਪੁਟਿਆ, ਆਈ ਬਸੰਤੀ ਫੇਰ ਬਹਾਰ।

Sri Satguru Jagjit Singh Ji Elibrary NamdhariElibrary@gmail.com

(ਭੁਮਣ ਸਿੰਘ 'ਕੰਵਲ ਨੈਰੋਬੀ ਅਫਰੀਕਾ)

ਸਤਿਗੁਰੂ ਰਾਮ ਸਿੰਘ ਜੀ ਅਤੇ ਭਾਰਤ ਵਰਸ਼

'ਭਾਰਤ' ਸਭਤੋਂ ਪੁਰਾਣਾ ਅਤੇ ਮਹਾਤਮਾ ਉਪਜਾਊ ਦੇਸ਼ ਹੈ। ਜੇਹੋ ਜੇਹੇ ਮਹਾਂ ਪੁਰਸ਼ ਇਸ ਧਰਤੀ ਤੇ ਹੋਏ ਹਨ ਓਹੁ ਹੋਰ ਕਿਤੇ ਮਸਾਲਨਹੀ ਮਿਲਦੀ,ਲਗ ਭਗ ੬-੭ ਹਜਾਰ ਬਰਸ ਤੋਂ ਵਿਆਸ ਜੀ ਦੁਆਰਾ ਕਈ ਇਕ ਗ੍ਰੰਥਾਂ ਦਾ ਸੰਗ੍ਰਹਿ ਮਿਲਦਾ ਹੈ। ਇਸ ਵਿਚਾਰ ਤੋਂ ਪ੍ਰਗਟ ਹੈ ਕਿ ਲਖਾਂ ਬਰਸਾਂ ਤੋਂ ਭਾਰਤ ਵਰਸ਼ ਵਿੱਚ ਵੱਕਤ ਨੂੰ ਸੰਭਾ-ਲਣ ਲਈ ਸਮੇ ੨ ਮਹਾਂ ਪੁਰਸ਼ ਆਪਨੀ ਅਲੌਕਕ ਸ਼ਕਤੀ ਦੁਆਰਾ ਪ੍ਰਗਿਟ ਹੁੰਦੇ ਆਏ ਹਨ ਯਥਾ "ਜਬ ਜਬ ਹੋਤ ਅਰਿਸਟ ਅਪਾਰਾ ਤਬ ਤਬ ਦੇਹ ਧਰਤ ਅਵਤਾਰਾ" ਗੁਰੂ ਨਾਨਕ ਦੇਵ ਜੀ ਨੇ ਭਿਆਨਕ ਕਲ-ਜੁਗ ਵਿਚ, ਜਦੋਂ ਕਿ ਰਾਜ ਕਰਮਚਾਰੀ ਆਪ ਹੁਦਰੇ ਹੋਕੇ ਗ੍ਰੀਬ ਪ੍ਰਜਾ ਤੇ ਅਤਿਆ ਚਾਰ ਕਰ ਰਹੇ ਸਨ, ਉਸ ਵੇਲੇ ਗਊ ਗ੍ਰੀਬ ਦੀ ਰਖਿਆ ਹਿਤ ਕਾਲੂ ਵੇਦੀ ਖਤ੍ਰੀ ਦੇ ਘਰ, ਰਾਏ ਭੋਏ ਦੀ ਤਲਵੰਡੀ ਅਵਤਾਰ ਧਾਰਿਆ। ਤੇ ਆਪਣਾਂ ਪ੍ਰਚਾਰ- ਜੇਹੜਾ ਕਿ ਗ੍ਰੀਬਾਂ ਦੀ ਦੁਨੀਆਂ ਨੂੰ ਉਚਿੱਆਂ ਕਰਨ ਦਾ ਸੀ ਅਰੰਭ ਦਿਤਾ। ਭਾਵੇਂ ਇਸ ਕੰਮ ਵਿੱਚ ਔਕੜਾਂ ਬਹੁਤ ਸਨ, ਫਿਰ ਭੀ ਓਨ੍ਹਾਂ ਨੇ ਅਪਣਾ ਸੱਚਾ ਸਿਧਾਂਤ ਨਹੀਛਡਿਆ, ਬਲਕੇ ਇਕ ਤੋਂ ਦੂਸਰਾ ਦੂਜੇਤੋਂ ਤੀਜਾ ਇਸਤ੍ਰਾਂ ਗੁਰ ਪ੍ਰਨਾਲੀ-ਗੱਦੀ ਚਾਲੂ ਕਰ ਦਿਤੀ, ਇਸ ਲਈ ਕਿ ਪ੍ਰਚਾਰ ਦਾ ਸਿਲਸਿਲਾ ਮੁਕ ਨਾ ਜਾਵੇ, ਅਤੇ ਅਨਿਆਈ ਜ਼ਾਲਿਮ ਅਸੁਰਾਂ ਦੇ ਸਾਹਮਣੇ 'ਸੁਰ' ਦੈਵੀ ਗੁਣਪ੍ਰਚਲਤ ਕਰ ਦਿਤੇ, ਜੋ ਅੱਜ ਤੱਕ ਚਲੇ ਆ ਰਹੇ ਹਨ। ਅੱਛਾ-ਬੁਰਾ ਜੱਗ ਤੇ ਪਹਿਲਾਂ ਤੋਂ ਹੀ ਹੈ ਅਗੋਂ ਹੋਵੇਗਾ ਜੇ ਬੁਰਾਈ ਨਹੀ ਤਾਂ ਅਛਾਈ ਦਾ ਵੀ ਥੌਹ ਨਹੀ ਲਗਦਾ ਇਹ ਨਿਯਮ ਹੈ। ਪਰ ਨੇਕੀ ਜਗਤੇ ਅੰਮ੍ਰਤ ਫਲ ਹੈ ਤੇਬੁਰਾਈ ਬਿਖ ਫਲ ਹੈ ਜੈਸੇ ਸਤਿਗੁਰੂ ਰਾਮ ਸਿੰਘ ਅਤੇ ਰਿਆਸਤੀ ਰਾਜੇ। ਮਹਾਤਮਾਂ ਗਾਂਧੀ ਅਤੇ ਨਾਥੂ ਰਾਂਮ ਗੋਡਸੇ। ਪੁਰਾਤਨ ਰਾਮ ਅਤੇ ਰਾਵਣ, ਕੈਰੋਂ ਅਤੇ ਪਾਂਡਵ ਇਤਆਦ। ਸਾਧੂ ਸਦਾ ਉਪਕਾਰ ਕਰਦੇ ਹਨ ਸਤਰੂ ਸ਼ਤ੍ਰਤਾ । ਗਾਂਧੀ ਨੂੰ ਲੋਗ ਮਹਾਤਮਾਂ ਕੈਹਕੇ ਬੁਲਾਂਦੇ ਹਨ, ਤੇ ਨਾਥੂ ਨੂੰ ਪਾਪੀ, ਇਸੀ ਤ੍ਰਾਂ ਹੋਰਨਾ ਨੂੰ ਸਮਝੋ, ਖੈਰ ਇਹ ਲੰਬੀ ਕਹਾਣੀ ਹੈ ਅਸੀ ਕੇਵਲ ਏਹ ਦੇਖਣਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਚਲਤ ਮਿਸ਼ਨ ਕਿਥੋਂ ਤਕ 'ਭਾਰਤ ਵਰਸ਼' ਵਿਚ ਕਾਮਯਾਬ ਰਿਹਾ।

ਕਈਆਂ ਲੋਕਾਂ ਦਾ ਇਹ ਖਿਆਲ ਹੈ ਕਿ ਗੁਰ ਗੋਬਿੰਦ ਸਿੰਘ ਜੀ ਅਪਣੇ ਮਨੋਰਥ ਵਿਚ ਅਸੱਫਲ ਰਹੇ। ਪਰ ਏਹ ਓਨ੍ਹਾਂ ਦਾ ਗਲਤ ਅਨੱਭਵ ਹੈ, ਕਿਓਕੇ ਜੇ ਗੁਰੂ ਜੀ ਸਫਲ ਨਾਂ ਹੁੰਦੇ ਤਾਂ ਸਿਖ ਪੰਥ ਬਿਲਕੁਲ ਖਤਮ ਹੋ ਜਾਣਾ ਚਾਹੀਦਾ ਸੀ, ਪਰ ਐਸਾ ਨਹੀਂ ਹੋਇਆ ਸਗੋਂ ਚੜਦੀਆਂ ਕਲਾਂ ਵਿਚ ਰਿਹਾ ਇਸ ਲਈ ਕਿ ਦਸਮ ਜੀ ਤੋਂ

ਬਾਦ ਗੁਰੂ ਬਾਲਕ ਸਿੰਘ ਜੀ ਨਾਮ ਬਾਣੀ ਦਾ ਉਪਦੇਸ਼ ਓਸੇ ਤਰਾਂ ਹੀ ਦੇਂਦੇ ਰਹ ਜਿਸ ਤਰਾਂ ਕਿ ਪਹਿਲੇ ਗੁਰੂ ਸਹਿਬਾਨ। ਗੁਰੂ ਗੋਇੰਦ ਸਿੰਘ ਜੀਦੇ 'ਨਦੇੜ' ਤੋਂ ਗੁਪਤ ਹੋ ਜਾਣ ਤੋਂ ਬਾਦ ਬਹੁਤਿਆਂ ਨੂੰ ਏਹੁ ਟਪਲਾ ਲਗਾ ਕਿ ਦਸਮੇਸ਼ ਜੀ ਜੋਤੀ-ਜੋਤ ਸਮਾ ਗਏ ਹਨ, ਇਸ ਕਰਕੇ ਜਿਧਰ ਜਿਸਦਾ ਜੀ ਕੀਤਾ ਉਠ ਤੁਰਿਆ, ਤੇ ਬਹੁਤ ਗਿਣਤੀ ਵਿਚ ਸਿੱਖੀ ਖੇਰੂੰ ਖੇਰੂੰ ਹੋਗਈ। ਕਿਓਂ "ਹੈਨਹੀਂ ਸਾਂਈ ਤਾਂ ਕਿਸਨੂੰ ਮਨਾਂਈ" ਅਰਥਾਤ "ਸ਼ਾਹ ਮੁਹੰਮਦਾਂ ਇਕ ਸਰਕਾਰ ਬਾਝੋਂ ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਜੀ' ਅਥਵਾ।

"ਬਿਨ ਗੁਰੁ ਸੰਗਤ ਹੈ ਇੱਤ ਕੋਇ ਨ।
ਯਥਾ ਨਿਰ ਪਤ ਸੈਨਾ ਹੋਇ ਨਾ।

ਏਹੁ ਗਲ ਹੋਗਈ। ਪਰ ਏਹੁ ਕਿਸੇ ਨੂੰ ਅਨ ਭੱਵ ਨਹੀਂ ਹੋਇਆ ਕਿ ਗੁਰੁ ਗਦੀ ਖਤਮ ਨਹੀਂ ਹੋਈ। ਗੁਰੂ ਦੀ ਕੈਹਣੀ, ਅਤੇ ਗੁਰੂ ਨੂੰ ਭੁਲ ਗਏ, ਪਰ 'ਗੁਰੂ' ਸਿੱਖਾਂ ਨੂੰ ਨਹੀਂ ਭੁਲਾਇਆ ਜਿਸ ਤਰਾਂ ਫਰੀਦ ਜੀਦਾ ਕੱਥਨ ਹੈ-"ਜੇ ਤੈਂ ਰੱਬ ਵਸਾਰਿਆ ਤਾ ਰੱਬ ਨਾ ਵਿਸਰ ਓਇ" ਭਾਵ-ਜੇ ਤੂੰ ਰੱਬ ਨੂੰ ਭੁਲਾ ਵਸਾਰ ਦਿਤਾ ਤਾਂ ਰੱਬ 'ਗੁਰੂ' ਨੇ ਤੈਨੂੰ ਨਹੀਂ ਭੁਲਾਇਆ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਕ ਨੂੰ ਪੂਰਾ ਕਰਨ ਹਿਤ-ਪੰਥ ਖਾਲਸਾ ਖੇਤੀ-ਮੇਰੀ ਕਰੰ ਸੰਭਾਲਣ ਮੈਂ ਤਿਸ ਬੇਰੀ" ਅਰਥਾਤ-ਰਾਮ ਸਿੰਘ ਮੇਰੋ ਹੋਇ ਨਾਮਾਂ। ਬਾਢੀ ਮੁੱਤ ਭੈਣੀ ਕੋ ਧਾਮਾਂ" ਮਾਘ ਸੁਦੀ ਪੰਚਮੀ ਸੰਮਤ ੧੮੭੨ ਮਾਤਾ ਸਦਾਂ ਤੇ ਪਿਤਾ ਜੱਸਾ ਸਿੰਘ ਪਿੰਡ ਰਾਈਆਂ [ਜਿਲਾ ਲੁਧਿਆਣਾ) ਵਿਚ ਪ੍ਰਕਾਸ਼ ਕੀਤਾ।

ਹੁਣ ਸਤਿਗੁਰੁ ਰਾਮ ਸਿੰਘ ਜੀ ਨੇ ਆਪਣੇ ਪੁਰਾਣੇ ਸਿਧਾਤ ਅਨੁਸਾਰ "ਗੁਰੂ ਬਿਨ ਘੋਰ ਅੰਧਾਰ ਗੁਰ ਬਿਨ ਸਮਝ ਨ ਆਵੇ-ਅਤੇ "ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧਿਰਗੰਤ ਜਨਮ ਭ੍ਰਸਟਣਹਿ, ਕੂਕਰਹਿ ਸੂਕਰਹਿ ਗਰੱਧਭਹ ਕਾਕਹ ਸਰਪਨਹਿ ਤੁਲ ਖਲੱਹ" (ਸਵੱਯੇ ਮਃ ਪੰਜਵੇ ਕੇ) ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰ ਧਾਰਣ ਕਰਕ ਆਪਣਾ ਕੰਮ ਅਰੰਭ ਕਰ ਦਿਤਾ, ਜਿਮੇ ਗੁਰੂ ਨਾਨਕ ਦੇਵ ਜੀ ਨੇ, "ਬਾਬੇ ਡਿੱਠੀ ਪਿਰਥਮੀ ਨਵੇਂ ਖੰਡ ਜਿਥੇ ਤੱਕ ਆਹੀ। ਤਿਵੇਂ ਅੰਤ੍ਰ ਧਿਆਨ ਹੋਕੇ ਦਖਿਆ ਤਾਂ ਗਊ ਰੂਪ ਸਿੱਖੀ ਨੂੰ ਬਦੇਸ਼ੀ ਬੁਚੜ ਗੱਲ ਵਿਚ ਜੰਜੀਰ ਪਾਕੇ ਖਿਚਕੇ ਗੁਲਾਮੀ ਦੇ ਕਿਲੇ ਨਾਲ ਬੰਨੀ, ਜਾ ਰਹੇ ਹਨ। ਸੱਚੇ ਮਾਲੀ ਨੂੰ ਆਪਣਾ ਸਿਖ ਪੰਥ ਬਰਬਾਦ ਹੁੰਦਾ-ਅਤੇ ਅਜ਼ਾਦ ਸ਼ੇਰ ਪਿੰਜਰੇ ਵਿਚ ਬੰਦ ਹੁੰਦਾ ਨਾ ਜਰ ਹੋਇਆ, ਤੇ ਇਸ ਤ੍ਰਾਂ ਅੱਨਭਵ ਕੀਤਾ-

ਯਥਾ-ਗਿਰ ਸੇ ਗਿਰਕੇ ਮਰਜਾਣ ਭਲਾ।
ਪੜ ਆਤਸ਼ ਮੇ ਜਰ ਜਾਨ ਭਲਾ।
ਮਰਨਾ ਰਣ ਅੰਗ ਤੁਮਾਮ ਭਲਾ।
ਪਰ ਜੀਵਨ ਨਾਹਿ ਗੁਲਾਮ ਭਲਾ।
ਅਰਥਾਤ-ਫਰੀਦਾ ਬਾਰ ਪਰਾਏ ਬੈਸਣਾ
ਸਾਂਈ ਮੁਝੇ ਨਾ ਦੇਹੁ
ਜੇ ਤੂੰ ਏਵੇਂ ਰਾਖਸੀ ਤਾ ਜੀਓ ਸਰੀਰਉ ਲੇਹੁ।

ਤੇ ਜੋਰਦਾਰ ਸ਼ਬਦਾਂ ਵਿਚ ਲਲਕਾਰਾ ਮਾਰਿਆ ਭਾਰਤ ਵਾਸੀ ਸੂਰਬੀਰੋ! ਉਠੋ ਜਿਮੇ ਗੁਰੂ ਗੋਬਿੰਦ ਸਿੰਘ ਜੀ ਨੇ ਹੁਸ਼ਆਰ ਪੁਰ ਵੇਜਵਾ ਦੇ ਦਰਵਾਜੇ ਤੇ ਪੈਹਰਾ ਦੇਂਦਿਆਂ ਭਾ: ਜੇਗਾ ਸਿੰਘ ਨੂੰ ਤਾਹਨਾਂ ਮਾਰਿਆ ਸੀ ਕਿ' ਤੇਰਾ ਹੈ ਕਛੈਹਰਾ ਰੈਹਤ ਦਸਮੋ ਗੁਰੂ

ਦੀ ਤੇਗ਼ੀ ਸੀਸ ਉਤੇ ਪੇਤ ਮਾਰੇ ਜਿੱਥੇ ਦਸਤਾਰ ਦੇ" ਸਿਖਹੋਸੇ ਗੁਰੂ ਗੋਬਿੰਦ ਸਿੰਘ ਦਾ ਤੇ ਮੁੜ ਰਵੇਸਵਾ ਦੇ ਦੁਆਰੇ ? ਸ਼ਰਮ ਕਰ ! ਅਮ੍ਰਿਤ ਦੀ ਲਾਜ ਰਖ, ਅਤੇ ਕਿਹਾ ਨਾਮ ਸਿਮਰੋ।

"ਜਿਸਅਮ੍ਰਿਤ ਮਨ ਹੋਤ ਅਨੰਦਾ
ਉਤੇ ਮਨੋ ਜੰਗੀਲਾ"

ਸਮਾਂ ਡਾਢਾ ਕਿਆਨਕ ਹੈ, ਵਿਸ਼ੇ ਅਗਨ ਵਿਚ ਜਲਕੇ ਤੜਫ ੨ ਕੇ ਮਰੋਗੇ ਸ੍ਰੀਰ ਤੇ ਕੋਹੜ ਫੁੱਟ ਪਊਗਾ। ਆਓ ਨਾਮ ਦੇ ਬੇੜੇ ਚੜ੍ਹੋ ਤੇ।

ਹੋਏ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਕਰਹੁ ਲਿਵ ਲਾਈ
ਹਰ ਨਾਮੇ ਕੇ ਹੋਵਹੁ ਜੋੜੀ,
ਗੁਰਮੁਖ ਬੇਸਹੁ ਸਫ਼ਾ ਵਛਾਇ,

ਹਜੂਰ ਦੇ ਇਨਾਂ ਅੰਮ੍ਰਿਤ ਮਈ ਬਚਨਾਂ ਨੇ ਮੁਰਦਿਆਂ ਵਿਚ ਜਾਨਾਂ ਪਾ ਦਿਤੀਆਂ। ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਇਉਂ ਲਿਖਦੇ ਹਨ

ਦੇਸ਼ ਨਮੈਂ ਧੂਮ ਮਾਚੀਸਾਚੀ ਇਮਤਾਹਿ ਤੱਬ,
ਆਵੈ ਲੋਗ ਸਿੱਖ ਥਾਵੈ ਅਜਮਾਵੈ ਤੈਸਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈਂ ਅਪਾਰ,
ਥੀਏ ਸਿਖ ਬੇ ਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨ ਬਾਈਤਿਨਅਕਬਰਸ਼ਾਹਨਿਆਈ,
ਉਨਕੀ ਜ਼ਬਾਨ ਮੈਂ ਤਸੀਰ ਥਾਈ ਵੈਸ ਹੀ।
ਨਰ ਨਾਰਿ ਸ਼ਬਦ ਅਪਾਰ ਪਢੇਂ ਗੁਰੂ ਕੇਰ,
ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ।
ਹਮਨ ਕਰੈਹੈਂ ਭੋਗ ਗ੍ਰੰਥ ਜੀਕੇ ਪੈਹੈਂ ਬਹੁ,
ਮੰਗਤੇ ਕੋ ਕੱਠ ਦੈਹੈਂ ਰੈ ਦੈਂ ਰਚਨਾ ਲਗੀ।
ਇਸਨਾਨ ਕਰ ਹੈਂ ਸਕੇਸ ਵੇਸ ਰਾਤ ਹੀ ਤੈਂ।
ਵਾਹਿਗੁਰੂ ਨਾਮ ਮਾਹਿ ਰਾਖੈਂ ਰਸਨਾ ਪਗੀ।
ਰਾਖ ਹੈ ਪੁਸ਼ਾਕ ਪਾਕ, ਸੁਲਤ ਉਰਣ ਮਾਲ।
ਕੱਛ, ਕੜਾ, ਕ੍ਰਦ ਮ੍ਰਦ, ਨਾਰਿ ਸਭ ਜੇਤਗੀ।
ਬਿਨਾਨਾਮਧਾਰੀ ਅੰਨ ਜਲ ਰੋਟੀ ਬੇਟੀਵਾਰੀ।
ਸਾਂਝ ਰਾਖਐ ਨਾ ਕਾਹੂ ਸੰਗ ਜੱਗ ਮੈਂ ਸਗੀ।

ਸ੍ਰੀ ਭੈਣੀ ਸਾਹਿਬ ਨੂੰ ਜਥੇਆਂ ਦੇ ਜੱਥੇ ਤੁਰ ਪਏ ਅਤੇ ਭੌਰੇ ਬਣਕੇ ਚਰਨ ਕੰਵਲਾਂ ਦਾ ਰਸ ਮਾਨਣ ਲੱਗ ਪਏ। ਗੁਰ ਮੰਤ੍ਰ ਕੰਨ ਰਾਹੀ ਲੈਕੇ ਮਸਤਾਨੇ ਬਣ ਗਏ, ਮੰਤ੍ਰ ਕੀ ਮਿਲਿਆ ਮਾਨੋਂ ਨੌ ਨਿੱਧੀਆਂ ਅਠਾਰਾਂ ਸਿੱਧੀਆਂ ਪ੍ਰਾਪਤ ਹੋ ਗਈਆਂ। ਹੋਣ ਵੀ ਕਿਉਂ ਨਾ—ਪੂਰੇ ਗੁਰੂ ਜੀ ਮਤਿ। ਅਧੂਰੀ ਨਹੀਂ ਸੀ—ਕਬੀਰ ਨੇ ਕਿਹਾ ਹੈ ਮਾਇ ਮੂੰਡਉ ਤਿਸ ਗੁਰੂ ਕੀ ਯਾਤੇ ਭਰਮ ਨਾ ਜਾਇ। ਆਪ ਡੁਬੈ ਚੌਹ ਬੇਦ ਮੈਂ ਚੇਲੇ ਦੀਏ ਬਹਾਏ ਇਹੁ ਤੇ ਕਰਾਮਾਤੀ ਗੁਰੂ ਸੀ। ਸੰਸਾਰ ਰੂਪੀ ਤਾਲ ਜੱਲ ਵਿਚ ਗੁਰੂ ਜੀ ਕੰਵਲ ਰੂਪ ਸੋਭਾ, ਪਾ ਰਹੇ ਹਨ, ਤੇ ਸਿੱਖ ਭੌਰੇ ਝੂਮ ੨ ਕੇ ਅਨੰਦ ਮਾਣ ਰਹੇ ਹਨ। ਇਕ ਕਵੀ ਨੇ ਕਿਹਾ ਹੈ-ਸੋ ਸਰ ਨਹ ਜਿੰਹ ਕੰਜ ਨਹ, ਕੰਜ ਨਾ ਭਰਮਰਨ ਲੀਨਾ। ਸੋ ਸੁਰ ਮਧੁਰ ਕਰ ਜੋ ਨਹ ਗੂੰਜਨ ਕੀਨ। ਭਾਵ ਓਹ ਤਾਲ(ਸਰੋਵਰ) ਨਹੀਂ ਜਿਸ ਵਿਚ ਕੰਵਲ ਨਹੀਂ ਤੇ ਓਹ ਕੰਵਲ ਨਹੀਂ ਜਿਨਾਂ ਤੇ ਭੌਰੇ ਨਹੀਂ ਗੂੰਜਦੇ ਓਹ ਭੌਰੇ ਨਹੀ ਜੋ ਕੰਵਲ ਤੇ ਮਿਠੀ ਸੁਰ ਨਾਲ ਨਹੀਂ ਗੌਂਦੇ। ਇਹੁ ਹੀ ਪੌਜ਼ੀਸ਼ਨ ਸਤਿਗੁਰੂ ਅਤੇ ਸਿੱਖਾਂ ਦੀ ਹੈ।

੧੯੧੪ ਦੀ ਵਸਾਖੀ ਵਾਲੇ ਦਿਨ ਪੰਜ ਪਿਆਰੇ ਸਾਜੇ ਅਤੇ ਹੋਰ ਬੇਅੰਤ ਸਿੰਘਾਂ ਨੇ ਅੰਮ੍ਰਿਤ ਛਕਿਆ ਨਾਮ, ਦਾਨ ਇਸ਼ਨਾਨ, ਦੇਸ਼ ਤੋਂ ਕੁਰਬਾਨ, ਹੋਣ ਦਾ ਸਬਕ ਸਿਖਿਆ, ਗੁਰੂ ਜੀ ਨੇ ਬਾਈ ਸੂਬੇ ਬਣਾਕੇ ਪੰਜਾਬ ਨੂੰ

ਹਿਸੇ ਵੰਡ ਕਰ ਦਿਤਾ। ਡਾਕ ਤਾਰ ਵੀ ਆਪਣੀ,ਬਦੇਸੀ ਕਪੜੇ ਆਦਿਕ ਦਾ ਬਾਈ-ਕਾਟ ਖਦਰ ਪੈਹਨੋ ਦਾ ਨਾਹਰਾ ਲਾਇਆ, ਗੈਰ ਹਕੂਮਤ ਦਾ ਨਾ ਮਿਲਵਰਤਣ ਕੀਤਾ, ਸ੍ਰੀ ਗ੍ਰੰਥ ਸਾਹਿਬ ਜਿਨਾਂ ਨੂੰ ਆਲਿਆਂ ਵਿਚ ਪਿਆ ਨੂੰ ਸੇਓਂਕਾਂ ਲਗ ਗਈਆਂ ਸਨ' ਪਤਰਿਆਂ ਨੂੰ ਚੂਹੇ ਟੁਕ ਗਏ ਸਨ, ਹਜੂਰ ਨੇ ਪ੍ਰੂਫ਼ ਸੁਵਾਰ ਕੇ ਧੂਪਾਂ ਦਿਤੀਆਂ, ਅਖੰਡ ਪਾਠਾਂ ਦੀ ਮਰਯਾਦਾ ਬਧੀ, ਹੋਮ ਕਰਨ ਦਾ ਵਲ ਗੁਰ ਬਾਣੀ ਦੁਆਰਾ ਸਿਖਾਇਆ, ਅਤੇ ਅਨੰਦ ਕਾਰਜ ਗੁਰੂ ਮਤ ਅਸੂਲ ਨਾਲ ਕਰਨਾ ਦਸਿਆ। ਗਲ ਕੀ ਭਾਰਤ ਵਰਸੀ ਲੋਕਾਂ ਨੂੰ ਗੰਦੇ ਚਿਕੜ ਵਿਚੋਂ ਕਢਕੇ ਸ੍ਵਛ ਜਸ, ਦੇ ਚਿਟੇ ਆਸਣ ਤੇ ਬਿਠਾ ਦਿਤਾ। ਪਰ ਹਕੂਮਤ ਦੇ ਝੋਲੀ ਚੁਕਾਂ ਨੇ ਆਪਣੇ ਸੁਖ ਅਰਾਮ ਨੂੰ ਮੁਖ ਰਖਕੇ ਇਨਸਾਨੀਯਤ ਨੂੰ ਉਕਾ ਹੀ ਭੁਲਾਕੇ, ਸਮੇਂ ਦੇ ਹਾਕਮਾਂ ਅਗੇ ਝੂਠ ਬੋਲਕੇ ਚੁਗਲੀਆਂ ਕਰਕੇ ਦੇਸ਼ ਦੇ ਮਾਲਕ ਨੂੰ ਦੇਸ਼ ਚੋਂ ਕਢਕੇ ਸਾਹਿਲਿਆ।

ਕੀ ਹੋਇਆ ? ਮੈਂ ਘਰ ੨ ਰਾਮ ਸਿੰਘ ਕਰ ਚਲਿਆ ਹਾਂ,ਅਤੇ ਜੋਬੋਜ ਬੀਜ ਦਿਤਾ ਹੈ ਉਹ ਉਗੇ ਬਿਨਾ ਨਹੀਂ ਰਹਿ ਸਕੇਗਾ, ਭਾਵ ਦੇਸ਼ ਅਜ਼ਾਦ ਹੋਵੇਗਾ,ਸਤਿਜੁਗ ਵਰ-ਤੇਗਾ। ਅਜ ਓਸੇਦਾ ਸਦਕਾ ਭਾਰਤੀ ਅਜਾਦੀ ਦੀਆਂ ਪੀਘਾਂ ਝੂਟ ਰਹੇ ਹਨ, ਤੇ ਹੁਣ ਉਹ ਲੋਗ ਅੱਗੇ ਆ ਆ ਕੇ ਡੀਂਗਾ ਮਾਰਦੇ ਹਨ ਜਿਨ੍ਹਾਂ ਨੇ ਅਜਾਦੀ ਦੇ ਨਾਹਰੇ ਨੂੰ ਲੈਣਾ ਤਾਂ ਇਕ ਪਾਸ ਰਿਹਾ ਕੰਨਾਂ ਨਾਲ ਸੁਣਨਾ ਵੀ ਪਾਪ ਸਮਝਿਆ ਸੀ।

ਖੈਰ-"ਸਦਾਈ ਰੂਪ ਨਹੀਂ,
ਸਕਤੀ ਬਨਾਵਟ ਕੇ ਅਸੂਲੋਂ ਸੇ।
ਖੁਸ਼ਬੂ ਆ ਨਹੀਂ ਸਕਤੀ,
ਕਬੀ ਕਾਗਜ ਕੇ ਫੂਲੋਂ ਸੇ।

ਸੋ ਜਦ ਤਾਈ ਭਾਰਤ ਰਹੇਗਾ ਤਦੋਂ ਤਾਈਂ ਸਤਿਗੁਰੂ ਰਾਮ ਸਿੰਘ ਦਾ ਨਾਮ ਸੂਰਜ ਵਤ ਲੋਕਾਂ ਦੇ ਦਿਲਾ ਅੰਦਰ ਤੇ ਇਤਹਾਸ ਵਿਚ, ਅਮਰ ਅਤੇ ਧਰੂ ਦੀ ਤ੍ਰਾਂ ਚਮਕਾਂ ਮਾਰਦਾ ਰਹੇਗਾ।

ਹੁਣ ਤਾਂਈ ਵੀ ਜੇਹੜਾ ਹਿੰਦ ਵਾਸੀਆਂ ਦੀ ਨਾੜੀਆਂ ਵਿਚ ਗੁਲਾਮੀ ਦੇ ਜ਼ੈਹਰ ਦਾ ਅਸਰ ਭਰਿਆ ਹੋਇਆ ਸੀ ਰੰਚਕ ਮਾਤ੍ਰ ਵੀ ਘਟ ਨਹੀ ਹੋਇਆ। ਹਿੰਦੋਸਤਾਨੀ ਲੋਗ ਗੁਲਾਮੀ ਦਾ ਬੋਝਾ ਆਪਣੇ ਭਾਰਤੀਆਂ ਦਾ ਨਹੀਂ ਬਦੇਸੀਆਂ ਦਾ, ਹਰ ਵਕਤ ਚੁਕਣ ਨੂੰ ਤਿਆਰ ਰੈਹਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਗੁਲਾਮੀ ਦੀ ਜੈਹਰ ਨੂੰ ਨਾਮ ਦਾ ਮਣਕਾ ਲਾ ਕੇ ਚੂਪ ਸਿਟਿਆ ਜਿਨ੍ਹਾਂ ਦੀ ਹੱਡੀ ਵਿਚੋਂ ਗੁਰੂ ਜੀ ਨੇ ਬਿਖ ਕਢ ਦਿਤੀ, ਉਹਨਾਂ ਤੇ ਅਨੇਕਾਂ ਬਦੇਸੀ ਜੈਹਰੀਲੇ ਸੱਪਾਂ ਨੇ ਅਸਰ ਨਹੀਂ ਪਾਇਆ, ਅਤੇ ਨਾ ਕੋਈ ਅੱਗੇ ਪਾ ਹੀ ਸਕੇਗਾ। ਇਸੇ ਕਰਕੇ ਨਾਮ-ਧਾਰੀ ਪੰਥ ਅਨੇਕਾਂ ਅਸੈਹ ਤੇ ਅਕੈਹ ਕਸਟ ਝਲਣ ਤੋਂ ਬਾ-ਵਜੂਦ ਵੀ ਓਸੇਤ੍ਰਾਂ ਅਜ਼ਾਦੀ ਦੇ ਨਗਾਰੇ ਤੇ ਚੋਟਾਂ ਮਾਰਦਾ ਰਿਹਾ, ਤੇ ਆਪਣੇ ਸ੍ਰੀਰ ਤੇ ਦੁਖ ਸੈਹਨ ਕਰਦਾ ਹੋਇਆ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਨੂੰ ਤੋੜ ਨਿਭਾ ਸਕਿਆ। ਸੋ ਆਓ ਭਾਰਤ ਵਰਸੀ ਭਰਾਓ ਅਸੀਂ ਨਾਮਧਾਰੀ ਪੰਥ ਨੂੰ ਅਪਨਾ ਈਏ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਸੇ ਮਾਰਗ ਤੇ ਚਲਕੇ ਆਪਣਾ ਜਨਮ ਸਫਲਾ ਕਰੀਏ।

(ਪ੍ਰੋ: ਜਸਵੰਤ ਸਿੰਘ ਜੀ ਜਜ ਐਮ. ਏ: ਗੌਰਮੈਂਟ ਕਾਲਜ ਹਿਸਾਰ)

ਬਾਬਾ ਰਾਮ ਸਿੰਘ ਜੀ ਤੇ ਸਮਾਜ ਸੁਧਾਰ

ਗੁਰੂ ਗੋਬਿੰਦ ਸਿੰਘ ਜੀ ਤੋਂ ਉਪ੍ਰੰਤ ਢੇਰ ਚਿਰ ਸਿਖਾਂ ਵਿਚ ਨਿਰੋਲ ਗੁਰਮਤ ਦੇ ਪਰਚਾਰ ਦਾ ਘਾਟਾ ਮਹਿਸੂਸ ਕੀਤਾ ਜਾਂਦਾ ਰਹਿਆ ਸੀ। ਸਿਖ ਰਾਜਸੀ ਤੌਰ ਤੇ ਅੰਗਰੇਜ਼ਾਂ ਦ ਅਧੀਨ ਹੋਣ ਦੇ ਨਾਲ ਨਾਲ ਆਤਮਕ ਤੇ ਮਨਸਕ ਤੌਰ ਤੇ ਵੀ ਗੁਲਾਮ ਹੋ ਗਏ ਤੇ ਮੁੜ ਪੁਰਾਤਨ ਹਿੰਦੂ ਰੀਤਾਂ ਵਿਚ ਵਿਸਵਾਸ਼ ਰਖਣ ਲਗ ਪਏ ਸਨ। ਗਰਦੁਆਰਿਆਂ ਅਤੇ ਇਤਹਾਸਕ ਸਥਾਨਾਂ ਤੇ ਪੁਜਾਰੀਆਂ ਦਾ ਬੋਲ ਬਾਲਾ ਹੋ ਗਇਆ ਸੀ ਤੇ ਮਹੰਤ ਸੋਢੀ, ਬੇਦੀ, ਉਦਾਸੀ ਆਦਿ ਸੰਪਰਦਾਵਾਂ ਨ ਥਾਉਂ ਥਾਈਂ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ ਸਨ ਤੇ ਸ਼ਰਧਾਵਾਨ ਭੋਲੇ ਭਾਲੇ ਸਿਖਾਂ ਨੂੰ ਲੁਟਣਾਂ ਸ਼ੁਰੂ ਕਰ ਦਿਤਾ ਸੀ। ਸਿਖ ਕਲਗੀਆਂ ਵਾਲੇ ਦਸਮੇਸ਼ ਪਿਤਾ ਦੀ ਚਲਾਈ ਹੋਈ ਅੰਮ੍ਰਿਤ ਦੀ ਰੀਤ ਨੂੰ ਭੁਲ ਬੈਠੇ ਸਨ ਤੇ ਮੁੜ ਪੀਰਾਂ ਫਕੀਰਾਂ ਦੀਆਂ ਮਜ਼ਾਰਾਂ, ਕਬਰਾਂ, ਮੜੀਆਂ ਉਤੇ ਮੰਨਤਾਂ ਮੰਨਣੀਆਂ ਤੇ ਚੂਰਮੇ ਚੜਨੇ ਸ਼ੁਰੂ ਹੋ ਗਏ ਸਨ। ਮਾਤਾ ਗੁਗਾ, ਭੈਰੋਂ ਆਦਿ ਦੀ ਪੂਜਾ ਨੇ ਚੰਗੇ ਭਲੇ ਸਿਖਾਂ ਨੂੰ ਕੁਰਾਹੇ ਪਾ ਦਿਤਾ ਸੀ। ਮੁਕਦੀ ਗਲ ਸਿਖਾਂ ਵਿਚ ਉਹ ਸਾਰੇ ਵਹਿਮ ਤ ਕੁਰੀਤੀਆਂ ਆ ਗਈਆਂ ਸਨ ਜਿਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਘਾਲਾਂ ਘਾਲਕੇ ਦੂਰ ਕੀਤਾ ਸੀ। ਖੰਡੇ ਦਾ ਅੰਮ੍ਰਿਤ ਤਾਂ ਕੇਵਲ ਚਹੁੰ ਤਖਤਾਂ ਤੇ ਹੀ ਛਕਾਇਆ ਜਾਂਦਾ ਸੀ ਅਤੇ ਉਹ ਵੀ ਅਸਲੀਅਤ ਤੋਂ ਦੂਰ ਜਾਕੇ ਮਹੰਤਾਂ ਤੇ ਪੁਜਾਰੀਆਂ ਦੀ ਆਮਦਨ ਦਾ ਇਕ ਵਸੀਲਾ ਹੀ ਬਣ ਗਿਆ ਸੀ। ਇਉਂ ਆਮ ਸੰਗਤ ਗੁਰਮਤ ਪਰਚਾਰ ਦੀ ਥੁੜ ਕਾਰਨ ਡਾਵਾਂ ਡੋਲ ਹੋਈ ਹੋਈ ਮੁੜ ਮੜੀਆਂ ਮਸਾਣਾਂ ਦੀ ਪੂਜਾ ਵਿਚ ਲਗ ਗਈ ਸੀ। ਸਿਖਾਂ ਦੀ ਅਜਿਹੀ ਹਾਲਤ ਵੇਖਕੇ ਬਾਬਾ ਰਾਮ ਸਿੰਘ ਜੀ ਨੇ ਮੁੜ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲਕੇ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾਉਣਾ ਸ਼ੁਰੂ ਕੀਤਾ।

ਇਸਦੇ ਨਾਲ ੨ ਬਾਬਾ ਜੀ ਨੇ ਆਪਣੇ ਸੇਵਕਾਂ ਨੂੰ ਉਚ ਸਮਾਜਕ ਜੀਵਨ ਦੀ ਗੁੜਤੀ ਦਿਤੀ ਜੋ ਗੁਰਮਤ ਦੇ ਅਨਕੂਲ ਚਲਦਿਆਂ ਹੋਇਆਂ ਗੁਰ ਸਿਖਾਂ ਨੂੰ ਸਮਾਜ ਤੇ ਭਾਈਚਾਰੇ ਦਾ ਨਰੋਆ ਤੇ ਲਾਭ ਦਾ ਇਕ ਅੰਗ ਬਣਾਉਂਦੀ ਸੀ। ਆਪ ਭਜਨ ਬੰਦਗੀ ਦੇ ਨਾਲ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਉਪਦੇਸ਼ ਵੀ ਦਿਆ ਕਰਦੇ ਸਨ। ਉਹ ਨਹੀ ਸਨ ਚਾਹੁੰਦੇ ਕਿ ਸਾਡੇ ਸੇਵਕ ਆਮ ਵਿਹਲੜ ਸਾਧੂਆਂ ਵਾਂਗ ਹਰਲ ਹਰਲ ਕਰਦੇ ਫਿਰਨ ਤੇ ਸਮਾਜ ਤੇ ਇਕ ਵਾਧੂ ਭਾਰ ਬਣ ਜਾਣ। ਉਹ ਆਪ ਵੀ "ਹਥ ਕਾਰ ਵਲ ਤੇ ਦਿਲ ਯਾਰ ਵਲ' ਦੇ ਧਾਰਨੀ ਸਨ। ਜੋ ਸਿਖ ਆਪਣੇ ਘਰੋਗੀ ਕੰਮਾਂ ਕਾਰਾਂ ਵਲੋਂ ਨਿਰਾਸ ਹੋਕੇ ਪੱਕੇ ਤੌਰ ਤੇ ਭੈਣੀ ਸਾਹਿਬ ਟਿਕਣਾ ਚਾਹੁੰਦੇ ਸਨ ਉਨਾਂ ਨੂੰ ਵੀ ਆਪ ਕਿਸੇ ਨਾ ਕਿਸੇ ਆਹਰੇ ਲਾ ਛਡਦੇ। ਇਥੇ ਆਪਦਾ

ਇਕ ਸੇਵਕ ਸਰਦਾਰ ਮਲੂਕ ਸਿੰਘ ਨਹਿਰਾਂ ਦੀ ਖੁਦਾਈ ਆਦਿ ਦੇ ਠੇਕੇ ਲਿਆ ਕਰਦਾ ਸੀ। ਬਹੁਤ ਬੰਦਿਆਂ ਨੂੰ ਗਊਆਂ, ਮੱਝਾਂ ਬੱਲਦ ਘੋੜ ਆਦਿ ਸਾਮਣ ਦਾ ਕੰਮ ਸੌਂਪਿਆ ਹੋਇਆ ਸੀ। ਡੇਰੇ ਵਲੋਂ ਬਹੁਤ ਸਾਰੇ ਪਸ਼ੂ ਡੰਗਰ ਰਖੇ ਜਾਂਦੇ ਸਨ ਤੇ ਉਨਾਂ ਦੀ ਵੰਗੀ ਪਾਲਣਾ ਪੋਸਣਾਂ ਕਰਕੇ ਵਪਾਰ ਕੀਤਾ ਜਾਂਦਾ ਸੀ। ਇਸ ਰਵਾਇਤ ਨੂੰ ਅੱਜ ਤਕ ਵੀ ਨਾਮਧਾਰੀ ਡੇਰੇ ਵਿਚ ਨਿਭਾਇਆ ਜਾਂਦਾ ਹੈ।

ਨਸ਼ਿਆਂ ਦੀ ਵਰਤੋਂ ਨਾਲ ਪਿੰਡਾਂ ਵਿਚ ਹੋਣ ਵਾਲੇ ਦੰਗੇ ਫਸਾਦਾਂ ਦੀਆਂ ਜੜ੍ਹਾਂ ਵਢੀਆਂ। ਆਪਣੇ ਭੋਲੇ ਭਾਲੇ ਸਿਖਾਂ ਨੂੰ ਭਾਈਚਾਰਕ ਮਿਲਵਰਤਨ ਦੀ ਜਾਚ ਸਖਾਈ ਅਤੇ ਸ਼ਰਾਬਾਂ ਪੀਕੇ ਖੂਨ ਖਰਾਬਾ ਕਰਨ ਤੇ ਆਪਣੇ ਹੂੜੇ ਪਸੀਨੇ ਦੀ ਕਮਾਈ ਸਰਕਾਰੀ ਅਦਾਲਤਾਂ ਦੇ ਅਹਿਲਕਾਰਾਂ ਦੇ ਢਿਡਾਂ ਵਿਚ ਪਾਉਣੋਂ ਰੋਕਿਆ! ਆਪਣੇ ਉਪਦੇਸ਼ਾਂ ਤੇ ਚਲਣ ਵਾਲਿਆਂ ਦਾ ਅਵਲ ਤਾਂ ਕੋਈ ਝਗੜਾ ਨਹੀਂ ਸੀ ਹੁੰਦਾ ਅਤੇ ਜੇਕਰ ਹੋ ਵੀ ਜਾਂਦਾ ਤਾਂ ਪਿੰਡ ਦੀ ਬਰਾਦਰੀ ਤੇ ਪੰਚਾ-ਇਤਾਂ ਰਾਹੀ ਨਜਿਠਿਆ ਜਾਂਦਾ। ਲੋਕਾਂ ਵਿਚ ਆਦਰਨ ਦੀ ਉਚੱਤਾ ਪੈਦਾ ਕਰ ਦਿਤੀ ਕਿ ਜੇਕਰ ਕੋਈ ਦੋਸ਼ੀ ਗੁਨਾਹ ਕਰਦਾ ਹੈ ਤਾਂ ਆਪ ਕਚਹਿਰੀ ਵਿਚ ਜਾਂ ਪੰਚਾਇਤ ਸਾਹਮਣੇ ਜਾ ਕੇ ਆਪਣਾ ਦੋਸ਼ ਮੰਨ ਲਵੇ ਤੇ ਖਿੜੇ ਮੱਥੇ ਦੰਡ ਭੁਗਤਣ ਨੂੰ ਤਿਆਰ ਰਹੇ।

ਬਾਬਾ ਰਾਮ ਸਿੰਘ ਜੀ ਨੇ ਪੁਰਸ਼ਾਂ ਦੇ ਨਾਲ ਨਾਲ ਇਸਤਰੀ ਜ਼ਾਤੀ ਨੂੰ ਉਚਿਆਣ ਦੇ ਭੀ ਯਤਨ ਕੀਤੇ ਤੇ ਉਨ੍ਹਾਂ ਨੂੰ ਪੂਰੀ ਪੂਰੀ ਸੁਤੰਤਰਤਾ ਦੇਣ ਦਾ ਐਲਾਨ ਕੀਤਾ। ਆਪ ਨੇ ਭਲੀ ਪਰਕਾਰ ਅਨੁਭਵ ਕਰ ਲਿਆ ਸੀ ਕਿ ਇਸਤਰੀ ਤੇ ਪੁਰਸ਼ ਦੋਵੇਂ ਸਮਾਜਕ ਪਹੀਏ ਇਕੋ ਜਿਹੀ ਮਹਾਨਤਾ ਰਖਦੇ ਹਨ ਤੇ ਇਹਨਾਂ ਦੋਹਾਂ ਦਾ ਅਰੋਗ ਰਹਿਣਾ ਹੀ ਸਮਾਜਕ ਉੱਨਤੀ ਦਾ ਸਾਧਨ ਬਣ ਸਕਦਾ ਹੈ। ਆਪ ਨੇ ਲੜਕੀਆਂ ਨੂੰ ਪੈਦਾਇਸ਼ ਸਮੇਂ ਮਾਰਨ ਦੀ ਭੈੜੀ ਰੀਤ ਦਾ ਖਾਤਮਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਵੀ ਲੜਕਿਆਂ ਵਾਂਗ ਹੀ ਪਾਲਿਆ ਪੋਸਿਆ ਜਾਵੇ ਤੇ ਲੜਕੀਆਂ ਦੀ ਵਿਦਿਆ ਪੜ੍ਹਉਣ ਦਾ ਪ੍ਰਬੰਧ ਕੀਤਾ ਜਾਵੇ। ਛੋਟੀ ਉਮਰ ਦੀਆਂ ਸ਼ਾਦੀਆਂ ਨੂੰ ਰੋਕਿਆ। ਜਲਾਵਤਨੀ ਦੇ ਸਮੇਂ ਆਪ ਇਕ ਅਰਦਾਸ ਰਾਹੀ ਸੰਗਤਾਂ ਨੂੰ ਫੁਰਮਾਨ ਭੇਜਦੇ ਹੋਏ ਲਿਖਦੇ ਹਨ।

"ਹੋਰ ਹੁਣ ਇਉਂ ਕਰੋ ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜ੍ਹਣਾ, ਘਟ ਨਹੀਂ ਪੜ੍ਹਣਾ, ਜੇ ਕੋਈ ਬੱਟਾ ਕਰੂਗਾ ਬਿਆਜ ਲਊਗਾ ਕੰਨਿਆਂ ਦਾ ਪੈਸਾ ਲਊਗਾ ਕੰਨਿਆ ਮਾਰੇਗਾ, ਉਸ ਦੇ ਨਾਲ ਨਹੀਂ ਵਰਤਣਾ।

ਉਨਾਂ ਹੀ ਦਿਨਾਂ ਵਿਚ ਆਪ ਇਕ ਥਾਂ ਹੋਰ ਲਿਖਦੇ ਹਨ–ਇਕ ਹੋਰ ਭੀ ਬਾਤ ਸਭ ਨੂੰ ਸੁਨਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ ਨਾ ਬਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸਨੂੰ ਸੰਗਤ ਮੈਂ ਨਾ ਬੜਨ ਦੇਣਾ। ਜੇ ਨਾ ਮੰਨੇ ਤਾਂ ਆਖਨਾ ਫੇਰ ਨਾ ਆਈਂ। ਨਾ ਹਟੇ ਜੁਤੀਆਂ ਮਾਰ ਕੇ ਕਢ ਦੇਣਾ, ਕੁਛ ਕਰਦਾ ਫਿਰੇ।

ਛੋਟੀ ਉਮਰ ਵਿਚ ਸ਼ਾਦੀ ਕਰਨੀ ਭਾਰਤੀ ਸਮਾਜ ਵਿਚ ਪਾਈ ਜਾ ਰਹੀ ਇਕ ਅਜਿਹੀ ਤਰੁਟੀ ਸੀ ਜਿਸ ਨੂੰ ਦੂਰ ਕਰਨ ਲਈ ਮਹਾ-ਤਮਾ ਗਾਂਧੀ ਨੂੰ ਸਾਰਧਾ ਐਕਟ ਪਾਸ ਕਰ-

ਵਾਉਣਾ ਪਿਆ।

ਇਸਤਰੀਆਂ ਨੂੰ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਣ, ਨਾਮ ਜਪਣ ਭਜਨ ਬੰਦਗੀ ਕਰਨਤੇ ਦੀਵਾਨਾਂ ਵਿਚ ਬੈਠਕੇ ਮਰਦਾਂ ਨਾਲ ਸ਼ਬਦ ਕੀਰਤਨ ਕਰਨ ਦੀ ਖੁਲ ਦਿਤੀ ਗਈ। ਲੜਕਿਆਂ ਨੂੰ ਸਾਦਾ ਬਸਤਰ ਪਹਿਨ ਕੇ ਅਗੇ ਦਾ ਸਾਰਾ ਕੰਮ ਕਰਨ ਤੇ ਪਤੀ ਦੀ ਆਗਿਆ ਵਿਚ ਰਹਿਣ ਆਦਿ ਸ਼ੁਭ ਗੁਣਾ ਦਾ ਧਾਰਨੀ ਬਣਾਇਆ ਗਿਆ। ਇਸਤ-ਰੀਆਂ ਵਿਚ ਪਰਦੇ ਦਾ ਰਿਵਾਜ ਜੋ ਕਿ ਮੁਸਲਮਾਨਾਂ ਦੇ ਨਾਲ ਹੀ ਭਾਰਤ ਵਿਚ ਆ ਗਿਆ ਸੀ ਨੂੰ ਦੂਰ ਕੀਤਾ ਤੇ ਹੁਣ ਨਾਮਧਾਰੀ ਯੁਵਤੀਆਂ ਦੇ ਅਨੰਦ ਕਾਰਜ, ਭਰੇ ਦੀਵਾਨ ਵਿਚ ਨੰਗੇ ਮੂਹ ਪੜੇ ਜਾਦੇ ਹਨ ਤੇ ਘੱਟ ਤੋਂ ਘੱਟ ਖਰਚ ਕੀਤਾ ਜਾਂਦਾ ਹੈ। ਵਿਆਹ ਦੇ ਸਮੇਂ ਕਿਸੇ ਕਿਸਮ ਦਾ ਦਾਜ ਦਿਤਾ ਜਾਵੇ ਤੇ ਨਾ ਹੀ ਲੜਕੇ ਵਾਲਿਆਂ ਤੋਂ ਹੀ ਕੁਝ ਲਿਆ ਜਾਵੇ। ਰਿਸ਼ਤੇ ਨਾਤੇ ਜਗੀਰ ਜਾਂ ਜਇਆਦਾਦ ਦੇ ਲਾਲਚ ਵਿਚ ਆ ਕੇ ਨਾ ਕਰੇ ਤੇ ਜਾਣ ਸਗੋਂ ਨਿੱਜੀ ਯੋਗਤਾ ਤੇ ਹਾਣ ਪਰਵਾਨ ਵੇਖ ਕੇ ਕੀਤੇ ਜਾਣ। ਵਿਧਵਾ ਵਿਆਹ ਦੀ ਵੀ ਖੁਲ ਦਿਤੀ ਗਈ।ਵਿਆਹ ਦੇ ਸਮੇਂ, ਲੜਕਾ ਪੈਦਾ ਹੋਣ ਸਮੇਂ ਫਜ਼ੂਲ ਰਸਮਾਂ ਵਾਜੇ ਅਸਤਬਾਜੀ ਸ਼ਰਾਬਾਂ ਮੁਜਰੇ ਗਹਿਣੇ, ਤਿਉਰ ਆਦਿ ਸਭ ਵਿਵੱਰਜਤ ਕੀਤੇ ਗਏ।

ਹਰੇਕ ਨਾਮਧਾਰੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਬਚੇ ਬਚੀਆਂ ਨੂੰ ਜਿਥੋਂ ਤੀਕਹੋ ਸਕੇ ਵਿਦਵਾਨ ਬਨਾਏ। ਭਾਵੇਂ ਨਾਮਧਾਰੀਆਂ ਨੇ ਸਰਕਾਰੀ ਸਕੂਲਾਂਕਾਲਜਾਂਨਾਲਬਾਈਕਾਟ ਕੀਤਾ ਹੋਇਆ ਸੀ ਫਿਰ ਵੀ ਉਨਾਂ ਦੇ ਆਪਣੇ ਜਤਨਾਂਨਾਲਬਚਿਆਂ ਨੂੰ ਵਿਦਿਆਦਿਤੀਜਾਂਦੀ ਰਹੀ ਹੈ। ਘਟੋ ਘੱਟ ਗੁਰਮੁਖੀ ਪੜਨੀ ਤੇ ਲਿਖਣੀ, ਪੰਜ ਗ੍ਰੰਥੀ ਤੇ ਗੁਰੂ ਗਰੰਥ ਸਹਿਬ ਜੀ ਦਾ ਪਾਠ ਕਰਨਾ, ਨਿਤਨੇਮ ਕੰਠ ਕਰਨਾ ਆਦਿ ਹਰੇਕ ਇਸਤਰੀ ਪੁਰਸ਼ ਲਈ ਜਰੂਰੀ ਮੰਨਿਆ ਜਾਂਦਾ ਹੈ। ਇਸ ਸੰਬੰਧੀ ਜਲਾਵਤਨੀ ਦੇ ਸਮੇਂ ਭੀ ਬਾਬਾ ਜੀ ਵਲੋ ਅਰਦਾਸਾਂਰਾਹੀਂ ਹਦੈਤਾਂ ਸੰਗਤਾਂ ਨੂੰ ਪੁਜਦੀਆਂ ਰਹੀਆਂ ਹਨ—

"ਹੋਰ ਭਾਈ ਖਾਲਸਾ ਜੀ ਸਾਰੀ ਸਾਧ ਸੰਗਤ ਨੂੰ ਇਹ ਹੁਕਮ ਹੈ ਜੋ ਸਭਨੇ ਤਾਂ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ,ਅਰਪਿਛਲੀਰਾਤ ਉਠਕੇ ਜ਼ਰੂਰ ਅਸ਼ਨਾਨ ਕਰਨਾ। (੩੦)

'ਬੀਬੀ ਨੰਦਾਂ, ਲਟਕੀਆਂ ਨੂੰ ਬਹੂਆਂ ਨੂੰ ਬੀ ਅਖਰ ਪੜ੍ਹਾ ਦੇਣੇ ਗੁਰਮੁਖੀ ਬਾਣੀ ਕੰਠ ਕਰਾਏ ਦੇਨੀ। ਅਰ ਪਿਛਲੀ ਰਾਤ ਸਭੀ ਭਜਨ ਕੀਤਾ ਕਰੋ (੯)

'ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਇਹ ਹੁਕਮ ਦੇਨਾਂ, ਭੋਗ ਗ੍ਰੰਥ ਸਾਹਿਬ ਦੇ ਤੇ ਬਾਣੀ ਕੰਠ ਕਰਨ ਸਰਬ ਬੁਢੇ ਬਾਲੇ, ਮਾਈ ਬੀਬੀ, ਪਿਛਲ ਰਾਤ ਅਸ਼-ਨਾਨ, ਤੇ ਲੜਕੇ ਲੜਕੀਆਂ ਨੂੰ ਅਖਰ ਪੜ੍ਹਾ ਦੇਣੇ ਅਰ ਜਥਾ ਸ਼ਕਤ ਸੇਵਾ ਭੀ ਕਰਨੀ ਅੰਨ ਬਸਤਰ ਦੀ ਲੋੜ ਮੰਦ ਦੀ, ਚਾਹੇ ਕਿਸੇ ਪੰਥ ਦਾ ਹੋਵੇ ਚਾਹੇ ਨਿੰਦਕ ਭੀ ਹੋਵੇ'।—(੪੬) ਇਉਂ ਬਾਬਾ ਜੀ ਨੇ ਆਪਣੇ ਸੇਵਕਾਂ ਨੂੰ ਸੁਚੱਜੀ ਗੁਰਮਤ ਦੀ ਗੁੱਝੀ ਜੀਵਨ ਦਾਤ ਬਖਸ਼ੀ। ਜਾਤ ਪਾਤ ਦਾ ਭੇਦ ਮਿਟਾਕੇ ਭਗਤੀ ਭਾਵਨਾ ਪੈਦਾ ਕੀਤੀ। ਆਪ ਜੀ ਦੇ ਮਿਸ਼ਨ ਸਬੰਧੀ ਉਸ ਸਮੇਂ ਦੇ ਸਰਕਾਰੀ ਕਾਗਜ਼ਾਂਵਿਚ ਭੀ ਲਿਖਤਾਂ ਮਿਲਦੀਆਂ ਹਨ—

ਇਸਤ੍ਰੀ ਪੁਰਸ਼ ਇਕਠੇ ਰਹਿਣ ਨਾਲ

ਜਦ ਕਦੀ ਵੀ ਕੋਈ ਆਚਰਨ ਹੀਣ ਘਟਨਾ ਵਾਪਰਦੀ ਸੀ ਤਾਂ ਬਾਬਾ ਜੀ ਨੂੰ ਬਹੁਤ ਦੁਖ ਹੁੰਦਾ ਸੀ। ਆਪ ਹਰ ਤਰਾਂ ਆਪਣੇ ਸੇਵਕਾਂ ਨੂੰ ਉਚ ਆਚਰਨ ਰਖਣ ਲਈ ਹਿਦਾਇਤ ਕਰਦੇ ਸਨ, ਅਤੇ ਜੇ ਕੋਈ ਕਿਸੇ ਪਰਕਾਰ ਦਾ ਪਖੰਡ ਕਰਦਾ ਸੀ ਤਾਂ ਉਸਨੂੰ ਕੋਸਦੇ ਸਨ। ਪਰਦੇਸ ਵਿਚ ਬੈਠੇ ਹੋਏ ਵੀ ਆਪਣੇ ਸੇਵਕਾਂ ਦੇ ਨਿਜੀ ਆਚਰਨ ਨੂੰ ਕਿਨਾ ਉਚਾ ਸੁਚਾ ਤੇ ਸਵਛ ਵੇਖਣਦੇ ਚਾਹਵਾਨ ਹਨ ਇਹ ਉਨ੍ਹਾਂ ਦੀਆਂ ਅਰਦਾਸਾਂ (ਪੱਤਰਕਾਵਾਂ) ਤੋਂ ਭਲੀ ਪਰਕਾਰ ਦਿਸ ਆਉਂਦਾ ਹੈ। ਵਿਭਚਾਰੀਆਂ ਨੂੰ ਸਖਤ ਤਾੜਨਾਂ ਕਰਦੇ ਹਨ। ਇਕ ਭਾਈ ਮੀਹਾਂ ਸਿੰਘ ਨੂੰ ਤਾੜਨਾ ਕਰਦੇ ਹੋਏ ਲਿਖਦੇ ਹਨ–

'ਹੋਰ ਭਾਈ ਮੀਹਾਂ ਸਿੰਘ ਤੈਂ ਇਹ ਬਾਤ ਅਛੀ ਨਹੀ ਕੀਤੀ ਜੋ ਰੰਡੀ ਦਾ ਸੰਗ ਕੀਤਾ ਰੰਡੀ ਦੇ ਸੰਗ ਤੋਂ ਇਕ ਤਾਂ ਸਰੀਰ ਨੂੰ ਦੁਖ ਲਗ ਜਾਂਦਾ ਹੈ, ਇਕ ਪੈਸਾ ਬਰਬਾਦ ਹੋਇ ਜਾਂਦਾ ਹੈ, ਇਕ ਲੋਕਾਂ ਮੈਂ ਬਹੁਤ ਭੰਡੀ ਹੁੰਦੀ ਹੈ – ਅਰ ਜੋ ਤੂੰ ਘਰ ਗਿਆ ਤਾਂ ਉਸ ਘਰ ਵਾਲੀ ਨੂੰ ਬਿਮਾਰੀ ਹੋਇ ਗਈ ਤਾਂ ਭੀ ਬੜਾ ਗਜ਼ਬ ਹੈ। ਤੈਂ ਬੜੀ ਗਾਫਲੀ ਕੀਤੀ ਏਸ ਬਾਤ ਦੀ'। (੩੪)

ਇਸੇ ਅਰਦਾਸ ਦੇ ਅੰਤਵਿਚ ਜਾਕੇਲਿਖਦੇ ਹਨ –

'ਭਾਈ ਮੀਹਾਂ ਸਿੰਘ ਹੁਣ ਬਾਣੀ ਕੰਠ ਕਰਨੀ ਅਰ ਭਜਨ ਕਰਨਾ। ਰੰਡੀ ਮੁੰਡੀ ਤੇ ਬਹੁਤ ਕਰਕੇ ਬਚਨਾਂ। ਇਹ ਨਿਰਾ ਘਾਟੇ ਦਾ ਹੀ ਬਾਉਂ ਹੈ, ਨਫਾ ਕੋਈ ਭੀ ਨਹੀਂ। ਭਲਾ ਭੁਲਾ ਸੋ ਭੁਲਾ, ਅਗੇ ਤਗੜਾ ਰਹਿਣਾ ਅਰ ਗੁਰੂ ਜੀ ਅਗੇ ਬੇਨਤੀ ਕਰਕੇ ਬਖਸ਼ਾਉਣਾ ਗੁਰੂ ਜੀ ਪਾਸੋ ਤੇ। (੩੪)

ਇਉਂ ਧਾਰਮਕ ਤੇ ਸਮਾਜਕ ਖੇਤਰ ਵਿਚ ਬਾਬਾ ਰਾਮ ਸਿੰਘ ਜੀ ਦੀ ਤੋਰੀ ਹੋਈ ਸਿਖ ਸੁਧਾਰ ਲਹਿਰ ਅੰਗਰੇਜ਼ੀ ਸਰਕਾਰ ਦੀ ਸਖਤ ਨਿਗਰਾਨੀ ਹੇਠ ਭਾਵੇਂ ਵਧੇਰੇ ਪਰਫੁਲਤ ਨਹੀਂ ਸੀ ਹੋ ਸਕੀ ਪਰੰਤੂ ਫਿਰ ਵੀ ਉਸਤੋਂ ਪਰਭਾਵਤ ਹੋਕੇ ਸਿਖਾਂਵਿਚ ਸੁਧਾਰਕ ਅੰਸ਼ ਦੀ ਜਾਗ ਲਗ ਗਈ।

–੦੦੦...

ਰੁਬਾਈ

ਰਿ: ਨਿਰਮਲ ਸਿੰਘ 'ਨਿਰਮਲ' ਪਿੰਡ ਮੇਤਰਾਂ

ਜ਼ੁਲਮ ਦੀਆਂ ਜਾਂ ਹੱਦਾਂ ਟੁਟੀਆਂ ਪਾਪੀਆਂ ਕਹਿਰ ਕਮਾਇਆ,
ਘਰਾਂ ਵਿਚੋਂ ਤਦ ਧਰਮ ਨਿਕਲਕੇ ਵਿਚ ਬਾਜ਼ਾਰਾ ਆਇਆ।
ਗਊ ਗਰੀਬ ਦੀਆਂ ਤਕ ਕੂਕਾਂ ਪੁਜੀਆਂ ਵਿਚ ਅਕਾਸ਼ਾਂ,
ਕਲਜੁਗ ਵਿਚ ਸਤਿਜੁਗ ਵਰਤਾਵਣ ਸਤਿਗੁਰ ਫੇਰਾ ਪਾਇਆ।

ਪੂਰਨ ਸਿੰਘ ਰਾਇ ਕਲਕਤਾ

ਮਸਤਾਨੇ ਦੀ ਸੱਦ

ਭੱਜੇ ਜਾਂਦੇ ਨੇ ਫਰੰਗੀ,
ਹੁਣ ਕੀ ਵੇਖ ਨੈ।
ਦਿਨ ਤਾਂ ਰਹਿ ਗਏ
ਥੋੜੇ, ਵਜਣ ਘੂੰਗਰੂ ।

ਉਪ੍ਰੋਕਤ ਸ਼ਬਦ ਇਕ ਨਾਮਧਾਰੀ ਮਸਤਾਨੇ ਦੇ ਮਹਾਂ ਵਾਕ ਹਨ, ਜੋ ਹਰ ਰੋਜ ਅੰਮ੍ਰਿਤ ਵੇਲੇ ਤਿੰਨ ਵਜੇ ਉਠਕੇ ਮੇਰੀ ਕੁਟੀਆ ਦੇ ਸਾਹਮਣੇ ਹੁੰਦਾ ਹੋਇਆ ਜੰਗਲ ਪਾਣੀ ਜਾਂਦਾ ਹੁੰਦਾ ਸੀ ਆਪ ਦੀ ਡਿਊਟੀ ਕੇਵਲ ਸੰਗਤਾਂ ਦੇ ਜੂਠੇ ਬਰਤਨ ਮਾਜਣੇ ਤੇ ਲੋਹ ਝੋਕਣ ਦੀ ਸੀ, ਉਸ ਵਕਤ ਮੇਰੀ ਉਮਰ ਤੇਰਾਂ ਕੁ ਵਰਿਆਂ ਦੀ ਸੀ ਇਕ ਦਿਨ ਮੈਂ ਅਪਣੀ ਮਾਤਾ ਜੀ ਨੂੰ ਪੁਛਿਆ। ਕਿ ਮਾਂ ਜੀ। ਏਹ ਮਸਤਾਨਾ ਕੀ ਕਹਿੰਦਾ ਹੁੰਦਾ ਏ ਸਵੇਰੇ ਸਵੇਰੇ, ਉਹ ਕੌਣ ਹਨ ਫਰੰਗੀ। ਕਿਥੇ ਰਹਿੰਦੇ ਨੇ ਅਗੋਂ ਮਾਂ ਜੀ ਨੇ ਜਵਾਬ ਦਿੰਦਿਆਂ ਖਿਝਕੇ ਕਿਹਾ, ਤੂੰ ਚੁਪ ਕਰਕੇ ਕੇਸ ਵਹਾਲੈ, ਐਵੇਂ ਬਹਾਨੇ ਨਾ ਬਣਾ, ਦਾਦੇ ਮਗੌਂਦੇ ਨੇ, ਫਰੰਗੀ ਉਹਨਾਂ ਦਾ ਤਾਂ ਨਾਉ ਲੈਣਾ ਭੀ ਬੁਰਾ ਹੈ ਮੈ ਹੋਰ ਚੁਕੰਨਾ ਹੋਕੇ ਪੁਛਣ ਲਗ ਪਿਆ। ਕਈ ਕਿਸਮ ਦੇ ਪ੍ਰਸ਼ਨ ਪੁਛੇ। ਹੁਣ ਮੇਰੇ ਮਾਤਾ ਜੀ ਨਾਲੇ ਮੇਰੇ ਕੇਸ ਬੰਨੀ ਜਾਂਦੇ ਹਨ ਨਾਲੇ ਅੰਗਰੇਜਾਂ ਨੂੰ ਇਸਤ੍ਰਾਂ ਗਾਲਾਂ ਕਢਦੇ ਹਨ ਏਹਨਾਂ ਬੇਈਮਾਨਾਂ ਨੇ ਤਾਂ ਵਡੇ ਸਤਿਗੁਰਾਂ ਨੂੰ ਕਾਲੇ ਪਾਣੀ ਭੇਜਿਆ ਹੈ, ਜੋ ਹੁਣ ਤਕ ਮੁੜਕੇ ਨਹੀਂ ਆਏ ਹੁਣ ਏਥੇ (ਭੈਣੀ ਸਾਹਿਬ) ਪੁਲੀਸ ਦੀ ਚੋਕੀ ਬਿਠਾ ਦਿਤੀ ਹੈ,ਹਾਲੀ ਪਤਾ ਨਹੀਂ ਕੀ ਭਾਣਾਵਰਤਣਾ ਏਹ ਕੁਝ ਕਹਿੰਦੇ ਹੋਏਆਖਦੇ,ਜਾ ਚੁਕ ਬਸਤਾ ਪੜਨ ਜਾ ਮਾਸਟਰ ਮਾਰੂਗਾ, ਜਦੋਂ ਉਹ ਗੋਰਾ ਕਪਤਾਨ ਏਥੇ ਆਇਆ ਜੇਹੜਾ ਸਿਪਾਹੀਆਂ ਦੀ ਕਵੈਦ ਕਰਾਉਦਾ ਹੁੰਦਾਏ, ਤੇ ਤੈਨੂੰ ਦਿਖਾ ਦਿਆਂਗੀ। ਇਤਨੀ ਗਲ ਸੁਣਕੇ ਮੈ ਸਕੂਲ ਦਾ ਰਾਹ ਫੜਿਆ, ਤੇ ਮੂੰਹ ਵਿਚ ਹੀ ਗੁਣ ਗੁਣਾਉਦਾ ਕਹਿੰਦਾ ਤੁਰਿਆ ਜਾਂਦਾ ਸੀ, "ਭੱਜੇ ਜਾਂਦੇ ਨੇ ਫਰੰਗੀ ਹੁਣ ਕੀ ਵੇਖਨੈ, ਦਿਨ ਤਾਂ ਰਹਿ ਗਏ ਥੋੜੇ ਵਜਣ ਘੂੰਗਰੂ" ਕਾਫੀ ਸਮਾ ਬੀਤ ਗਿਆ ਗਰਮੀਆਂ ਦੇ ਦਿਨ ਸਨ ਓਸ ਸਮੇਂ ਭੈਣੀ ਸਾਹਿਬਨਿਮਾਣੀ ਦਾ ਮੇਲਾ ਲਗਿਆ ਕਰਦਾ ਸੀ ਦੂਰੋਂ ਨੇੜਿਓਂ ਬੜੀਆਂ ਸੰਗਤਾਂ ਔਦੀਆਂ ਹੁੰਦੀਆਂ ਸਨ ਲੋਕਾਂ ਵਾਸਤੇ ਇਕ ਤਿਉਹਾਰ ਬਣ ਗਿਆ ਸੀ ਸਾਡਾ ਪਿੰਡ ਨਾਮਦੀਵਰਖਾ, ਸੰਗੀਤ,ਤੇ ਗੁਰੂ ਕਾ ਲੰਗਰ ਅਤੁਟ ਵਰਤਦਾ ਸੀ, ਅਮੀਰ ਗਰੀਬ ਸਤਰੂ ਮਿਤ੍ਰ ਸਭ ਏਹੀ ਕਹਿੰਦੇ ਸਨ ਧੰਨ ਸਤਿਗੁਰੂ ਰਾਮ ਸਿੰਘ ਜੀ ਤੇਰੀ ਨਗਰੀ। ਠੀਕ ਯਾਦ ਨਹੀਂ ਹੈ, ਕਿ ਰਾਮਸਰ ਦੀਵਾਨ ਲਗਾ ਹੋਇਆ ਸੀ ਪੰਡਿਤ ਭਧਾਣੇ ਵਾਲਿਆਂ ਨੇ ਇਕ ਪੁਲੀਟੀਕਲ ਵਖਿਆਨ ਕੀਤਾ, ਜੋ ਕਿ ਅੰਗਰੇਜ਼ ਹਕੂਮਤ ਦੇ ਖਿਲਾਫ ਸੀ, ਪੰਡਿਤ ਉਚ ਕੋਟੀ ਦੇ ਵਿਦਵਾਨ ਤੇ ਨਾਮਧਾਰੀ ਸੰਪਰਦਾਇ ਦੇ ਮੰਨੇ

Sri Satguru Jagjit Singh Ji Elibrary NamdhariElibrary@gmail.com

ਪ੍ਰਮੰਨੇ ਸੰਤ ਸਨ ਆਪ ਨੂੰ ਉਸੀ ਸਮੇ ਪੁਲੀਸ ਭੈਣੀ ਸਾਹਿਬ ਤੋਂ ਗਿਰਫਤਾਰ ਕਰਕੇ ਥਾਨੇ ਨੂੰ ਲੈ ਗਈ ਸੀ, ਮੇਰੇ ਸਾਹਿਮਣਿਓ, ਦੋ ਲਾਲ ਲਾਲ ਪੱਗਾਂ ਵਾਲੇ ਸਿਪਾਹੀ ਪੰਡਤ ਜੀ ਨੂੰ ਲੋਹੇ ਦੀ ਹਥ ਕੜੀ ਲਾਕੇ ਲਿਜਾ ਰਹੇ ਸਨ ਬਸ ਜੀ ਫੇਰ ਤਾਂ ਮੈਨੂੰ ਬਚਪਨ ਵਿਚ ਹੀ ਪੰਡਤ ਜੀਦੀ ਗਿਰਫਤਾਰੀ ਨੇ ਮੇਰੇ ਤੇ ਡੂੰਘਾ ਅਸਰ ਕੀਤਾ, ਜੋ ਅਜ ਤਕ ਉਹੀ ਨਕਸ਼ਾ ਤੇ ਉਹੀ ਮਸਤਾਨੀ ਸੱਦ ਮੇਰੇ ਕੰਨਾਂ ਵਿਚ ਗੂੰਜਦੀ ਹੈ।

ਭਜੇ ਜਾਂਦੇ ਨੇ ਫਰੰਗੀ ਹੁਣ ਕੀ ਵੇਖਣੈ,
ਦਿਨ ਤਾਂ ਰਹਿ ਗਏ ਥੋੜੇ ਵਜਣ ਘੁੰਗਰੂ।

ਸਮਸਿਆ ਪੂਰਤੀ

[ਆਤਮਾ ਸਿੰਘ ਜੀ ਸਨਖੜ੍ਹਾ

ਬਿਗਲ ਵਜਾਇਆ ਆਨ

ਵਾਸੀ ਜਦੋਂ ਭਾਰਤ ਦੇ, ਸੌਂ ਗਏ ਸਨ ਆਮ ਖਾਸ,
ਨੌਕਰ ਸ਼ਾਹੀ ਚਾਦਰ ਦੇ ਹੇਠਾਂ ਮੂੰਹ ਕੱਜਕੇ।
ਗੋਰੇ ਅੰਗ੍ਰੇਜ਼ ਦੀ ਕਪਟ ਭਰੀ ਚਾਲ ਨਾਲ,
ਹੋ ਗਏ ਅਵੇਸਲੇ ਸੀ ਆਪਾ ਪਨ ਤੱਜਕੇ।
ਜਾਗੀਰਾਂ ਅਹੁਦੇ ਦਾਰੀਆਂ ਸਰਦਾਰੀਆਂ ਦੀ ਗੈਸ ਸੁੰਘ,
ਹੋ ਗਏ ਬੇਹੋਸ਼ ਜਿਵੇਂ ਮੱਦ ਪੀਤੀ ਰੱਜਕੇ।
ਠਾਨ ਬੈਠਾ ਗੋਰਾ ਏਨੇ ਸੁਤੇ ਹੋਏ ਬੰਦਿਆਂ ਨੂੰ,
ਕਿਸ ਨੇ ਜਗੌਣਾ ਹੈਗਾ ਮੇਰੇ ਸਾਹਵੇਂ ਗੱਜਕੇ;
ਤਾਂਹੀਏ ਖਬਰ ਅਠਾਰਾਂ ਸੌ ਤ੍ਰੇਹਠਵੇ ਦੇ ਸੰਨ ਵਿਚ,
ਮਿਸਟਰ ਮੈਕਾਨੱਬ ਨੇ ਪਰਚਾ ਲਿਖਾਯਾ ਆਨ।
ਕਰਨ ਲਈ ਮੁਕਾਬਲਾ ਹਕੂਮਤ ਬ੍ਰਤਾਨੀਆਂ ਦਾ,
ਗੌਹ ਇਕ ਸਿਖਾਂ ਦਾ ਪੰਜਾਬ ਵਿਚ ਛਾਇਆ ਆਨ।
ਹਜਾਰਾਂ ਸਿਖ ਕੂਕੇ ਹੈਨ ਉਸ ਦੀ ਕਮਾਨ ਹੇਠਾਂ,
ਸ਼ਾਹੀ ਦੌਰੇ ਵਾਂਗ ਦੌਰਾ ਉਨ੍ਹਾਂ ਨੇ ਚਲਾਇਆ ਆਨ।
ਸਤਿਗੁਰੂ ਰਾਮ ਸਿੰਘ ਨਾਮ ਦਾ ਕਮਾਂਡਰ ਉਹ,
ਜਿਸ ਸੁਤੇ ਲੋਕਾਂ ਵਿਚ ਬਿਗਲ ਵਜਾਇਆ ਆਨ।

Sri Satguru Jagjit Singh Ji Elibrary NamdhariElibrary@gmail.com

[ਮੰਤ ਸਿੰਘ 'ਵਿਰਦੀ'

ਖਾਲਸੇ ਦੀ ਰੀਤ ਮਿਟ ਜਾਂਦੀ ਰਖੀ ਸਤਿਗੁਰੂ ਰਾਮ ਸਿੰਘ ਨੇ।

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸਕੀ ਰਜਾਇ।
ਇਹੁ ਕਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।

ਜਗਤ ਜਲੰਦਾ ਦੇਖਕੇ ਅਕਾਲ ਪੁਰਖ ਨੇ ਜਗਤ ਕਲਿਆਣ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਦਾ ਮਾਨਸ ਰੂਪ ਧਾਰਕੇ, ਜਨਤਾ ਨੂੰ ਆਪਣੇ ਉਪਦੇਸ਼ ਰੂਪੀ ਜਲ਼ ਦੁਆਰਾ, ਸਿਧੇ ਰਾਹੇ ਪਾਕੇ ਕਲਿਆਣ ਕੀਤੀ। ਕਿਰਤ ਕਮਾਈ ਸੁਧ ਵਿਹਾਰ ਗਰਿਸਤ ਵਿਚ ਰਹਿ ਕੇ ਸਭ ਕਮ ਕਰਨੇ ਗਰਿਸਤ ਨੂੰ ਪ੍ਰਧਾਨ ਦਸਿਆ।

ਅਗੋਂ ਨੂੰ ਏਸੇ ਪ੍ਰਕਾਰ ਸਤਿਗੁਰੂ ਨਾਨਕ, ੧-੨-੩ ਚੌਥੀ ਯਕੇਬਾਦਦੀਗਰੇ ਮਾਨਸ ਰੂਪ ਧਾਰਕੇ ਜਨਤਾ ਦੀ ਕਲਿਆਣ ਪ੍ਰਨਾਲੀ ਗੁਰੂ ਰੂਪ ਪੀਹੜੀ ਚਲਾਈ।

ਜਦੋਂ ਯਵਨਰਾਜ ਵਲੋਂ ਜਨਤਾ ਤੇ ਕਹਿਰ ਦੇ ਪਹਾੜ ਢਾਏ ਜਾਣ ਲਗੇ ਜਨਤਾ ਦੀ ਕਿਸੇ ਬਾਂਹ ਨਾ ਫੜੀ ਹਿੰਦੂ ਧਰਮ ਦੇ ਮੁਖੀ ਕਸ਼ਮੀਰ ਪੰਡਤਾਂ ਸਾਹਿਬ ਨਵੇਂ (ਗੁਰੂ ਨਾਨਕ) ਸ੍ਰੀ ਤੇਗ ਬਹਾਦਰ ਜੀ ਦੀ ਸ਼ਰਨ ਆਏ ਤੇ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸ਼ਰੀਰ ਰੂਪੀ ਭਾਂਡੇ ਦੀ ਅਹੂਤੀ ਪਾਈ।

ਰੁੜ੍ਹਦੀ ਜਾਂਦੀ ਹਿੰਦ ਰਖ ਲਈ। ਇਤ ਅਦਤ ਵਿਸਥਾਰ ਨਾਲ ਦੇਖੋ ਭੂਮਕਾ ਨਾਂਮ-ਧਾਰੀ ਨਿਤਨੇਮ (ਸ੍ਰੀ ਚਕਰ ਵਰਤੀ)।

ਅਜੇ ਅਗਲਾ ਪਰੋਗਰਾਮ ਬਾਕੀ ਸੀ ਦਸਵੇਂ (ਗੁਰੂ ਨਾਨਕ) ਸਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਏਸਨੂੰ ਪੂਰਨ ਰੂਪ ਵਿਚ ਰਖਣ ਵਾਸਤੇ ਹਿੰਦੂ ਧਰਮ ਤੇ ਆਪਣਾ ਸਾਰਾ ਸਰਬੰਸ ਬਲੀ ਦਾਨ ਕਰ ਦਿਤਾ। ਹਿੰਦੂ ਜਾਤੀ ਦੀ ਗੁਰਬਤਾ,ਗੀਧੀ ਪੁਣਾ,ਦੂਰ ਕਰਨ ਦਾ ਜਤਨ ਅਰੰਭ ਕਰ ਦਿਤਾ, ੧੭੬੫ ਬਿ: ਦੀ ਵਸਾਖੀ ਨੂੰ ਸ੍ਰੀ ਕੇਸਗੜ੍ਹ ਸਹਿਬ ਆਨੰਦ ਪੁਰ ਬੜਾ ਭਾਰੀ ਦਿਵਾਨ ਕਰਕੇ ਹਿੰਦੂ ਜਾਤੀ ਦੇ ਭਲੇ ਹਿਤ ਪਰੀਖਿਆ ਕਰਕੇ ਜੋ ਪੰਜ ਪਿਆਰੇ ਪਰੀ-ਖਿਆ ਦਾ ਸਿਟਾ ਨਿਕਲਿਆ। ਖੰਡੇ ਦਾ ਅੰਮ੍ਰਿਤ (ਪੌਹਲ) ਛਕਾਕੇ ਅਸਲੀ ਰੂਪ ਖਾਲਸਾ ਪੰਥ ਸਜਾਇਆ ਜਿਸ ਦਾ ਮੁਖ ਮੰਤਵ ਜੁਲਮ ਦੀ ਜੜ ਪੁਟਣ ਦਾ ਸੀ, ਆਪ ਨੂੰ ਜਿਤਨਾ ਹਿੰਦੂ ਤੇ ਖਾਲਸੇ ਨਾਲ ਪਿਆਰ ਸੀ। ਇਤਨਾ ਹੀ ਬੁਧੂ ਸ਼ਾਹ ਦੇ ਮੁਰੀਦ ਪਠਾਨਾ ਨਾਲ ਵੀ ਹਿਤ ਸੀ। ਆਪ ਨੇ ਸਰਬੰਸ ਬਲੀ ਦਾਂਨ ਕਰਕੇ ਹਿੰਦੂ ਧਰਮ ਨੂੰ ਬਚਾਇਆ।

Sri Satguru Jagjit Singh Ji Elibrary NamdhariElibrary@gmail.com

ਆਪ ਦੀ ਸਿਖਿਆ ਲੈਕਰ ਬਾਬਾ ਬੰਦਾ ਜੀ ਨੇ ਪੰਜਾਬ ਵਿਚ ਪੈਰ ਰਖਿਆ।

ਹਕੂਮਤ ਦੀ ਚਾਲ ਨਾਲ ਖਾਲਸੇ ਅਤੇ ਬਾਬੇ ਦੀ ਵਿਗੜ ਗਈ। ਦੋਨਾਂ ਧਿਰਾਂ ਨੂੰ ਬਹੁਤ ਨੁਕਸਾਨ ਹੋਇਆ। ਖਾਲਸੇ ਨੇ ਜੱਥਿਆਂ ਦੇ ਰੂਪ ਵਿਚ ੧੨ ਮਿਸਲਾਂ ਬਨਾਕੇ ਮੁਸਲਮ ਰਾਜ ਤੋਂ ਕਾਫੀ ਜਿਤ ਪਰਾਪਤ ਕੀਤੀ। ਰਣਜੀਤ ਸਿੰਘ ਮਹਾਰਾਜਾ ਰਣਜੀਤ ਸਿੰਘ ਪਿਛੋਂ ਭਾਈਮਾਰੂ ਕੌਬਾ ਨੀਤੀ ਨੇ ਆਪਨੀ ਖੁਦਗਰਜੀ ਦਾ ਰਾਜ ਕੈਮ ਕਰ ਲਿਆ, ਜੋ ੫੦ ਸਾਲ ਭੀ ਅਟਲ ਨਾ ਰਹਿ ਸਕਿਆ ਡੋਗਰਾ ਗਰਦੀ ਤੇ ਖਾਲਸੇ ਦੇ ਆਪਣੇ ਕਰਤਬਾਂ ਕਾਰਨ ਪੰਜਾਬ ਤੋਂ ਸਿਖ ਰਾਜ ਦਾ ਦੀਵਾ ਗੁਲ ਹੋ ਗਿਆ। ਜੋ ਇਸਤਰਾਂ ਲਿਖਆ ਹੈ।

ਗੁਰੂ ਦਸਮੇਸ਼ ਜੀ ਦੇ ਪਿਛੋਂ ਜਦੋਂ ਖਾਲਸੇ ਨੇ ਛਡਦਿਤਾ ਰਾਹ ਤੇ ਕੁਰਾਹ ਆਨ ਮਲਿਆ। ਬੁਰਛਿਆਂ ਨੇ ਲੁਟ ਮਾਰ ਦੇਸ ਵਿਚ ਖੂਬ ਕੀਤੀ ਨਿਰਬਲਾਂ ਨਿਰਦੋਸਿਆਂ ਗਰੀਬਾਂ ਨੂੰ ਦਬਲਿਆ। ਅੰਨਦਾਤੇ ਰੱਬ ਦਾ ਹੈ ਵੈਰ ਮਸ਼ਹੂਰ ਧੁਰੋਂ ਵਾਹਿਗੁਰੂ ਨੇ ਇਨਾਂ ਦਾ ਵੀ ਤਖਤਾ ਉਥਲਿਆ। ਫੇਰ ਕਲਜੁਗ ਵਿਚ ਸਤਿਜੁਗ ਲਾਨ ਲਈ ਉਸੇ ਜੋਤ ਨਿਜ ਰੂਪ ਰਾਮ ਸਿੰਘ ਘਲਿਆ।

(ਹੋਰ ਬਹੁਤ ਕੁਛ ਗਿਆਨੀ ਗਿਆਨ ਸਿੰਘਜੀ ਦੇ ਪੰਥ ਪਰਕਾਸ ਐ: ੧: ਵਿਚ ਵੇਖੋ) ਵਿਸਥਾਰ ਨਾਲ ਦੇਖੋ ਨਾਮਧਾਰੀ ਨਿਤਨੇਮ ਭੂਮਕਾ ਕਿਰਤ (ਸ੍ਰੀ ਚਕਰ ਵਰਤੀ ਜੀ) ਅਤੇ ਪੁਸਤਕ 'ਗੁਰੂ ਪਦਪ੍ਰਕਾਸ਼ ਜੁਗ ਪਲਟਾਊ' ਸਤਿਗੁਰੂ ਸ੍ਰੀ ਨਿਧਾਨ ਸਿੰਘ ਜੀ ਆਲਿਮ।

ਪਿਆਰੇ ਖਾਲਸੇ ਨੂੰ ਜਿਸ ਵਾਸਤੇ ਸ੍ਰੀ ਗੁਰੂ ਨਾਨਕ ਤੇ ਸਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਬਲੀਦਾਨ ਦੇਕੇ ਕੈਮ ਕੀਤਾ ਸੀ ਅਜੇਹੀ ਵਿਗੜੀ ਦਿਸ਼ਾ ਵੇਖਕੇ ਕਦ ਸਹਾਰ ਸਕਦੇਸੀ ਗਿਆਰਵਾਂ ਰੂਪ ਗੁਪਤ (ਗੁਰੂ ਨਾਨਕ ਜੀ,) ਖੇਲ ਖੇਲੇ ਉਪਰੰਤ ਆਪਦੀ ਜਗਦੀ ਜੋਤ ਮਾਘ ਸੁਦੀ ਬਸੰਤ ਪੰਚਮੀ ੧੮੭੨ ਬਿ: ਨੂੰ ਬਾਰਵਾਂ ਸ੍ਰੀ ਗੁਰੂ ਨਾਨਕ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ ਵਿਚ ਸ੍ਰੀ ਭੈਣੀ ਸਾਹਿਬ ਪ੍ਰਗਟ ਹੋਏ। ਤੇ ਸੁਕੀ ਸੜੀ ਮੁਰਝਾਈ ਹੋਈ ਸਿਖੀ ਨੂੰ ਨਵੇ ਸਿਰੇ ਕਾਇਮ ਕੀਤਾ।

ਸਿਖੀ ਵਾਲੀ ਰੀਤ ਮਿਟ ਜਾਂਦੀ।
ਰਖੀ ਸਤਿਗੁਰ ਰਾਮ ਸਿੰਘ ਨੇ।

ਆਪਦਾ ਬਚਪਨ ਸਾਧਾਰਨ ਜੇਹੇ ਇਕ ਪੇਂਡੂ ਜੀਵਨ ਵਿਚ ਪਲਿਆ ਅਤੇ ਜੁਵਾ ਅਵ ਸਥਾ ਦਾ ਕੀਮਤੀ ਹਿਸਾ ਸਿਖ ਰਾਜ ਦੀ ਇਕ ਸਿਖ (ਨੌ ਨਿਹਾਲ ਸਿੰਘ) ਪਲਟਨ ਵਿਚ ਸਿਖੀ ਦੀ ਜਾਚ ਕੀਤੀ।

ਘਰ ਦੀ ਫੁਟ ਤੇ ਡੋਗਰਾ ਗਰਦੀ ਦੇ ਕਾਰਨ ਸਿਖ ਰਾਜ ਦਾ ਚਰਾਗ ਗੁਲ ਹੋ ਚੁਕਾ ਸੀ, ਹਜ਼ੂਰ ਨੇ 'ਪੰਜਾਬ, ਸਿਖਾਂ ਤੋਂ ਖੁਸਣ ਤੋਂ ਪੈਹਲਾਂ ਹੀ ਨੌਕਰੀ ਛੱਡ ਸ੍ਰੀ ਭੈਣੀ ਸਾਹਿਬ ਡੇਰੇ ਆ ਲਾਏ ਜਿਥੇ ਆਪਨੇ ਅਧਿਕ ਤਪ-ਸਿਆ ਸਾਧੀ ਅਤੇ ਸਦਾ ਵਰਤ ਲੋਹ ਲੰਗਰ ਖੋਹਲ ਦਿਤਾ ਜੋ ਅਜਤਕ ਇਕ ਰਸ ਚਲਦਾ ਹੈ) ਹੁਣ 'ਪੰਜਾਬ, ਤੇ 'ਗੋਰਿਆਂ' ਦਾ ਚੰਗੀ ਤਰਾਂ ਕਬਜਾ ਹੋ ਚੁਕਾ ਸੀ ਸਿਖ ਰਹੀਸ਼. ਜਗੀਰਦਾਰ ਸਭ ਖੁਸ਼ਾਮਦੀ ਚਾਟੜੇ ਹੋ ਗਏ ਨਾਲ ਹੀ ਸਿਖ ਧਰਮ ਸ਼ਰਮ ਸਭ ਠਪ ਹੋ ਗਿਆ 'ਪੰਜਾਬ' ਦਾ ਪੰਜਾਬੀ ਰਾਜ ਖਤਮ ਹੋਕੇ ਸਦਾ ਵਾਸਤੇ ਗੁਲਾਮ ਬਣ ਗਿਆ 'ਬਾਰਮੇ ਗੁਰੂ ਨਾਨਕ (ਸਤਿਗੁਰੂ ਰਾਮ ਸਿੰਘ

ਜੋ ਅਕਾਲ ਪੁਰਖ) ਕਦੋਂ ਸਹਾਰ ਸਕਦੇ ਸੀ' ਆਪਨ ਮੁੜ ਨਵੇਂ ਸਿਰੇ (ਭੈਣੀ ਸਾਹਿਬ ਵਿਖ ਸੰ: ੧੯੧੪ ਬਿ: ਦੀ ਵੈਸਾਖੀ ਨੂੰ ਅਮਰਤ ਪ੍ਰਚਾਰ ਕਰਕੇ ਖਾਲਸੇ ਨੂੰ ਮੁੜ ਆਪਣ ਸਰੂਪ ਵਿਚ ਕੈਮ ਕੀਤਾ ਤੇ ਦੇਸ ਵਿਚ ਦੌਰਾ ਕਰਕੇ ਸਿੰਘ ਸਜਾਏ (ਪਿੰਡ ਧਲੇਤਾ ਜਲੰਧਰ ਦਾਸ ਦਾ ਨਗਰ) ਨੂੰ ਆਪਜੀ ਨੇ ਸਭ ਤੋਂ ਪਹਿਲਾਂ ਚਰਨ ਪਾਕੇ ਤਾਰਿਆ। ਏਥੇ ਇਕ ਬੜੀ ਲੋੜੀਦੀ ਘਟਨਾ ਦਾ ਜ਼ਿਕਰ ਹੈ। ਏਥੋਂ ਦਾ ਇਕ ਮਰਾਸੀ ਭਾਈ ਦਿਤੂ ਨੂੰ ਘਰੋਂ ਸਦਕੇ ਆਖਿਆ ਤੂ ਸਾਡਾ ਪੈਹਲ ਜਾਮੇਂ ਦਾ ਮਿਤ੍ਰ ਮਰਦਾਨਾ ਹੈਂ ਚਲ ਹੁਣ ਸਾਡੇ ਨਾਲ ਅਪਨਾ ਕੰਮ ਕਰਕੇ ਦੁਨੀਆਂ ਨੂੰ ਰਾਹੇ ਪਾਈਏ ਆਪਨੇ ਇਸ ਮੁਸਲਮਾਨ ਖਾਨ ਦਾਨ ਨੂੰ ਅਮਰਤ ਛਕਾਕੇ ਸਿੰਘ ਸਜਾਕੇ ਕੀਰਤਨ ਅਰੰਭ ਕਰਾਇਆ। ਆਪ ਦਾ ਹੁਕਮ ਹੈ ਕੇ ਬਗਰ ਅੰਮਰਤਧਾਰੀ ਤੋਂ ਕੀਰ-ਤਨ ਨਹਾਂ ਸੁਣਨਾ ਜਿਸਦੀ ਸਮੇ ਦੇ ਸਤਿ-ਗੁਰੂ ਪ੍ਰਤਾਪ ਸਿੰਘ ਜੀ ਪਾਲਨਾ ਕਰਦੇ ਹਨ। ਹਜ਼ੂਰ ਨੇ ਥੋੜ ਸਮੇਂ ਵਿਚ ਸਾਰੇ ਪੰਜਾਬ ਨੂੰ ਆਪਣੇ ਵਲ ਖਿਚ ਲਿਆ, ਜੋੜਾ ਇਕ ਵੇਰ ਦਰਸ਼ਨ ਕਰਦਾ ਉਹ ਮੁਰੀਦ ਬਣ ਜਾਂਦਾ, ਜੈਸੇ ਕਿ ਪਟਿਆਲੇ ਰਾਜ ਵਲੋਂ ਸ੍ਰ. ਹੀਰਾ ਸਿੰਘ ਜੀ ਖੁਫੀਆ ਸੂਹ ਲੈਣ ਆਏ ਏਥੇ ਹੀ ਰਹੇ, ਜਿਨਾਂ ਸ਼ਹੀਦੀ ਜਾਮ ਪੀਕੇ ਸ਼ਹੀਦਾਂ ਦੇ ਜਥੇਦਾਰ ਬਣਕੇ ਅਗਵਾਈ ਕੀਤੀ। ਭਾਰਤ ਦੀ ਅਜ਼ਾਦੀ ਵਾਸਤੇ ਗੋਰਿਆਂ (ਬਿਲਿਆਂ ਦੀ ਗੌਰਮਿੰਟ ਜੋ ਆਪਣੇ ਆਪਨੂੰ ਅਨਸਾਫੀਆ ਪ੍ਰਜਾ ਰਖਸ਼ਕ ਦੀ ਡੀਂਗ ਭਰਦੀ ਸੀ, ਜਿਸਦੀ ਕੁਟਲਨੀਤੀ ਦਾ ਮੁਕਾ-ਬਲਾ ਸ਼ੁਰੂ ਕੀਤਾ, ਉਸਦਾ ਫਲ ਸਰੂਪ ਅਜ ਭਾਰਤ ਅਜ਼ਾਦ ਦੇਖ ਰਹੇ ਹੋ। ਮੇਰੇ ਬਾਰਵੇਂ ਗੁਰੂ ਨਾਨਕ ਨੇ ਕਾਂਗਰਸ ਦੇ ਜਨਮ ਤੋ ਤਕਰੀਬਨ ਦਸ ਪੰਦਰਾਂ ਵਰ੍ਹੇ ਪਹਿਲਾਂ ਹੀ ਨਾ-ਮਿਲਵਰਤਨ ਦੇ ਅਸੂਲ ਕਾਇਮ ਕੀਤੇ ਸਨ। ਜੈਸਾ ਕਿ—

੧. ਅੰਗਰੇਜ਼ ਦੀ ਵਿਦਿਆ ਨਹੀਂ ਪੜ੍ਹਨੀ।

੨. ਅਦਾਲਤਾਂ ਵਿਚ ਨਹੀਂ ਜਾਣਾ ਤੇ ਆਪਣੇ ਪੰਚਾਇਤੀ ਫੈਸਲੇ ਕਰਨੇ।

੩. ਖਦਰ ਧਾਰਨ ਕਰਨਾ ਤੇ ਘਰ ਚਰਖਾ ਕਪੜਾ ਉਣਨਾ।

੪. ਡਾਕਖਾਨੇ ਰਾਹੀਂ ਚਿਠੀ ਪਤ੍ਰ ਨਹੀਂ ਭੇਜਣਾ।

੫. ਰੇਲ ਤੇ ਸਵਾਰੀ ਨਹੀਂ ਕਰਨੀ।

੬. ਇਹਨਾਂ ਦੀਆਂ ਬਣਾਈਆਂ ਨਹਿਰਾਂ ਦਾ ਪਾਣੀ ਨਹੀਂ ਲੈਣਾ।

ਇਹਨਾ ਅਸੂਲਾਂ ਨੂੰ ਸ੍ਰੀ ਗਾਂਧੀ ਜੀ ਨੇ ਅਪਨਾਕੇ ਅੰਗਰੇਜ਼ ਨਾਲ ਮੱਥਾ ਲਾਇਆ, ਆਪਨੂੰ ਪੂਰੀ ਕਾਮਯਾਬੀ ਹੋਈ।

ਹੋਰ ਵਧੇਰੇ ਲਿਖਣ ਤੋਂ ਇਤਨਾ ਹੀ ਕਾਫੀ ਹੈ, ਸਚ ਮੁਚ ਹੀ ਜੇਕਰ ਸਤਿਗੁਰੂ ਰਾਮ ਸਿੰਘ ਜੀ ਖਾਲਸੇਦੀਅਗਵਾਈਨਾਕਰਦੇ ਤਾਂ ਬਿਲਕੁਲ ਹੀ ਸਿਖ ਧਰਮ ਦਾ ਬੋਰੀਆ ਬਿਸਤਰਾ ਅੰਗਰੇਜ਼ਾਂ ਦੇ ਸਾਥ ਹੀ ਪੰਜਾਬ ਨਹੀ ਭਾਰਤ ਤੋਂ ਵੀ ਕੂਚ ਕਰਕੇ ਰਸਾਤਲ ਪਹੁੰਚ ਜਾਂਦਾ। ਅੰਗ੍ਰੇਜ਼ਾਂ ਦੀ ਸਭਤਾ ਤੇ ਵਿਦ-ਵਿਤਾ ਦਾ ਅਸਰ ਅਜ ਤੱਕ ਸਿਖਾਂ ਵਿਚੋਂ ਫੁਟ ਫੁਟ ਨਿਕਲਦਾ ਹੈ। ਏਹ ਸੋਲਾਂ ਆਨੇ ਸਚ ਹੈ।

ਖਾਲਸੇ ਦੀ ਰੀਤ ਮਿਟਦੀ ਜਾਂਦੀ,
ਰਖੀ ਸਤਿਗੁਰੂ ਰਾਮ ਸਿੰਘ ਨੇ।

ਸੰਤ ਆਤਮਾ ਸਿੰਘ ਸਨਖਤ੍ਰਵੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਰੂਸ

ਇਸ ਗਲ ਵਿਚ ਕੋਈ ਸ਼ਕ ਨਹੀਂ ਕਿ ਦੁਨੀਆਂ ਵਿਚ ਰੂਸ ਇਕ ਬੜਾ ਵਿਸ਼ਾਲ ਵੱਡਾ, ਦੇਸ਼ ਹੈ ਉਥੋਂ ਦੀ ਵਸੋਂ ਤੇ ਉਪਜ ਬਾਕੀ ਦੁਨੀਆਂ ਨਾਲੋਂ ਤਕਰੀਬਨ ਅਧੀ ਸਮਝੀ ਜਾਂਦੀ ਹੈ।

ਆਮ ਤੌਰ ਤੇ ਇਸ ਦੂਸਰੇ ਦੇਸ਼ ਦੀ ਵਾਕਫ਼ੀ ਜੁਗਰਾਫੀਏ ਜਾਂ ਨਕਸ਼ੇ ਤੋਂ ਹੀ ਹੋ ਸਕਦੀ ਹੈ ਜਾਂ ਵੱਡਾ ਵਾਪਾਰਕ ਵਿਹਾਰ ਕਰਨ ਵਾਲੇ ਲੋਕਾਂ ਨੂੰ ਇਕ ਦੂਸਰੇ ਮੁਲਕ ਦਾ ਕੁਝ ਨ ਕੁਝ ਗਿਆਨ ਹੁੰਦਾ ਹੈ।

ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਨਾਲ ਪੰਜਾਬ ਦੇ ਵਸਨੀਕ ਆਮ ਸਧਾਰਨ ਲੋਕਾਂ ਵਿਚ ਜੋ ਰੂਸ ਸ਼ਬਦ (ਨਾਮ) ਦਾ ਮੁਹਾਵਰਾ ਪ੍ਰਸਿਧ ਹੋਇਆ ਉਹ ਕਿਸੇ ਪੰਜਾਬ ਦੀ ਪੇਂਡੂ ਜਨਤਾ ਤੋਂ ਭੁਲਿਆ ਹੋਇਆ ਨਹੀਂ।

ਮੈਨੂੰ ਤਾਂ ਇਓਂ ਭਾਸਦਾ ਹੈ ਕਿ ਜਿਸ ਦਿਨ ਤੋਂ ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਨਿਯਮ ਉਪ ਨਿਯਮ ਨਿਸ਼ਚਤ ਕਰਕੇ ਆਮ ਲੋਕਾਂ ਦੇ ਸਾਹਵੇਂ ਰਖ, ਉਸੇ ਦਿਨ ਤੋਂ ਹੀ ਰੂਸ ਨਾਮ ਦੀ ਇਕ ਕਹਾਵਤ ਜੀ ਪ੍ਰਸਿਧ ਹੋ ਗਈ ਕਿਉਂਕਿ ਮੇਰੇ ਚੀਨੀ ਵਾਲੇ ਅੰਤ੍ਰਜਾਮੀ ਸਤਿਗੁਰੂ ਨੇ ਔਣ ਵਾਲੇ ਸਿਆਸੀ ਸਮੇਂ ਨੂੰ ਜਦੋਂ ਆਪਨੇ ਅਨੁਭਵ ਨਾਲ ਤਕਿਆ ਤਾਂ ਹਜ਼ੂਰ ਨੂੰ ਦੁਨੀਆਂ ਦੇ ਆਰਥਕ ਤੇ ਵਿਹਾਰਕ ਸਿਲਸਿਲੇ ਦਾ ਚੰਗਾ ਤਰੀਕਾ ਉਹੋ ਨਜ਼ਰ ਆਇਆ, ਜਿਹੜਾ ਪੰਜਾਬ ਤੋਂ ਹਜ਼ਾਰਾਂ ਕੋਹਾਂ ਦੂਰ ਇਕ ਦੇਸ ਵਿਚ ਬਾਕੀ ਮੁਲਕਾਂ ਤੋਂ ਪਹਿਲਾਂ ਪ੍ਰਚਲਤ ਹੋਣ ਵਾਲਾ ਸੀ, ਕਿਉਂਕਿ ਜਦੋਂ ਸਤਿਗੁਰਾਂ ਨਾਮਧਾਰੀ ਪੰਥ ਦੀ ਰਚਨਾ ਰਚੀ ਤੇ ਹੋਰ ਨਵੀ ਰੂਸ ਔਣ ਸਬੰਧੀ ਭਵਿਖਤ ਬਚਨ ਕੀਤੇ। ਉਸ ਵਕਤ ਰੂਸ ਦੀ ਪਹਿਲੀ ਹਾਲਤ ਕੋਈ ਸੁਧਰੀ ਹੋਈ ਨਹੀਂ ਸੀ ਸਗੋਂ ਗਿਰਾਵਟ ਵਲ ਜਾ ਰਹੀ ਸੀ। ਉਹ ਦੇਸ਼ ਸੀ ਰੂਸ ਅਰ ਉਹ ਤਰੀਕਾ ਸੀ ਆਮ ਜਨਤਾ ਦੀ ਸਾਂਝੀਵਾਲਤਾ ਦਾ ਅਰ ਦੂਸਰੇ ਪਾਸੇ ਸ੍ਰੀ ਸਤਿਗੁਰਾਂ ਦਾ ਆਪਣਾ ਪ੍ਰੋਗ੍ਰਾਮ ਭੀ ਏਹੋ ਸੀ ਕਿ—

ਰਾਮ ਸਿੰਘ ਉਠੈ ਨੀਚਨ ਡਰੈ।
ਅਵਨੀ ਏਕ ਰਸੋਈ ਕਰੈ। [ਸੌ ਸਾਖੀ

ਇਸਤੋ ਸ੍ਰੀ ਸਤਿਗੁਰਾਂ ਨੇ ਆਪਣੇ ਧਾਰਮਕ ਪ੍ਰੋਗ੍ਰਾਮ ਤੋਂ ਇਲਾਵਾ ਦਸ਼ ਦੇ ਸੁਧਾਰ ਸਬੰਧੀ ਦੂਜੇ ਕਿਸੇ ਦੇਸ਼ ਵਿਚ ਪੈਦਾ ਹੋਣ ਵਾਲੀ ਉਸ ਸਕੀਮ ਨੂੰ ਭੀ ਪਸੰਦ ਕੀਤਾ, ਜਿਸਨੂੰ ਹਜ਼ੂਰ ਆਪ ਭੀ ਪ੍ਰਚਲਤ ਕਰਨਾ ਚਾਹੁੰਦੇ ਸਨ।

ਏਹੋ ਕਾਰਨ ਸੀ ਕਿ ਜਿਥੇ ਸਤਿਗੁਰੂ ਜੀ ਅੰਤ੍ਰਯਾਮੀ ਕਦੇ ਔਣ ਬਾਰੇ ਬਚਨ ਕਰਦੇ ਤਾਂ 'ਭਾਈ ਰੂਸ ਪੰਜਾਬੇ ਆਵੇਗਾ'' ਰੂਸਾਂ ਨਾਲ ਅਸੀਂ ਆਵਾਂਗੇ। ਏਹ ਝੰਡੀ ਲੈ ਲੈ ਸਦਾ ਸਾਡੇ ਪਿਛੇ ਨਹੀਂ ਰਹਿਣੀ, ਸਭ ਦੁਨੀਆਂ



ਭਾਰਤ ਵਿਚ ਬ੍ਰਿਟਿਸ਼ ਸੱਤਾ ਦੀਆਂ ਜੜਾਂ ਪੁੱਟਣ ਲਈ ਸਵਤੰਤ੍ਰਤਾ ਸੰਗਰਾਮ ਦਾ ਪ੍ਰਿਥਮ **ਧਵਜ** ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ੧ ਵਿਸਾਖ ਸੰਮਤ ੧੯੧੪ ਮੁਤਾਬਕ ੧੨—੧੩ ਅਪਰੈਲ ੧੮੫੭ ਨੂੰ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਪੰਜਾਬ ਵਿਚ ਸਥਾਪਤ ਕੀਤਾ ।

Sri Satguru Jagjit Singh Ji Elibrary NamdhariElibrary@gmail.com

ਾ ਗਰ ਲਗੇਗੀ, ਜਾਗੀਰਦਾਰੀਆਂ ਤੇ ਬਾਦ-ਾ ਾਹੀਆਂ ਸਭ ਖਤਮ ਹੋ ਜਾਣਗੀਆਂ।

ਹੋਵੇਗਾ ਆਟਾ, ਨਹੀਂ ਤਾਂ ਦਲੀਆ ਜ਼ਰੂਰ ਹੋਊ, ਆਦਕ।

ਜੇਹੜੇ ਸੁਭਾਗੇ ਲੋਕ ਉਸ ਵਕਤ ਸ੍ਰੀ ਸਤਿਗੁਰਾਂ ਦੀ ਰਸਨਾਂ ਤੋਂ ਅਜੇਹੇ ਬਚਨ ਸੁਣਦੇ ਉਹ ਆਮ ਲੋਕਾਂ ਵਿਚ ਭੀ ਚਰਚਾ ਕਰਦੇ, ਭਾਵੇਂ ਉਨਾਂ ਦੀ ਚਰਚਾ ਕਰਨ ਵਿਚ ਕਈਇਕ ਗਲਤ ਬਿਆਨੀਆਂ ਭੀ ਹੋ ਜਾਂਦੀਆਂਪਰ ਫਿਰ ਭੀ ਰੂਸ ਪੰਜਾਬੇ ਔਣਦੀ ਕਹਾਵਤ ਮਸ਼ਹੂਰ ਹੋ ਗਈ।

ਜਦ ਰੂਸ ਪੰਜਾਬੇ ਆਵੇ।
ਰੁਪੈ ਸੇਰ ਅੰਨ ਵਿਕਾਵੇ।
ਦੁਨੀਆਂ ਮਰੇ ਅੰਨ ਦੇ ਹਾਵੇ।
ਚੋਰ ਉਚਕਾ ਲੁਟ ਲੁਟ ਖਾਵੇ।
ਮੇਰਾ ਸਿਖ ਭੁਖਾ ਨ ਜਾਵੇ।

ਇਤ ਆਦਕ ਕਹਾਵਤਾਂ ਆਮ ਪਿੰਡਾਂ ਵਿਚ ਉਸ ਵੇਲੇ ਝਟ ਪਟ ਹੀ ਲੋਕ ਆਖਨ ਲਗ ਪਏ, ਜਦੋਂ ਕਦੇ ਕਿਸੇ ਥਾਂ ਭੀ ਕੂਕਿਆਂ ਸਬੰਧੀ ਗਲ ਹੁੰਦੀ। ਉਸ ਵਕਤ ਸਿਆਣੇ ਕਹਾਵਨ ਵਾਲੇ ਲੋਕ ਪੇਂਡੂ ਜਨਤਾ ਦੀਆਂ ਤੇ ਕੂਕਿਆਂ ਦੀਆਂ ਅਜਿਹੀਆਂ ਸਾਖੀਆਂ ਤੇ ਗਲਾਂ ਨੂੰ ਘਟ ਤੋਂ- ਘਟ ਇਕ ਬੇਸਮਝੀ ਤੇ ਜਿਆਦਾ ਤੋਂ ਜਿਆਦਾ ਪਾਗਲਾਂ ਦੀਆਂ ਕਹਾਣੀਆਂ ਦਾ ਖਤਾਬ ਦੇਂਦੇ ਕਿਸੇ ਪੜ੍ਹੇ ਲਿਖੇ ਦੇ ਖਿਆਲ ਵਿਚ ਸਾਡੇ ਭਾਰਤ ਵਰਸ਼ ਵਿਚ ਜਿਥੇ ਕਿ ਅੰਗ੍ਰੇਜ਼ੀ ਰਾਜ ਦਾ ਜਾਲ ਵਿਛਿਆ ਹੋਇਆ ਸੀ ਅਰ ਜਦ ਕਿ ਉਹ ਇਸ ਗਲ ਤੋਂ ਸੁਚੇਤ ਭੀ ਚੰਗਾ ਸੀ ਕਿ ਹਿੰਦੁਸਤਾਨ, ਵਿਚ ਹੋਰ ਕੋਈ ਸੁਧਾਰਕ ਜਾਂ ਹਕੂਮਤ, ਅਖ ਭਰਕੇ ਭੀ ਨ ਵੇਖ ਸਕੇ ਤੇ ਹਰ ਵਕਤ ਬੜੀ ਚੋਕੰਨੀ ਪਾਲਸੀ ਨਾਲ ਆਪਨੇ ਹਰ ਕੰਮ ਨੂੰ ਅੰਜਾਮ ਦੇ ਰਿਹਾ ਸੀ ਕਿਸੇ ਹੋਰ ਸੁਧਾਰ ਜਾਂ ਹਕੂਮਤ ਸਬੰਧੀ ਖਿਆਲ ਔਣਾ ਭੀ ਇਕ ਅਨਹੋਣੀ ਗਲ ਸੀ।

ਸਗੋਂ ਜਿਥੇ ਅੰਗ੍ਰੇਜ਼ ਨੇ ਸਤਿਗੁਰਾਂ ਦੇ ਇਨਾਂ ਬਚਨਾਂ ਤੋਂ ਡਰ ਪ੍ਰਤੀਤ ਕਰਕੇ ਹਜ਼ੂਰ ਤੇ ਕਈ ਨਗਰਾਨੀਆਂ ਤੇ ਪਾਬੰਦੀਆਂ ਤੋਂ ਆਖਰ ਜਲਾਵਤਨੀਆਂ ਦਾ ਤਰੀਕਾ ਅਖ਼ਤਿਆਰ ਕੀਤਾ ਉਥੇ ਭਾਰਤ ਵਾਸੀਆਂ ਤੇ ਪੰਜਾਬੀ ਸਿਆਸਤਦਾਨਾਂ ਭੀ ਹਕੂਮਤ ਦਾ ਸਾਥ ਦੇਕੇ ਸਤਿਗੁਰਾਂ ਦੇ ਉਪ੍ਰੋਕਤ ਬਚਨਾਂ ਦੀ ਮੁਖਾਲਫਤ ਕੀਤੀ ਹਾਲਾਂ ਉਨਾਂ ਬਚਨਾਂ ਵਿਚ ਅੰਗ੍ਰੇਜ਼ ਨੂੰ ਤਾਂ ਡਰ ਹੋਣਾ ਲਾਜ਼ਮੀ ਸੀ ਤੇ ਭਾਰਤ ਵਾਸੀਆਂ ਨੂੰ ਸਤਿਗੁਰਾਂਦੇਪ੍ਰੋਗ੍ਰਾਮ ਮੁਤਾਬਕ ਫਾਇਦਾ ਹੋਣਾ ਸੀ ਪਰੰਤੂ ਗੁਲਾਮੀ ਦੇ ਦਬਾਉ ਹੇਠਾਂ ਉਨਾਂ ਨੂੰ ਅਪਨਾ ਹੋਣ ਵਾਲਾ ਫਾਇਦਾ ਭੀ ਭੁਲਿਆ ਹੋਇਆ ਸੀ।

ਏਹ ਆਖਰ ਅੰਗ੍ਰੇਜ਼ ਦੇ ਕ਼ਾਨੂੰਨ ਦੇ ਸਾਰੇ ਜੰਦਰੇ ਮਾਰਨ ਅਰ ਉਸ ਵੇਲੇ ਦੇ ਝੋਲੀਚੁਕਾਂ ਦੀਆਂ ਅਨੇਕਾਂ ਵਿਸ਼ਵਾਸ ਘਾਤੀਆਂ ਤੇ ਧੋਖੇ ਬਾਜੀਆਂ ਦੀਆਂ ਦੀਵਾਰਾਂ ਖੜੀਆਂ ਕਰਨ ਦੇ ਬਾਵਜੂਦ ਉਹ ਸੂਰਜ ਹਿੰਦੁਸਤਾਨ ਵਿਚ ਸਭ ਦੁਨੀਆਂ ਦੇ ਸਾਮਣੇ ਚੜ੍ਹਿਆ—ਜਿਸਦਾ ਪ੍ਰੋਗ੍ਰਾਮ ਮੇਰੇ ਅੰਤਰਜਾਮੀ ਸਤਿਗੁਰੂ ਨੇ ਸ੍ਰੀ ਭੈਣੀ ਸਾਹਿਬ ਦੇ ਇਕ ਨ ਮਲੂਮ ਜਿਹੇ ਪਿੰਡ ਵਿਚ ਬੈਠਕੇ ਬਣਾਇਆ ਸੀ ਹਾਲਾਂ ਮੈਂ ਏਹ ਪਿਛੇ ਲਿਖ ਆਇਆ ਹਾਂ ਕਿ ਉਸ ਵਕਤ ਦੀ ਰੂਸੀ ਹਕੂਮਤ ਨੂੰ ਭੀ ਪਤਾ ਨਹੀ ਸੀ ਕਿ ਇਸਦਾ ਤਖਤਾ ਉਲਟ ਜਾਵੇਗਾ ਤੇ ਇਹ ਰਾਜ ਆਮ ਜਨਤਾ ਦਾ ਤੇ ਸਾਂਝੀ-

Sri Satguru Jagjit Singh Ji Elibrary NamdhariElibrary@gmail.com

ਵਾਲਤਾ ਦਾ ਰਾਜ ਹੋਵੇਗਾ।

ਅਜ ਭਾਰਤ ਨੂੰ ਆਜਾਦ ਹੋਇਆ ਹਰ ਦੇਸ਼, ਤੇ ਹਰਇਕ ਮਨੁਖ ਵੇਖ ਰਿਹਾ ਹੈ।

ਮੈਨੂੰ ਇਸ ਗਲਦਾ ਕੋਈ ਗਿਲਾ ਨਹੀ ਕਿ ਇਸ ਆਜਾਦੀ ਦਾ ਸੇਹਰਾ ਕਾਂਗ੍ਰਸ ਨਾਮ ਦੀ ਜਮਾਤ ਨੂੰ ਕਿਉਂ ਮਿਲਿਆ ਹੈ ਜਾਂ ਕਾਂਗ੍ਰਸ ਨਾਲ ਮਿਲਕੇ ਨਾਮਧਾਰੀਆਂ ਨੇ ਪੂਰਾ ਸਾਥ ਦੇਕੇ ਇਸ ਨਉਕਾ ਨੂੰ ਬੰਨੇ ਲਾਇਆ ਸੀ ਤੇ ਅਜ ਚੂਰੀ ਖਾਨ ਵਾਲੇ ਹੋਰ ਹੀ ਮਜਨੂੰ ਬਾਟ ਲੈਕੇ ਕਿਉਂ ਤਿਆਰ ਬਰ ਤਿਆਰ ਹੋ ਰਹੇ ਹਨ ਤੇ ਕਾਂਗ੍ਰਸ ਦੇ ਭੰਡਾਰੀ ਭੀ ਉਨਾਂ ਨਾਲ ਹੀ ਲੈਣ ਦੇਣ ਦੀਆਂ ਵਿਓਤਾਂ ਕਿਉਂ ਬਣਾ ਰਹੇ ਹਨ ਤੇ ਨਾਮਧਾਰੀਆਂ ਨੂੰ ਆਮ ਸਾਧਾਰਨ ਲੋਕਾਂ ਵਾਂਗ ਕਿਉ ਰਖਿਆ ਜਾ ਰਿਹਾ ਹੈ (ਜੋ ਕਿ ਇਨਾ ਨਾਲਅਕ੍ਰਿਤ ਘਨਤਾ ਦਾ ਸਬੂਤ ਹੈ) ਮੈਨੂੰ ਤਾਂ ਉਹ ਸਾਰਾ ਪ੍ਰੋਗ੍ਰਾਮ ਵੇਖ ਕੇ ਜੋ ਸਤਿਗੁਰਾਂ ਨੇ ਅਪਨੇ ਅਨਭਵ ਦੁਆਰਾ ਕਿਸੇ ਸਮੇ ਉਲੀਕਿਆ ਸੀ ਐਨ ਇੰਨ ਬਿੰਨ ਪੂਰਾ ਹੁੰਦਾ ਤਕਕੇ ਕਿਸੇ ਅਗੰਮੀ ਅਨੰਦਾਂ ਦਾ ਹਲੂਣਾ ਆ ਜਾਂਦਾ ਹੈ।

ਰੂਸ ਤੇ ਹਿੰਦੁਸਤਾਨ ਦਾ ਆਪਸ ਵਿਚ ਸਬੰਧ, ਵਰਤੋਂ ਵਿਹਾਰ ਇਕ ਦੂਸਰੇ ਦਾ ਸਾਂਝਾ ਤਜਰਬਾ, ਸੁਧਾਰਕ ਸਕੀਮਾਂ ਵਿਚ ਇਕ ਦੂਸਰੇ ਦੀ ਹਿਮਾਇਤ, ਦੁਖ ਸੁਖ ਦੇ ਵੇਲੇ ਇਕ ਦੂਜੇ ਦੀ ਹਮਦਰਦੀ, ਸਾਂਵੇ ਸਟ ਵਾਪਾਰਕ ਲੈਣ ਦੇਣ ਦੇ ਕੰਮ. ਅਜ ਇਹ ਗਲਾਂ ਕਿਸੇ ਤੋਂ ਗੁਝੀਆਂ ਛਿਨੀਆਂ ਨਹੀ ਹਨ ਸ੍ਰੀ ਨੈਹਰੂ ਜੀ ਦਾ ਰੂਸ ਜਾਣਾ ਸ੍ਰੀ ਬੁਲਗਾਨਨ ਦਾ ਹਿੰਦਸਤਾਨ ਔਣਾ ਇਕ ਦੂਸਰੇ ਦੇਸ਼ ਦੀ ਦੋਹਾਂ ਲੀਡਰਾਂ ਵਲੋਂ ਸ਼ਲਾਘਾ ਅਤੇ ਪਰਸਪਰ ਪਿਆਰ ਭਰੀ ਪ੍ਰਾਹੁਨਚਾਰੀ ਤੋਂ ਸਾਰੀਆਂ ਸ਼ੰਕਾਵਾਂ ਦਾ ਖਾਤਮਾ ਹੋ ਜਾਂਦਾ ਹੈ ਜਿਨਾ ਦੀ ਬਾਬਤ ਅਜ ਤੋਂ ਡੇੜ੍ਹ ਸਾਲ ਪੈਹਲਾ ਕਈ ਅਨਮਾਨ ਲਾਏ ਜਾਂਦੇ ਸਨ, ਕੀ ਇਸ ਸਾਰੇ ਸਿਆਸੀ ਮੇਲ ਜੋਲ ਦੇ ਨਾਟਕ ਵਿਚ ਕੋਈ ਗੈਬੀ ਤਾਕਤ ਕੰਮ ਨਹੀ ਕਰ ਰਹੀ? ਜਿਸਦੇ ਆਧਾਰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਜ ਤੋਂ ਸਵਾ ਸੌ ਸਾਲ ਪੈਹਲਾਂ ਅਦ੍ਰਿਸ਼ ਬਚਨ ਪ੍ਰਗਟ ਕੀਤੇ ਸਨ ਕੀ ਅਜ ਦੇ ਚਾਲੂ ਤੇ ਅਗੇ ਚਾਲੂ ਹੋਣ ਵਾਲੇ ਸਿਆਸੀ ਪ੍ਰੋਗ੍ਰਾਮ ਉਹ ਨਹੀ ਜਹੜੇ ਅੰਤ੍ਰਜਾਮੀ ਸਤਿਗੁਰਾਂ ਨੇ ਨਿਸਚਿਤ ਕੀਤੇ ਸਨ ?

ਅਜ ਦੁਨੀਆਂ ਦਾ ਹਰ ਸਿਆਣਾ ਸਿਆਸਤ ਦਾਨ ਹਨਿਰੂ ਬੁਲਗਾਨਨ(ਰੂਸ ਤੇ ਹਿੰਦ) ਦੇ ਰਵਈਏ ਦੀ ਸ਼ਲਾਘਾ ਕਰਦਾ ਨਹੀ ਥੱਕਦਾ ਤੇ ਸਗੋਂ ਇਸ ਗਲ ਦਾ ਚਾਹਵਾਨ ਹੈ ਕਿ ਕਦੋਂ ਹਿੰਦਤੇ ਰੂਸ ਭਰਾਵਾਂ ਦੀ ਤਰਾਂ ਬਿਲਕੁਲ ਇਕ ਮਿਤ੍ਰ ਹੋ ਜਾਣ ਅਤੇ ਇਸ ਉਦੇਸ਼ ਵਾਸਤੇ ਦੋਹਾਂ ਦੇਸ਼ਾਂ ਵਿਚ ਕਈ ਇਕ ਸਕੀਮਾਂ ਭੀ ਚਾਲੂ ਕਰਨ ਦੀਆਂ ਵਿਚਾਰਾਂ ਹਨ ਹੋ ਸਕਦਾ ਹੈ ਕਿ ਇਨਾਂ ਹਰ ਦੋ ਦੇਸ਼ਾਂ ਦੇ ਮੇਲ ਮਿਲਾਪ ਨੂੰ ਦੋਖ ਦ੍ਰਿਸ਼ਟੀ ਨਾਲ ਵੇਖਣ ਵਾਲਿਆਂ ਕੁਝ ਲੋਕਾਂ ਦੇ ਕਾਰਨ ਇਕ ਵੇਰਾਂ ਸਾਰੇ ਸੰਸਾਰ ਵਿਚ ਹੀ ਗੜ ਬੜ ਹੋ ਜਾਵੇ ਜਿਸ ਦੀ ਬਾਬਤ ਸਤਿਗੁਰਾਂ ਦਾ ਭੀ ਬਚਨ ਹੈ ਕਿ "ਰੌਲੀ ਪੜੇ ਦੇਸ਼ ਸਭ ਰੁਲੈ" ਆਦਿ ਪਰ ਇਸ ਤੋਂ ਪਿਛੋਂ ਉਹੋ ਕੁਝ ਹੋਵੇਗਾ ਜੋ ਮੇਰੇ ਚੀਨੀ ਵਾਲੇ ਪਾਤਸ਼ਾਹ ਨੇ ਨਿਸ਼ਚਿਤ ਕੀਤਾ ਹੋਇਆ ਹੈ ਕਿਓਂਕਿਜਿਵੇਂ ਅਜਤਕ ਦਾ ਪਿਛਲਾ ਹੋ ਚੁਕਾ ਸਾਰਾ ਸਿਸਟਮ ਕੁਦਰਤੀ ਤੌਰ ਤੇ ਸਤਿਗੁਰਾਂ ਦੇ ਬਚਨਾ ਮੁਤਾਬਕ ਹੋਇਆ ਹੈ ਤਾਂ ਅਗੋਂ ਵਾਸਤੇ ਕੀ

Sri Satguru Jagjit Singh Ji Elibrary NamdhariElibrary@gmail.com

ਸੰਸਾ ਹੈ ਸਗੋਂ ਅਗੋਂ ਹੋਣ ਵਾਲੇ ਕੰਮ ਦੀ ਪੂਰਤੀ ਵਾਸਤੇ ਪਿਛੋ ਜੋ ਕੁਝ ਹੋਇਆ ਹੈ। ਹੋਇਆ, ਜਿਥੇ ਅਗਲੇ ਟੇ ਪ੍ਰੋਗਰਾਮ ਵਿਚ ਸਾਰੇ ਸੰਸਾਰ ਵਿਚ ਹੀ ਇਕ ਨਵਾ ਪ੍ਰੀਵਰਤਨ ਦੇਹੋ ਜਾਣਦਾ ਅਨੁਮਾਨ ਹੈ ਓਥੇ ਨਾਮਧਾਰੀਆਂ ਦੀ ਉਹ ਆਸ ਭੀ ਪੂਰੀ ਹੋ ਜਾਣ ਦੀ ਪੂਰੀ ਸੰਭਾਵਨਾ ਹੈ – ਜਿਸ ਆਸ ਦੀ ਪੂਰਤੀ ਵਾਸਤੇ ਏਹ ਲੋਕ ਹਾਲਾਂ ਕਿਸੇ ਰਾਜ ਭੋਗ, ਮਾਣ, ਵਡਿਆਈ, ਦੀ ਖਾਸ ਪ੍ਰਵਾਹ ਨ ਕਰਦੇ ਹੋਏ ਇਕ ਬਿਰਹੀ (ਦੁਖਦਾਈ ਜੀਵਨ ਬਤੀਤ ਕਰਦੇ ਹਨ।

ਕਾਸ਼! ਸਤਿਗੁਰਾਂ ਦੇ ਕੀਤੇ ਹੋਏ ਭਵਿਖਤ ਬਚਨਾਂ ਅਰ ਪ੍ਰਚਲਤ ਕੀਤੇ ਸਿਸਟਮਾਂ ਦੀ ਮੌਜੂਦਾ ਸਰਕਾਰ ਵਲੋਂ ਵਧ ਤੋਂ ਵਧ ਕਦਰ ਹੋਵੇ ਪਰ ਜੇ ਹਕੂਮਤ ਦੇ ਕਲੋਰਾ ਫਾਰਮ ਦੀ ਗੈਸ ਨਾਲ ਸਰਕਾਰ ਪੂਰੀ ਤਰਾਂ ਇਸ ਬਰੀਕੀ ਨੂੰ ਨ ਵੇਖ ਸਕੇ ਤਾਂ ਨਾਮਧਾਰੀਆਂ ਸਜਨਾਂ ਨੂੰ ਆਪਨੇ ਵਿਸਵਾਸ ਨੂੰ ਵਧ ਤੋਂ ਵਧ ਦ੍ਰਿੜ ਕਰਨਾ ਚਾਹੀਦਾ ਹੈ ਤੇ ਪਿਛਲੇ ਸਿਖਾਂ ਵਾਂਗ ਜਿਥੇ ਭੀ ਸਮਾ ਮਿਲੇ ਸਤਿਗੁਰਾਂ ਦੀ ਵਾਕ ਪੂਰਤੀ ਬਾਬਤ, ਬਚਨ, ਪਰਚਾਰ ਵਿਚਾਰ, ਕਰਨਾ ਚਾਹੀਦਾ ਹੈ ਸਗੋਂ ਸਭ ਪ੍ਰਚਾਰਕਾਂ ਤੇ ਲਿਖਾਰੀਆਂ ਨੂੰ ਉਚੇਚਾ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ– ਜਮਾਨਾ ਚੁਪ ਕਰਕੇ ਬੈਠਨ ਦਾ ਨਹੀ– ਗੁਰੂ ਜੀ ਦਾ ਹੁਕਮ ਹੈ

ਜੇ ਗੁਰ ਗੋਪੇ ਆਪਣਾ ਕਿਉਂ ਸਿਝੈ ਚੇਲਾ।

ਇਸ ਸਾਲ ਦਾ ਨਾਮਧਾਰੀ ਹੋਲਾ ਦਿਲੀ ਵਿਚ ਹੋ ਰਿਹਾ ਹੈ ਜੋ ਕਿ ਸਾਰੇ ਭਾਰਤਵਰਸ਼ ਦਾ ਕੇਂਦਰ ਹੈ– ਇਸ ਸਮਾਗਮ ਵਿਚ ਉਪ੍ਰੋਕਤ ਭਾਵਾਂ ਦਾ ਇਕ ਟ੍ਰੈਕਟ ਹਿੰਦੀ ਅੰਗ੍ਰੇਜ਼ੀ ਗੁਰਮੁਖੀ ਵਿਚ ਪ੍ਰਕਾਸ਼ਤ ਹੋਕੇ ਆਮ ਜੰਨਤਾ ਵਿਚ ਵੰਡਿਆ ਜਾਣਾ ਚਾਹੀਦਾ ਹੈ।

ਜਿਥੇ ਪੁਰਾਣੇ ਸਿਖਾਂ ਵਿਚ ਰੂਸ, ਪੰਜਾਬ, ਭਾਰਤ, ਅਰ ਸਤਿਗੁਰਾਂ ਦੇ ਬਚਨ ਕਰਨ ਦੀ ਅਨਥਕ ਲਗਨ ਸੀ– (ਹਾਲਾਂ ਉਸ ਵੇਲੇ ਸਾਮਣੇ ਕੋਈ ਕੰਮ ਨਜ਼ਰ ਨਹੀਂ ਸੀ ਔਂਦਾ) ਉਥੇ ਅਜ (ਜਦ ਕਿ ਸਭ ਕੁਝ ਇੰਨ ਬਿੰਨ ਗੁਰੂ ਜੀ ਦੇ ਬਚਨਾਂ ਅਨੁਸਾਰ ਪ੍ਰਤਖ ਹੋ ਰਿਹਾ ਹੈ] ਸਾਡੇ ਵਿਚ ਅਜੇਹੇ ਬਚਨ ਕਰਨ ਦੀ ਲਗਨ ਬਰਾਏ ਨਾਮ ਹੈ ਮੈ ਆਸ ਕਰਦਾ ਹਾਂ ਕਿ ਨਾਮਧਾਰੀ ਪੰਥ ਹਿਤੈਸ਼ੀ ਮੇਰੀਆਂ ਉਪ੍ਰੋਕਤ ਲਿਖੀਆਂ ਕੁਝ ਅਰਜ਼ਾਂ ਨੂੰ ਜਰੂਰ ਕਬੂਲ ਕਰਨਗੇ।

ਪਤ ਝੜ ਚੰਦਰੀ ਨੇ ਸੀ ਝਾਂਜਾ ਵਗਾਇਆ,
ਹਰੇ ਭਰੇ ਬਾਗਾਂ ਨੂੰ ਆ ਕੇ ਸੁਕਾਇਆ।
ਡਾਲੀ ਨਾਲੋਂ ਫੁਲਾਂ ਨੂੰ, ਜ਼ਿਮੀ ਤੇ ਗਿਰਾਇਆ,
ਤਾਹੀਂ (ਰੁਤ) ਬਸੰਤੀ ਨੇ ਫੇਰਾ ਹੈ ਪਾਇਆ।
ਅਰਸ਼ਾਂ ਦਾ ਵਾਲੀ ਹੈ ਧਰਤੀ ਤੇ ਆਇਆ,
ਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿਖਾਇਆ।

[ਜੋਗਿੰਦਰ ਸਿੰਘ ਜੋਗੀ ਸ੍ਰੀ ਜੀਵਨ ਨਗਰ]

Sri Satguru Jagjit Singh Ji Elibrary NamdhariElibrary@gmail.com

ਵਲੋਂ ਸੰਤ ਨਿਧਾਨ ਸਿੰਘ ਜੀ 'ਆਲਿਮ'

ਨਾਮਧਾਰੀ ਸਿਖ ਅਤੇ ਅਜ਼ਾਦੀ ਦੀ ਜੰਗ

ਨਾਮਧਾਰੀ ਪੰਥ ਦਾ ਜੀਵਨ ਖਾਲਸਾ ਪੰਥ ਅਤੇ ਦੇਸ਼ ਹਿਤ ਦਿਤੇ ਗਏ ਬਲੀਦਾਨਾਂ ਦੀ ਖੂਬ ਸੂਰਤ ਤਸਵੀਰ ਕਿਹਾ ਜਾ ਸਕਦਾ ਹੈ। ਇਸਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਉਤੇ ਅੰਗ੍ਰੇਜ਼ੀ ਅਧਿਕਾਰ ਹੁੰਦਿਆਂ ਹੀ ਇਹ ਅਨੁਭਵ ਕਰ ਲਿਆ ਸੀ ਕਿ ਦੇਸ਼ ਦੀ ਪ੍ਰਾਧੀਨਤਾ ਅਣਖੀਲੇ ਪੰਜਾਬੀਆਂ ਦੇ ਸਨਮਾਨ ਅਤੇ ਗੌਰਵ ਨੂੰ ਨਸ਼ਟ ਭ੍ਰਸ਼ਟ ਕਰਨ ਦਾ ਸਿਗਨਲ (ਨਿਸ਼ਾਨ) ਹੈ। ਇਸ ਸ਼ਰਮਨਾਕ ਦਾਗ਼ ਨੂੰ ਜਿਨੀ ਛੇਤੀ ਲਾਹਿਆ ਜਾਵੇ ਚੰਗਾ ਹੈ। ਇਸ ਲਈ ਆਪਨੇ ਸਿਖਾਂ ਤੇ ਅੰਗ੍ਰੇਜ਼ਾਂ ਵਿਚਕਾਰ ਹੋਈ ਮੁਦਕੀ ਦੀ ਲੜਾਈ ਉਪ੍ਰੰਤ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਵਿਚ ਉਗ੍ਰ ਤਪ ਕੀਤਾ ਤਦ ਪਸਚਾਤ ਇਕ ਐਸੀ ਜਥੇਬੰਦੀ ਦੀ ਨੀਉਂ ਧਰੀ ਜਿਸ ਦੀਆਂ ਕੁਛ ਸਾਲ਼ਾਂ ਵਿਚ ਹੀ ਧੁੰਮਾਂ ਪੈ ਗਈਆਂ। ਆਪਨੇ ਸਭ ਤੋਂ ਪਹਿਲਾਂ ਸਿਖੀ ਤੋਂ ਭੁਲੇ, ਦੁਰਾਚਾਰ ਵਿਚ ਗ੍ਰਸੇ ਅਤੇ ਸਮਾਜਕ ਕੁਰੀਤੀਆਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਨਾਮ ਦੀ ਰੰਗਣ ਵਿਚ ਰੰਗਿਆ। ਸਿਖੀ ਦੇ ਸੁਕੇ ਸੜੇ ਬਗੀਚੇ ਨੂੰ ਆਤਮਕ ਰਸ ਨਾਲ ਸਿੰਜਕੇ ਮੁੜ ਹਰਿਆਂ ਕੀਤਾ। ਆਪਦੇ ਲਖਾਂ ਹੀ ਸਿਖ "ਨਾਮਧਾਰੀ" ਯਾ "ਕੂਕਾ" ਨਾਉਂ ਨਾਲ ਪ੍ਰਸਿਧ ਹੋਏ ਉਨਾਂ ਦੇ ਗੁਰਮੰਤ੍ਰ ਦੀ ਫੂਕ ਨੇ ਪ੍ਰਮੇਸ਼ਰ ਤੋਂ ਭੁਲੀ ਹੋਈ ਲੁਕਾਈ ਦੀ ਕਾਇਆਂ ਪਲਟਕੇ ਰਖ ਦਿਤੀ। ਬੜੇ ੨ ਚੋਰ ਯਾਰ, ਠੱਗ ਤੇ ਡਾਕੂ ਉਨਾਂ ਤੋਂ ਨਾਮ ਅੰਮ੍ਰਿਤ ਦਾ ਪਿਆਲਾ ਪੀਕੇ ਸੰਤ ਬਣ ਗਏ। ਉਨਾਂ ਦੇ ਧਾਰਮਿਕ ਤੇ ਸਮਾਜਕ ਸਿਧਾਂਤ ਬੜੇ ਉਨਤੀਕਾਰੀ ਸਨ। ਗੁਰੂ ਨਾਨਕਦੇਵ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮ੍ਰਯਾਦਾ ਅਨੁਸਾਰ ਦੇਹਧਾਰੀ ਗੁਰੂ ਦੀ ਚਰਨ ਸ਼ਰਨ ਹੋਕੇ ਆਤਮ ਲਾਭ ਪ੍ਰਾਪਤ ਕਰਨਾਂ ਅਤੇ ਲੋਕ ਸੇਵਾ ਵਿਚ ਤੱਤਪਰ ਰਹਿਣਾਂ।

ਮਨ ਬਾਣੀ ਅਤੇ ਸ਼ਰੀਰ ਕਰਕੇ ਅਹਿੰਸਕ ਹੋਣਾ, ਮਦ ਮਾਸ ਅਤੇ ਹੋਰ ਨਸ਼ੀਲੀਆਂ ਚੀਜਾਂ ਦੇ ਨੇੜੇ ਤਕ ਨਾ ਜਾਣਾ, ਗਊ ਦੀ ਪਾਲਨਾ ਅਤੇ ਰੱਖਿਆ ਕਰਨੀ, ਯੱਗ ਹਵਨ ਅਤੇ ਉਪਕਾਰ ਯੁਕਤ ਹੋਣਾ,। ਪਰ ਸਭ ਮੱਤਾਂ ਦੇ ਰਿਸ਼ੀਆਂ ਮੁਨੀਆਂ ਅਵਤਾਰਾਂ ਅਤੇ ਬਜੁਰਗਾਂ ਦਾ, ਵੀ ਸਤਕਾਰ ਕਰਨਾ ਅਤੇ ਜੰਤਾ ਨੂੰ ਪ੍ਰੇਮ ਅਤੇ ਮੈਤ੍ਰਾ ਦੇ ਸੂਤਰ ਵਿਚ ਮਣਕਿਆਂ ਵਾਂਗ ਪਰੋਤੀ ਰਖਣਾ, ਇਹ ਉਨ੍ਹਾਂ ਦੇ ਧਾਰਮਿਕ ਸਿਧਾਂਤਾਂ ਦਾ ਸਾਰ ਅੰਸ਼ ਹੈ।

ਸਮਾਜਕ ਜਿਥੋਂ ਤਕ ਸਮਾਜਕ ਸਿਧਾਂਤਾਂ ਦਾ ਸੰਬੰਧ ਹੈ ਆਪ ਦੇ ਪੁਰਸ਼ਾਰਥ ਨੇ ਬਾਲ ਵਿਆਹਾਂ ਦੀ ਪ੍ਰਥਾ ਜੋ ਉਦੋਂ ਜੋਰਾਂ ਤੇ ਸੀ ਬੰਦ ਕਰ ਦਿਤੀ। ਅਗਿਆ ਕੀਤੀ ਕਿ ੧੬ ਸਾਲਾਂ ਤੋਂ ਘੱਟ ਲੜਕੀ ਅਤੇ ੧੮ ਤੋਂ ਘਟ ਲੜਕੇ ਦਾ ਵਿਆਹ ਨਾ ਕੀਤਾ ਜਾਏ।

Sri Satguru Jagjit Singh Ji Elibrary NamdhariElibrary@gmail.com

ਲੜਕੀਆਂ ਦੇ ਵਿਆਹਾਂ ਤੇ ਦਾਜ ਅਰ ਵਖਾਲੇ ਦੀ ਸਖ਼ਤ ਮਨਾਹੀ ਕੀਤੀ ਗਈ। ਬਰਾਤ, ਵਾਜੇ, ਆਤਸ ਬਾਜ਼ੀ, ਸੋਟ ਅਤੇ ਸਿਰਵਾਰਨੇ ਆਦਿ ਸਮੂਹ ਰਸਮਾਂ ਨੂੰ ਕਰੜਾਈ ਨਾਲ ਰੋਕਿਆ ਗਿਆ। ਉਸ ਵੇਲੇ ਜਮਦੀਆਂ ਕੁੜੀਆਂ ਨੂੰ ਮਾਰਨ, ਵੱਡੀਆਂ ਨੂੰ ਪੈਸੇ ਲੈਕੇ ਸ਼ਾਦੀ ਕਰਨ, ਅਰ ਵੱਟੇ ਦੇ ਸਾਕ ਕਰਨ ਦਾ ਰਿਵਾਜ ਜ਼ੋਰਾਂ ਤੇ ਸੀ, ਉਸਨੂੰ ਵੀ ਹਟਾਇਆ ਗਿਆ। ਵਿਧਵਾ ਵਿਆਹ ਦੀ ਬੰਦਸ਼ ਨਾਲ ਅਨੇਕਾਂ ਦੇਵੀਆਂ ਆਪਣੀ ਆਯੂ ਨੂੰ ਹੌਕਿਆਂ ਤੇ ਚਿੰਤਾ ਸਾਗਰ ਵਿਚ ਗੋਤੇ ਖਾਂਦਿਆਂ ਵਿਤੀਤ ਕਰਨ ਦੇ ਬਿਵਸ ਹੁੰਦੀਆਂ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਦੀ ਪੁਕਾਰ ਸੁਣਕੇ ਇਸ ਕੁਰੀਤੀ ਦੇ ਵਿਰਧ ਵੀ ਅੰਦੋਲਨ ਜਾਰੀ ਕੀਤਾ ਜਿਸ ਕਰਕੇ ਲੱਖਾਂ ਹੀ ਨਾਮਧਾਰੀ ਸਿਖਾਂ ਨੇ ਆਪਦੇ ਵਿਧਵਾ ਵਿਆਹ ਦੇ ਸਿਧਾਂਤ ਦਾ ਵੀ ਸੁਆਗਤ ਕੀਤਾ। ਨਾਮਧਾਰੀ ਸ਼ਾਦੀਆਂ ਅਜ ਕਲ ਸਾਧ ਸੰਗਤ ਦੇ ਜੋੜ ਮੇਲਿਆਂ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਣ ਦਾ ਵਿਧਾਨ ਵੀ ਪ੍ਰਚਲਤ ਹੈ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਹੈ ਕਿ ਵਡੇ ਤੋਂ ਵਡਾ ਨਾਮਧਾਰੀ ਵੀ ਵਿਆਹ ਦੇ ਸਮੇਂ ਤੇਰਾਂ ਰੁਪਏ ਤੋਂ ਵਧੀਕ ਖਰਚ ਨਹੀਂ ਕਰ ਸਕਦਾ। ਵਿਆਹ ਦੇ ਸਮੇਂ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ ਵੇਦੀ ਵਿਚ ਹੋ ਰਹੇ ਹਵਨ ਕੁੰਡ ਦੇ ਗਿਰਦ ਫੇਰੇ ਲਏ ਜਾਂਦੇ ਹਨ। ਇਸਨੂੰ ਨਾਮਧਾਰੀ ਸਿਖ ਅਨੰਦ ਮ੍ਰਯਾਦਾ ਦਾ ਨਾਉਂ ਦਿੰਦੇ ਹਨ। ਇਸਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਪੁਰਾਤਨ ਸਮੇਂ ਵਿਚ ਸਿਖ ਇਸਤ੍ਰੀ ਨੂੰ ਖੰਡੇ ਪਹੁਲ ਦੇ ਅਧਿਕਾਰ ਤੋਂ ਬੰਚਿਤ ਰਖਦੇ ਸਨ ਪਰ ਗੁਰੂ ਜੀ ਨੇ ਉਨਾਂ ਨੂੰ ਵੀ ਅੰਮ੍ਰਿਤ ਛਕਾਕੇ ਪੁਰਸ਼ਾਂ ਦੇ ਸਮਾਨ ਹੀ ਅਧਿਕਾਰ ਦੇ ਦਿਤੇ। ਇਨਾਂ ਸਮਾਜਕ ਸੁਧਾਰਾਂ ਦਾ ਸਿਖਾਂ ਤੇ ਹਿੰਦੂਆਂ ਤੇ ਕਾਫੀ ਅਸਰ ਪਿਆ।

ਰਾਜਨੀਤਕ ਪਹਿਲੂ—ਨਾਮਧਾਰੀ ਪੰਥ ਦੇ ਰਾਜਨੀਤਕ ਕੰਮ ਦਾ ਜੰਗਿ ਅਜਾਦੀ ਵਿਚ ਇਕ ਵਿਸ਼ੇਸ਼ ਤੇ ਉਚਾ ਸਥਾਨ ਹੈ। ਸਤਿਗੁਰੂ ਰਾਮਸਿੰਘ ਜੀ ਨੇ ਪੰਜਾਬ ਉਤੇ ਅੰਗ੍ਰੇਜ਼ਾਂ ਆਧਕਾਰ ਨੂੰ ਇਕ ਕਾਲਾ ਦਾਗ ਸਮਝਕੇ ਉਸਨੂੰ ਧੋਣ ਦੇ ਉਪ੍ਰਾਲੇ ਵਲ ਖਾਸ ਧਿਆਨ ਦਿਤਾ।

ਤਿੰਨ ਸ਼੍ਰੇਣੀਆਂ— ਪੰਜਾਬ ਦੇ ਅੰਗ੍ਰੇਜ਼ ਅਧੀਨ ਹੋਣ ਤੋਂ ਪਿਛੋਂ ਸਿਖ ਤਿੰਨਾਂ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ—

੧. ਜਿਨਾਂ ਨੇ ੧੮੫੭ ਈ: ਦੀ ਜੰਗ ਅਜਾਦੀ ਵਿਚ ਅੰਗ੍ਰੇਜ਼ਾਂ ਦੀ ਹਮੈਤ ਵਿਚ ਲੜ ਕੇ ਆਪਣੇ ਦੇਸ਼ ਨਾਲ ਧ੍ਰੋਹ ਕੀਤਾ।

੨. ਜਿਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਜਥੇਬੰਦ ਹੋਕੇ ਅੰਗ੍ਰੇਜ਼ੀ ਰਾਜ ਨੂੰ ਸਮਾਪਤ ਕਰਨ ਦਾ ਜਤਨ ਕੀਤਾ।

੩. ਗੁਰੂ ਨਾਨਕ ਪੰਥੀ ਸੰਪ੍ਰਦਾਵਾਂ ਦੇ ਸਾਧ ਸੰਤ ਤੇ ਸਿਖ ਜਿਨਾਂ ਨੇ ਉਸ ਵੇਲੇ ਦੇ ਪਾਲੇਟਿਕਸ ਵਿਚ ਕੋਈ ਹਿਸਾ ਨਹੀਂ ਲਿਆ।

ਸ੍ਰ. ਸੰਤ ਸਿੰਘ ਦਾ ਲੇਖ—ਪਹਿਲੀਆਂ ਦੋਹਾਂ ਸ਼੍ਰੇਣੀਆਂ ਦੇ ਚਲਨ ਤੇ ਸ੍ਰ. ਸੰਤ ਸਿੰਘ ਜੀ ਲਾਇਲਪੁਰੀ ਐਡਵੋਕੇਟ ਸੁਪਰੀਮਕੋਰਟ ਦਿਲੀ ਅਤੇ ਸਾਬਕ ਸਫ਼ੀਰ ਐਬੇਸੀਨੀਆਂ ਦੇ ਇਕ ਵਿਸ਼ੇਸ਼ ਲੇਖ ਤੋਂ ਖਾਸ ਚਾਨਣਾਂ ਪੈਂਦਾ ਹੈ।

ਪੰਜਾਬ ਦੇ ਅੰਗ੍ਰੇਜ਼ੀ ਰਾਜ ਵਿਚ ਸਮਿਲਤ

Sri Satguru Jagjit Singh Ji Elibrary NamdhariElibrary@gmail.com

ਹੋਣ ਦੇ ਸਮੇਂ ਤੋਂ ਹੁਣ ਤਕ ਦੇ ਸਿਖ ਪਾਲੇ-ਟਿਕਸ ਤੇ ਪੰਛੀਆਂ ਵਾਲੀ ਇਕ ਨਜ਼ਰ ਹੈ। ਇਸ ਦੀਆਂ ਕੁਝ ਸਤਰਾਂ ਸਾਰ ਅੰਸ਼ ਦੇ ਰੂਪ ਵਿਚ ਪਾਠਕਾਂ ਦੀ ਭੇਟਾ ਕੀਤੀਆਂ ਜਾਂਦੀਆਂ ਹਨ।

ਭਾਵੇਂ ਅੰਗ੍ਰੇਜ਼ਾਂ ਨੇ ੧੮੫੭ ਈਃ ਵਿਚ ਮੁਗਲ ਰਿਆਸਤਾਂ ਦਾ ਕੇਂਦਰੀ ਪ੍ਰਬੰਧ ਸੰਭਾਲ ਲਿਆ ਸੀ, ਪਰ ਮੁਗਲ ਰਾਜ ਦੀ ਹਸਤੀ ਅਜੇ ਦਿੱਲੀ ਵਿਚ ਮੌਜੂਦ ਸੀ। ਇਹ ਉਹ ਸਮਾ ਸੀ ਜਦ ਕਿ ਹਿੰਦੁਸਤਾਨੀ ਸੈਨਾਂ ਇਕੱਠੀ ਹੋਕੇ ਜਾਬਰ ਅੰਗਰੇਜ਼ਾਂ ਦੇ ਵਿਰੁਧ ਬਗਾਵਤ ਕਰਨ ਵਾਸਤੇ ਇਕਤ੍ਰ ਹੋ ਚੁਕੀ ਸੀ ਨਾਨਾ ਸਾਹਿਬ ਅਤੇ ਰਾਣੀ ਆਫ਼ ਝਾਂਸੀ ਦੀ ਅਗਵਾਈ ਵਿਚ ਹਿੰਦੁਸਤਾਨੀ ਸੈਨਾਂ ਜਿੱਤ ਤੇ ਜਿੱਤ ਪ੍ਰਾਪਤ ਕਰਦੀ ਹੋਈ ਆਪਣੇ ਮੰਤਵ ਵਿਚ ਸਫਲ ਹੋ ਰਹੀ ਸੀ। ਪਰ ਇਹ ਵੇਖਕੇ ਉਨ੍ਹਾਂ ਨੂੰ ਡਾਢੀ ਹੈਰਾਨੀ ਹੋਈ ਕਿ ਸਿਖ ਰਸਾਲੇ ਦਿੱਲੀ ਨੂੰ ਦੌੜ ਰਹੇ ਸਨ ਜਿਨਾਂ ਨੇ ਅੰਗ੍ਰੇਜਾਂ ਨੂੰ ਹਿੰਦਸਤਾਨ ਤੋਂ ਫਰਾਰ ਹੋਣ ਅਤੇ ਉਨਾਂ ਦੀ ਭਾਰੀ ਤਬਾਹੀ ਤੋਂ ਬਚਾ ਲਿਆ ਹੈ।

ਕਈ ਸਾਲਾਂ ਤੋਂ ਅੰਮ੍ਰਿਤਸਰ ਸਿੱਖ ਸਰ ਗਰਮੀਆਂ ਦਾ ਕੇਂਦਰ ਰਹਿ ਚੁਕਾ ਸੀ। ਇਸ ਨਾਜ਼ਕ ਸਮੇਂ ਦੇ ਅਰੰਭ ਵਿਚ ਅੰਮ੍ਰਿਤ ਸਰ ਵਿਚ ਜੋ ਕੁਝ ਹੋਇਆ ਉਹ ਸਿਖਾਂ ਦੇ ਵਤੀਰੇ ਤੇ ਚੰਗਾ ਚਾਨਣਾਂ ਪੌਂਦਾ ਹੈ। ਅੰਗ ਰੇਜ਼ ਡਾਢੇ ਡਰੇ ਹੋਏ, ਬੇਯਾਰ ਤੇ ਬੇ ਮਦਦ ਗਾਰ ਹੋਣ ਦੇ ਰੂਪ ਵਿਚ ਘਬਰਾਏ ਹੋਏ ਸਨ। ਉਨ੍ਹਾਂ (ਅੰਗ੍ਰੇਜਾਂ) ਵਲੋਂ ਅੰਮਰਤਸਰ ਵਿਖੇ ਇਕ ਸਭਾ ਬੁਲਾਈ ਗਈ, ਜਿਸ ਵਿੱਚ ਸਿੱਖ ਸੈਨਾਂ ਦੇ ਬੇਹਥਿਆਰ (ਡਿਸ-ਆਰਮਡ) ਜਰਨੈਲਾਂ ਅਤੇ ਸਿੱਖ ਸ੍ਰਦਾਰਾਂ ਨੂੰ ਸੱਦਿਆ ਗਿਆ। ਅੰਗਰੇਜ਼ ਆਪਣੀਆਂ ਮੋਮੋ ਠਗਣੀਆਂ ਅਤੇ ਨਖਰੇ ਟਖਰ ਦੀਆਂ ਗੱਲਾਂ ਕਰਕੇ ਕਾਫੀ ਪ੍ਰਸਿਧ ਹੈ। ਉਨ੍ਹਾਂ (ਸਿੱਖ ਜਨਰਲਾਂ ਅਤੇ ਸ੍ਰਦਾਰਾਂ) ਕੋਲ ਬੇਨਤੀ ਕੀਤੀ ਗਈ ਕਿ ਉਹ (ਇਸ ਭਿਆਨਕ ਸਮੇਂ ਵਿਚ ਅੰਗ੍ਰੇਜ਼ ਇਸਤ੍ਰੀਆਂ ਅਤੇ ਬੱਚਿਆਂ ਨੂੰ ਬਚਾਣ ਦੀ ਕ੍ਰਿਪਾਲਤਾ ਕਰਨ। ਅਪੀਲ ਦਾ ਮਨ ਇਛਤ ਅਸਰ ਹੋਇਆ। ਖਾਲਸਾ ਅੰਗ੍ਰੇਜ ਦੇ ਹਥਾਂ ਉਠਾਈਆਂ ਗਈਆਂ ਮੁਸੀਬਤਾਂ ਤੇ ਜ਼ਖਮਾਂ ਨੂੰ ਭੁਲਕੇ ਅੰਗ੍ਰੇਜ਼ ਚਾਪਲੋਸੀ ਦੀ ਖੱਡ ਵਿੱਚ ਡਿਗ ਪਿਆ ਅੰਗ੍ਰੇਜ਼ਾਂ ਨੇ ਉਸ ਕੋਲੋਂ ਕੇਵਲ ਅੰਗ੍ਰੇਜ਼ ਤੀਵੀਆਂ ਤੇ ਬਚਿਆਂ ਨੂੰ ਆਪਣੀ ਰਖਵਾਲੀ ਵਿਚ ਸਮੁੰਦਰ ਦ ਕੰਢ ਤੇ ਖੜੇ ਜਹਾਜ਼ਾ ਤਕ ਪੁਚਾਣ ਦੀ ਸਹੈਤਾ ਮੰਗੀ ਸੀ, ਪਰ ਖਾਲਸਾ ਜੀ ਨੇ ਐਸੀ ਉਦਾਰਤਾ ਦਾ ਸਬੂਤ ਦਿਤਾ ਕਿ ਨ ਕੇਵਲ ਤੀਵੀਆਂ ਤੇ ਬਚਿਆਂ ਨੂੰ ਬਚਾਣ ਦੀ ਜ਼ਿਮੇਵਾਰੀ ਸੰਭਾਲ ਲਈ ਸਗੋਂ ਇਸ ਸ਼ਰਤ ਤੇ ਆਪਣੇ ਹੀ ਦੇਸ ਵਾਸੀਆਂ ਦੇ ਵਿਰਧ ਲੜਨ ਦੀ ਸੇਵਾ ਵੀ ਪੇਸ਼ ਕਰ ਦਿਤੀ ਕਿ ਸਿਖ ਫੌਜਾਂ ਨੂੰ ਮੁੜਕੇ ਹਥਿਆਰ ਬੰਦ ਕਰ ਦਿਤਾ ਜਾਵੇ। (ਅੰਗ੍ਰੇਜਾਂ ਨੂੰ ਹੋਰ ਕੀ ਚਾਹੀਦਾ ਸੀ) ਉਨ੍ਹਾਂ ਨੇ ਇਹ ਸ਼ਰਤ ਝਟ ਪਟ ਪ੍ਰਵਾਨ ਕਰ ਲਈ।

ਪ੍ਰੰਤੂ ਓਥੇ ਸਿਖਾਂ ਵਿਚੋਂ ਇਕ ਗਰੁਪ ਮੌਜੂਦ ਸੀ ਜਿਸਤੇ (ਅੰਗ੍ਰੇਜਾਂ ਦੇ) ਕਿਸੇ ਲਾਲਚ ਦਾ ਅਸਰ ਨਾ ਹੋਇਆ, ਅਤੇ ਉਸਨੇ ਅੰਗ੍ਰੇਜ਼ਾਂ ਨੂੰ ਸਹਿਯੋਗ ਦੇਣ ਤੋਂ ਨਾਂਹ ਕਰ ਦਿਤੀ। ਇਹ ਸੀ "ਨਾਮਧਾਰੀ ਸਮਾਜ" ਜੋ (ਸ੍ਰੀ ਸਤਿ ਗੁਰੁ) ਰਾਮ ਸਿੰਘ ਜੀ ਦੀ ਅਗਵਾਈ ਹੇਠ

Sri Satguru Jagjit Singh Ji Elibrary NamdhariElibrary@gmail.com

ਅੰਗ੍ਰੇਜ਼ਾਂ ਦੇ ਵਿਰੁਧ ਲੜਨ ਦੀ ਤਿਆਰੀ ਕਰ ਰਿਹਾ ਸੀ। ਪੰਜਾਬ ਭਰ ਵਿਚੋਂ ਇਸ ਜੱਸ ਦੇ ਅਧਿਕਾਰੀ ਨਾਮਧਾਰੀ ਸਿਖ ਹਨ ਜਿਨ੍ਹਾਂ ਨੇ ਪੰਜਾਬ ਭਰ ਵਿਚ ਅੰਗ੍ਰੇਜ਼ਾਂ ਦੇ ਅਧੀਨ ਕੋਈ ਨੌਕਰੀ ਲੈਣੀ ਪ੍ਰਵਾਨ ਨਹੀਂ ਕੀਤੀ, ਅਤੇ ਉਹ ਉਨਾਂ ਨਾਲ (ਪੂਰਣ) ਨਾਂ ਮਿਲਵਰਤਨ ਦੀ ਨੀਤੀ ਤੇ ਡਟੇ ਰਹੇ। ਉਨਾਂ ਦਾ ਇਹ ਪ੍ਰਪਕ ਨਿਸਚਾ ਸੀ, ਕਿ ਅੰਗ੍ਰੇਜ਼ ਭਾਰਤ ਦੀ ਸ਼ਕਤੀ ਅਰ ਸੰਪਤੀ ਨੂੰ ਲੁਟਣ ਵਾਲੇ ਲੁਟੇਰੇ ਤੇ ਡਾਕੂ ਹਨ। ਇਸ ਵਾਸਤੇ ਨਾਮਧਾਰੀਆਂ ਦਾ ਸਾਰੇ ਹੀ ਸਤਕਾਰ ਕਰਦੇ ਹਨ।

ਕੂਕਾ ਅੰਦੋਲਨ--ਨਾਮਧਾਰੀ ਲਹਿਰ ਦਾ ਜੋ ਜਗਤ ਪ੍ਰਸਿਧ ਨਾਓਂ "ਕੂਕਾ ਅੰਦੋ-ਲਨ" ਸੀ। ੧੮੫੭ਦੇ ਜੰਗ ਅਜ਼ਾਦੀ ਤੋਂ ਪਿਛੋਂ ਜਦ ਅੰਗਰੇਜ਼ ਨੇ ਆਪਣੀਆਂ ਤੋਪਾਂ, ਬੰਦੂਕਾਂ, ਸੰਗੀਨਾਂ ਅਤੇ ਫਾਂਸੀਆਂ ਦੇ ਦਮਨ ਚੱਕਰ ਨਾਲ ਭਾਰਤ ਭਰ ਵਿਚ ਉਹ ਡਰ ਤੇ ਸਹਿਮ ਪੈਦਾ ਕਰ ਦਿਤਾ ਸੀਕਿਕਿਸੇ ਤਕੜੀ ਤੋਂ ਤਕੜੀ ਵਿਅਕਤੀਯਾਂਜਮਾਤਵਿਚਵੀਇਹ ਦਲੇਰੀ ਨਾਂ ਰਹਿ ਗਈ ਕਿ ਉਹ ਅੰਗ੍ਰੇਜ਼ੀ ਰਾਜ ਦੇ ਵਿਰੁਧ ਕੁਛ ਲਿਖ ਯਾ ਬੋਲ ਸਕੇ ਅਜੇਹਾ ਕਰਨਾਂ ਆਪਨੀ ਮੌਤ ਦੇ ਵਰੰਟਾਂ ਤੇ ਦਸਖਤ ਕਰਨ ਦੇ ਤੁਲ ਸਮਝਿਆ ਜਾਂਦਾ ਸੀ, ਅਜੇਹੇ ਭਿਆਨਕ ਸਮੇ ਵਿਚ ਜਿਨਾਂ ਨਾਮਧਾਰੀ ਸਿੱਖਾਂ ਨੇ ਨਿਡਰ ਹੋਕੇ ਅੰਗਰੇਜ਼ੀ ਰਾਜ ਦੇ ਵਿਰੁਧ ਕੂਕ ਮਾਰੀ ਉਸਦਾ ਨਾਓਂ ਕੂਕਾ ਪ੍ਰਿਟਕ ਜਾਣਾਂ ਕੋਈ ਅਚੰਭੇ ਦੀ ਗਲ ਨਹੀਂ। ਸਰਕਾਰੀ ਰਿਕਾਰਡ ਦੇ ਸਤਿ ਅਠ ਸੌ ਪੰਨਿਆਂ ਵਿਚ ਨਾਮਧਾਰੀਆਂ ਨੂੰ 'ਕੂਕਾ ਸ਼ਬਦ ਦੁਆਰਾ ਹੀ ਪੁਕਾਰਿਆ ਗਿਆ ਹੈ। ਉਸ ਬਾਬਤ ਲਿਖਿਆ ਹੈ ਕਿ "ਕੂਕਾ ਝੂਠ ਨਹੀਂ ਬੋਲਦਾ, ਮਦ ਪਾਨ ਨਹੀਂ ਕਰਦਾ ਅਤੇ ਅੰਗਰੇਜ਼ੀ ਰਾਜ ਦਾ ਵਫ਼ਾਦਾਰ ਨਹੀਂ ਹੁੰਦਾ। ਜਿਲਾ ਲੁਦਿਆਣਾਂ ਦਾ ਪਹਿਲਾ ਡਿਪਟੀ ਕਮਿਸ਼ਨਰ ਨਵੇਂ ਡਿਪਟੀ ਕਮਿਸ਼ਨਰ ਨੂੰ ਚਾਰਜ ਦੇਣ ਸਮੇਂ ਇਹ ਵਾਕ ਚਾਰਜ ਦੇ ਰੂਪ ਵਿਚ ਪੇਸ਼ ਕਰਦਾ ਸੀ ਕਿ "ਇਕ ਕੂਕੇ ਵਾਸਤੇ ਅੰਗਰੇਜ਼ੀ ਸਰਕਾਰ ਦਾ ਸ਼ੁਭ ਚਿੰਤਕ ਹੋਣਾ ਅਸੰਭਵ ਹੈ,,।

ਨਾ ਮਿਲਵਰਤਨ ਲਹਿਰ

ਇੰਡੀਅਨ ਨੈਸ਼ਨਲ ਕਾਂਗਰਸ ਨੇ ਨਾ ਮਿਲਵਰਤਨ ਦੀ ਜਿਸ ਲਹਿਰ ਨੂੰ ਸੰਨ ੧੯੨੦ ਵਿਚ ਮਹਾਤਮਾਂ ਗਾਂਧੀ ਜੀ ਦੀ ਅਗਵਾਈ ਵਿਚ ਚਲਾਇਆ, ਉਸ ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਨੂੰ ਸੰਨ ੧੮੬੩ ਵਿਚ ਹੀ ਕਰਨੀ ਰੂਪ ਵਿਚ ਪਰਣਿਤ ਕਰ ਦਿਤਾ ਸੀ। ਲਖਾਂ ਹੀ ਕੂਕਿਆਂ ਨੇ ਆਪਦੀ ਆਗਯਾ ਅਨੁਸਾਰ ਅੰਗ੍ਰੇਜ਼ੀ ਸਕੂਲਾਂ, ਸਰਕਾਰੀ ਅਦਾਲਤਾਂ, ਵਿਦੇਸ਼ੀ ਕਪੜਿਆਂ, ਸਰਕਾਰੀ ਨੌਕਰੀਆਂ, ਏਥੋਂ ਤਕ ਕਿ ਡਾਕਖਾਨਿਆਂ ਤਾਰ ਘਰਾਂ ਅਤੇ ਰੇਲਾਂ ਤਕ ਦਾ ਬਾਈਕਾਟ ਕਰ ਦਿਤਾ ਸੀ। ਇਹ ਗਲ ਨਾਮਧਾਰੀ ਸਿਖਾਂ ਵਾਸਤੇ ਕਿਨੇ ਗਰਵ ਦੀ ਹੈ ਕਿ ਕਿਸਾਨਾਂ ਨੇ ਨਹਿਰ ਦਾ ਪਾਣੀ ਵਰਤਣੋ ਏਸ ਕਰਕੇ ਨਾਹ ਕਰ ਦਿਤੀ ਕਿ ਇਸ ਪਾਣੀ ਨਾਲ ਉਹਨਾਂ ਦੇ ਖੇਤਾਂ ਵਿਚ ਉਪਜਿਆ ਹੋਇਆ ਅੰਨ ਉਨ੍ਹਾਂ ਦੀਆਂ ਬੁਧੀਆਂ ਭ੍ਰਸ਼ਟ ਕਰ ਦੇਵੇਗਾ। ਨਾਮਧਾਰੀਆਂ ਦੇ ਮੁਕੱਦਮੇ

ਉਨ੍ਹ ਦੇ ਤਸੀਲ ਜਥੇਦਾਰ ਸੁਣਦੇ ਸਨ, ਜਿਨਾਂ ਦੀ ਅਪੀਲ ਸੂਬਿਆਂ ਪਾਸ ਹੁੰਦੀ ਸੀ ਸੂਬੇ ਦੇ ਵਿਰੁਧ ਅਪੀਲ ਵਾਸਤੇ ਅੰਤਮ ਅਧਿਕਾਰੀ ਸ੍ਰੀ ਸਤਿਗੁਰੂ ਜੀ ਸਨ। ਹੁਣ ਵੀ ਨਾਮਧਾਰੀਆਂ ਦੇ ਪ੍ਰਸਪਰਿਕ ਫੈਸਲੇ ਏਸ ਪੁਰਾਤਨ ਢੰਗ ਨਾਲ ਹੀ ਹੁੰਦੇ ਹਨ।

ਟਾਕਰੇ ਦਾ ਰਾਜ—ਨਾਮਧਾਰੀ ਲਹਿਰ ਦੇ ਸੰਚਾਲਕ ਨੇ ਅੰਗ੍ਰੇਜ਼ੀ ਰਾਜ ਦੇ ਅੰਦਰ ਇਕ ਤਰ੍ਹਾਂ ਦਾ ਆਪਣਾ ਰਾਜ ਪ੍ਰਬੰਧ ਕਾਇਮ ਕਰ ਲਿਆ ਜਿਸਨੂੰ ਅਸੀ "ਕੂਕਾ ਰਾਜ ਪ੍ਰਬੰਧ ਦਾ ਨਾਉਂ ਦੇ ਸਕਦੇ ਹਾਂ। ਜੰਤਾ ਇਸ ਨੂੰ ਮੁਤਵਾਜ਼ੀ ਹਕੂਮਤ ਯਾ ਪੈਰੇਲਲ ਗਵਰਮੇਂਟ ਦੇ ਨਾਵਾਂ ਨਾਲ ਯਾਦ ਕਰਦੀ ਹੈ, ਪੰਜਾਬ ਨੂੰ ੨੨ ਹਿਸਿਆਂ ਵਿਚ ਵੰਡਕੇ ਹਰ ਜ਼ਿਲੇ ਵਿਚ ਇਕ ਵਡਾ ਅਫਸਰ ਨੀਯਤ ਕੀਤਾ ਗਿਆ ਸੀ ਜਿਸਨੂੰ ਸੂਬਾ ਕਹਿਕੇ ਸਨਮਾਨਿਆਂ ਗਿਆ। ਇਸ ਲਈ ਅੰਗ੍ਰੇਜ਼ੀ ਸਬਦ 'ਗਵਰਨਰ' ਬਹੁਤ ਉਪ ਯੁਕਤ ਹੈ। ਹਰ ਤਸੀਲ ਵਿਚ ਦੋ ਜਥੇਦਾਰ, ਤੇ ਹਰ ਪਿੰਡ ਵਿਚ ਇਕ ਗ੍ਰੰਥੀ ਨੀਯਤ ਕੀਤਾ ਗਿਆ। ਸਤਿਗੁਰਾਂ ਦੇ ਹੁਕਮ ਸੂਬਿਆਂ ਦੀ ਰਾਹੀਂ ਪੇਂਡੂ ਜਥੇਦਾਰਾਂ ਤਕ ਬੜੀ ਸੁਖੈਨਤਾ ਨਾਲ ਪੁਜ ਜਾਂਦੇ ਸਨ। ਭਿੰਨ ਭਿੰਨ ਥਾਵਾਂ ਤੇ ਅਰ ਵਿਸ਼ੇਸ਼ ਰੂਪ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਗਰੀਬਾਂ, ਅਤਿਥੀਆਂ ਤੇ ਲੋੜਵੰਦਾਂ ਵਾਸਤੇ ਰੋਟੀ ਦਾ ਪ੍ਰਬੰਧ ਕੀਤਾ ਗਿਆ।

ਡਾਕ ਦਾ ਮਹਿਕਮਾਂ—ਆਪਣੀਆਂ ਖਬਰਾਂ ਨੂੰ ਸੈਂਸਰ ਤੋਂ ਬਚਾਣ ਦੇ ਵਿਚਾਰ ਨਾਲ ਆਪਣਾ ਹੀ ਡਾਕ ਵਿਭਾਗ ਜਥੇ ਬੰਦ ਕੀਤਾ ਗਿਆ ਸੀ। ਜਿਸਦਾ ਵਰਨਨ ਸਰਕਾਰੀ ਰਿਕਾਰਡ ਵਿਚ "ਦੀ ਕੂਕਾ ਪੋਸਟਲ ਸਰਵਿਸ" ਅਨਵਾਨ ਹੇਠ ਕੀਤਾ ਗਿਆ ਹੈ। ਇਸ ਸਬੰਧੀ ਰਿਕਾਰਡ ਵਿਚ ਦਰਜ ਹੈ ਕਿ ਇਕ ਕੂਕਾ ਜਦ ਖਬਰ ਲੈਕੇ ਅਗਲੇ ਪੜਾ ਤੇ ਪੁਜਦਾ ਤਾ ਦੂਜਾ ਕੂਕਾ ਉਸ ਨੂੰ ਪ੍ਰਾਪਤ ਕਰਦਿਆਂ ਸਾਰ ਅਗਲੇ ਪੜਾਉ ਨੂੰ ਦੌੜ ਪੈਂਦਾ ਸੀ। ਏਥੋਂ ਤਕ ਕਿ ਉਹ ਮੂੰਹ ਵਿਚ ਪਾਈ ਗਿਰਾਹੀ ਨੂੰ ਵੀ ਵਿਚੇ ਹੀ ਛਡ ਦਿੰਦਾ ਸੀ।

ਸਫਾਰਤੀ ਸਬੰਧ-ਬ੍ਰਤਾਨਵੀ ਸਰਕਾਰ ਇਹ ਵੇਖਕੇ ਹੈਰਾਨ ਹੋ ਗਈ ਕਿ ਕੂਕਾ ਰਾਜ ਪ੍ਰਬੰਧ ਦੇ ਸਫਾਰਤੀ ਸਬੰਧ ਮਹਾਰਾਜਾ ਜੰਮੂ ਕਸ਼ਮੀਰ, ਮਹਾਰਾਣਾ ਨੈਪਾਲ, ਕਾਬਲ ਰਾਜ ਅਤੇ ਰੂਸ ਆਦਿਕ ਰਾਜਾਂ ਨਾਲ ਸਥਿਰ ਹੋ ਚੁਕੇ ਸਨ। ਇਸ ਤੋਂ ਬਿਨਾਂ ਸਰਕਾਰ ਦਾ ਗੁਪਤ ਰੀਕਾਰਡ ਇਸ ਗਲ ਤੇ ਵੀ ਚਾਨਣਾਂ ਪੌਂਦਾ ਹੈ ਕਿ ਗੁਰੂ ਜੀ ਨੇ ਆਪਣਾਂ ਅਸਰ ਤੇ ਰਸੂਖ ਭਾਰਤ ਦੇ ਦੂਜੇ ਪ੍ਰਦੇਸ਼ਾਂ ਵਿਚ ਵੀ ਕੈਮ ਕਰ ਲਿਆ ਸੀ।

ਨਜ਼ਰ ਬੰਦੀ—ਪੰਜਾਬ ਦਿਆਂ ਸਮੂਹ ਅਫਸਰਾਂ ਦੀਆਂ ਰਿਪੋਟਾਂ ਦੇ ਅਧਾਰ ਤੇ ਸਤਿਗੁਰੂ ਜੀ ਨੂੰ ੩੦ ਜੂਨ ੧੮੬੩ ਈਸਵੀ ਦੇ ਇਕ ਹੁਕਮ ਰਾਹੀਂ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰਕੇ ਨਿਗਰਾਨੀ ਹਿਤ ਇਕ ਪੁਲਸ ਗਾਰਦ ਨੀਯਤ ਕਰ ਦਿਤੀ ਗਈ। ਆਪਦੇ ਸੂਬਿਆਂ ਨੂੰ ਵਖੋ ਵੱਖ ਥਾਵਾਂ ਤੇ ਨਜਰ ਬੰਦ ਕਰ ਲਿਆ ਗਿਆ।

ਘਰ ੨ ਰਾਮ ਸਿੰਘ— ਕਮਿਸ਼ਨਰ ਅੰਬਾਲਾ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ 'ਮਹਾਰਾਜ' ਪਹਿਲੇ ਹਮ ਨੇ ਆਪਕੋ ਨਜ਼ਰ-



੧੭ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ ਗਵਨ

Sri Satguru Jagjit Singh Ji Elibrary NamdhariElibrary@gmail.com

ਬੰਦ ਕੀਆ । ਫਿਰ ਆਪਕੇ ਸੂਬੋਂ ਕੋ, ਬਤਲਾਦੀਏ ਅਬ ਆਪ ਕਿਆ ਕਰੇਂਗੇ, । ਸਤਿਗੁਰੁ ਜੀ ਨੇ ਇਕ ਖਾਸ ਅੰਦਾਜ਼ ਨਾਲ ਉੜ੍ਹ ਦਿਤਾ ਕਿ ਹੁਣ ਮੈਂ ਘਰ ਘਰ ਵਿਚ ਰਾਮ ਸਿੰਘ ਪੈਦਾ ਕਰ ਦਿਆਂਗਾ। ਅਜ਼ਾਦੀ ਦੀ ਇਹ ਕੂਕ ਸਾਰੇ ਭਾਰਤ ਵਿਚ ਗੂੰਜੇਗੀ ਮੈਂ ਜੋ ਅਜ਼ਾਦੀ ਦੀ ਅੱਗ ਦੇਸ਼ ਵਿਚ ਲਾ ਦਿਤੀ ਹੈ ਇਹ ਹੁਣ ਅੰਗਰਜ਼ੀ ਰਾਜ ਦੇ ਢਾਂਚੇ ਨੂੰ ਸਾੜ ਕੇ ਸੁਆਹ ਕਰਨ ਤੋਂ ਬਿਨਾਂ ਨਹੀਂ ਬੁਝ ਸਕਦੀ।

ਨਜਰਬੰਦੀ ਹਟਾਈ ਗਈਕਿਸੇ ਗਿਣੀ ਮਿਥੀ ਪਾਲਸੀ ਅਨੁਸਾਰ ੧੮੬੬ ਵਿਚ ਨਜ਼ਰ ਬੰਦੀ ਹਟਾ ਦਿੱਤੀ ਗਈ। ਗੁਰੂ ਮਹਾ-ਰਾਜ ਨੇ ਹੁਣ ਦੇਸ਼ ਅੰਦਰ ਦੌਰੇ ਕਰਨੇ ਸ਼ੁਰੂ ਕਰ ਦਿਤੇ। ਕੂਕਾ ਲਹਿਰ ਇਕ ਤੁਫਾਨ ਦੀ ਤਰਾਂ ਉਠੀ। ਇਸਦੇ ਵਾ ਵਰੋਲਿਆਂ ਨਾਲ ਅੰਗਰੇਜ਼ ਡਾਢਾ ਪਰੇਸ਼ਾਨ ਹੋਇਆ।

ਰਾਜੇ ਮਹਾਰਾਜੇ ਤੇ ਪੁਜਾਰੀ-- ਇਸ ਲਹਿਰ ਦਾ ਅਸਰ ਮੰਦ ਪੌਣ ਅਤੇ ਇਸ ਨੂੰ ਦਬਾਣ ਦੇ ਵਿਚਾਰ ਨਾਲ ਰਾਜਿਆਂ ਤੇ ਮਹਾ-ਰਾਜਿਆਂ ਅਤੇ ਸਿੱਖ ਗੁਰਦਵਾਰਿਆਂ ਦੇ ਮਹੰਤਾਂ ਨੂੰ ਵੀ ਕੂਕਾ ਲਹਿਰ ਦੇ ਵਿਰੁਧ ਸਰ-ਕਾਰੀ ਏਜੰਟਾਂ ਦੇ ਰੂਪ ਵਿਚ ਵਰਤਿਆ ਗਿਆ ਅਤੇ ਅਕਾਲ-ਬੁੰਗਾ ਅੰਮ੍ਰਿਤਸਰ ਦੇ ਜਥੇ ਦਾਰਾਂ ਵਲੋਂ ਇਹ ਫਤਵੇ ਸਾਦਰ ਕਰਵਾਏ ਕਿ ਨਾਮ ਧਾਰੀ ਸਿੱਖ ਨਹੀਂ ਹਨ। ਇਨਾਂ ਨੂੰ ਕੋਈ ਗੁਰਦਵਾਰਿਆਂ ਵਿਚ ਦਾਖ਼ਲ ਨਾਂ ਹੋਣ ਦੇਵੇਂ ।

ਸਤਿਆ ਗਰਹਿ-ਜਿਸ ਸੱਤਆ ਗ੍ਰਹਿ ਕਰਕੇ ਮਹਾਤਮਾਂ ਗਾਂਧੀ ਜੀ ਜਗਤ ਵਿਚ ਪ੍ਰਸਿਧ ਹੋਏ ਹਨ। ਉਸ ਦਾ ਆਦਰਸ਼, ਸਤਿ-ਗੁਰੂ ਰਾਮ ਸਿੰਘ ਜੀ ਨੇ ਕਾਂਗਰਸ ਦੇ ਜਨਮ ਤੋਂ ੧੯ਸਾਲ ਪਹਿਲੋਂ ੧੯੬੭ ਬਿ:ਵਿਚ ਹੀ ਸਥਿਰ ਕਰ ਦਿਤਾ ਸੀ ਜਦ ਕਿਆਪ ਸ੍ਰਕਾਰੀ ਹੁਕਮਾਂ ਦੀ ਉਲੰਘਨਾਂ ਕਰਕੇ ਡਕੇ ਦੀ ਚੋਟ ਨਾਲ ਹਜ਼ਾਰਾਂ ਕੂਕਿਆਂ ਸਮੇਤ ਅਨੰਦ ਪੁਰ ਹੋਲੇ ਅਤੇ ਅੰਮ੍ਰਿਤਸਰ ਦੀ ਦੀਪਮਾਲਾਂ ਤੇ ਪਧਾਰੇ ਸਨ ।

ਮੈਕਨਬ ਦੀ ਰਪੋਟ-ਸ੍ਰਕਾਰ ਦੀ ਆਗਿਯਾ ਅਨੁਸਾਰਮਿਸਟਰਜੇ ਡਬਲਯੂ ਮੈਕ ਨਬ ਨੇ ਕੂਕਾ ਲਹਿਰ ਬਾਬਤ ੪-੧੨-੧੮-੭੧ ਨੂੰ ਇਕ ਲੰਮੀ ਰਪੋਟ ਪੇਸ਼ ਕੀਤੀ ਜਿਸਦਾ ਖੁਲਾਸਾ ਇਹ ਹੈ:-

(੧) ਪਹਿਲੋਂ ਰਾਮ ਸਿੰਘ ਨੂੰ ਸ਼ਾਂਤ ਰੂਪ ਗੁਰੂ ਨਾਨਕ ਦਾ ਅਵਤਾਰ ਸਮਝਿਆ ਜਾਂਦਾ ੀ, ਪਰ ਹੁਣ ਯੋਧੇ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਮੰਨਿਆਂ ਜਾਂਦਾ ਹੈ।

(੨) ਉਸ ਦੀ ਹੈਸੀਯਤ ਫਕੀਰਾਂ ਤੇ ਸੰਤਾਂ ਵਾਲੀ ਨਹੀਂ ਹੈ ਉਹ ਆਪਣੇ ਸਿੱਖਾਂ ਯਾ ਸੂਬਿਆਂ ਸਮੇਤ (ਅੰਗ੍ਰੇਜ਼) ਅਫਸਰਾਂ ਦੇ ਕਮਰੇ, ਪ ਤਸ਼ਾਹੀ ਸ਼ਾਨ ਨਾਲ ਪ੍ਰਵੇਸ਼ ਕਰਦਾ ਹੈ।

(੩) ਉਸ ਦੇ ਸੂਬੇ ਨੌਜਵਾਨ ਨਿਡਰ ਅਤੇ ਨਰੋਏ ਹਨ।

(੪) ਇਸ ਲਹਿਰ ਦਾ ਨਿਸ਼ਾਨਾਂ ਪਹਿਲਾਂ ਭਾਵੇਂ ਕੁਛ ਹੋਵੇ ਪਰ ਹੁਣ ਰਾਜਨੀ-ਤਕ ਹੈ।

(੫) ਰਾਮ ਸਿੰਘ ਚਾਲਾਕ ਆਦਮੀਆਂ ਦੇ ਹੱਥਾਂ ਦੀ ਕਠ ਪੁਤਲੀ ਨਹੀਂ ਹੈ। ਉਸ ਵਿਚ ਉਹ ਸਾਰੇ ਗੁਣ ਮੌਜੂਦ ਹਨ ਜੋ ਸਾਧਾ-

Sri Satguru Jagjit Singh Ji Elibrary NamdhariElibrary@gmail.com

ਰਣ ਧਾਰਮਕ ਆਗੂਆਂ ਵਿਚ ਨਹੀਂ ਹੁੰਦੇ।

(੬) ਉਹ ਇਕ ਅਜੇਹੇ ਸਮਾਜ ਦਾ ਅਦੁਤੀ ਆਗੂ ਹੈ ਜੋ ਆਪਣ ਸੁਭਾਉ ਅਨੁਸਾਰ ਖ਼ਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਧੁਨ ਵਿਚ ਬ੍ਰਤਾਨਵੀ ਸ਼ਕਤੀ ਦਾ ਸ਼ਤਰੂ ਹੈ। ਉਸ ਦੀ ਅੰਗ੍ਰੇਜ਼ੀ ਸਰਕਾਰ ਨਾਲ ਸਿੱਧੀ ਟਾਕਰਾ ਹੈ।

ਇਸ ਲਈ ਦੇਸ਼ ਦੀ ਅੰਤ੍ਰਿਕ ਸ਼ਾਂਤੀ ਨੂੰ ਸਥਿਰ ਰੱਖਣ ਦੇ ਦ੍ਰਿਸ਼ਟੀ ਕੋਣ ਨਾਲ ਉਸ ਨੂੰ ਕਿਸੇ ਅਜੇਹੇ ਥਾਂ ਉਤੇ ਨਿਰਵਾਸਿਤ ਕਰ ਦੇਣਾਂ ਉਚਿਤ ਹੈ ਜਿਥੇ ਉਸ ਦੇ ਸਿਖ ਉਸ ਨੂੰ ਮਿਲ ਨਾਂ ਸਕਣ।

(੭) ਕੂਕਾ ਲਹਿਰ ਹਿੰਦੁਸਤਾਨ ਦੀਆਂ ਰਿਆਸਤਾਂ ਨਾਲ ਵੀ ਸਮਿਲਤ ਹੋ ਚੁੱਕੀ ਹੈ। ਕਸ਼ਮੀਰ ਵਿਚ ਇੱਕ ਨਿਰੋਲ ਕੂਕਾ ਪਲਟਂਣ ਖੜੀ ਹੋ ਚੁੱਕੀ ਹੈ, ਤੇ ਮਹਾਰਾਜਾ ਨਿਪਾਲ ਕੂਕਾ ਰਜਮਟ ਬੰਨ੍ਹਣ ਦਾ ਇਰਾਦਾ ਰਖਦਾ ਹੈ।

(੮) ਜੇ ਉਸ ਤੇ ਅਦਾਲਤ ਵਿਚ ਮੁਕੱਦਮਾਂ ਨਾਂ ਚਲ ਸਕੇ ਤਾਂ ਉਸ ਨੂੰ ੧੮੧੮ ਦੇ ਐਕਟ ਦੇ ਅਧੀਨ ਕਿਸੇ ਦੂਜੇ ਦੇਸ਼ ਵਿਚ ਲੈ ਜਾਕੇ ਨਜ਼ਰ ਬੰਦ ਕਰ ਦੇਣਾਂ ਚਾਹੀਦਾ ਹੈ। ਭਾਵੇਂ ਉਹ ਮਮੂਲੀ ਸੰਮਣ ਭੇਜਿਆਂ ਵੀ ਹਾਜ਼ਰ ਹੋ ਜਾਏਗਾ ਪਰ ਫੇਰ ਵੀ ਲੁਧਿਆਣੇ ਵਿਖੇ ਪੁਲਸ ਤੇ ਜਲੰਧਰ ਵਿਖੇ ਫੌਜ ਦਾ ਤਕੜਾ ਪ੍ਰਬੰਧ ਕਰ ਲੈਣਾਂ ਚਾਹੀਦਾ ਹੈ।

(ਪੰ: ਰ: ਦੇ ਕਾਨਫੀਡੈਂਸ਼ਲ ਰਿਜ਼ਰਡ ਵਿਚੋਂ)

ਸੁ: ਗੁਰਬਖਸ਼ ਸਿੰਘ ਜੀ 'ਸ਼ੌਕ' ਅਫਰੀਕਾ

ਬਸੰਤ

ਸੂਚਿਤਾ ਸ਼ਿੰਗਾਰੀ ਛਬਿ, ਰਾਗਨੀ ਗੰਧਾਰੀ ਡਾਰੀ,
ਲਲਿਤ ਕੁਮਾਰੀ, ਪਿਆਰੀ ਦਾਰੀ ਜੇਹੀ ਕੌਣ ਵੇ?
ਨਾਰੀ ਸੁਕਮਾਰੀ, ਮਤਵਾਰੀ, ਸਾਰੀ ਧਾਰੀ ਹਾਰੀ,
ਜੋਬਨ ਖੁਮਾਰੀ 'ਚਿ ਖੁਮਾਰੀ, ਜੇਹੀ ਕੌਣ ਵੇ?
ਸੀਸ ਫੁਲ-ਖਾਰੀ ਫੁਲਕਾਰੀ, ਢਕੀ ਜਾਏ ਚਾਰੀ,
ਚਾਹਤ ਚੰਗਾਰੀ ਟੂਣੇ ਹਾਰੀ ਜੇਹੀ ਕੌਣ ਵੇ?
ਜਰੀ ਸੇ ਉਜਾਰੀ ਲਾਰੀ, ਖੁਸੀ-ਸੋਮੇ ਕਰੇ ਜਾਰੀ,
ਵਰੀ ਜੀ ਕੁਵਾਰੀ ਇਹ ਕਮਾਰੀ ਜੇਹ ਕੌਣ ਵੇ?
ਅੰਬੂਆ ਸੇ ਕਾਰੀ ਯੂੰ ਪੁਕਾਰੀ ਓ! ਅਨਰੀ ਸੁਣ:
ਬਾਰੀ ਦੇਣ ਆਈ ਬਾਟੀ, ਬਾਰੀ, ਇਹ ਬਸੰਤ ਏ!
ਰੱਬੀ ਪੰਨਸਾਰੀ ਵਿਸਤਾਰੀ ਸਾਰੇ ਜਗ ਉਤੇ,
ਲਭ ਦੀ ਵਿਚਾਰੀ ਭੈਣੀ ਵਾਲਾ ਰੁਠਾਂ ਕੰਤਏ!

[ਕਹਾਣੀ]

ਪ੍ਰਣ

[ਮੰਗਲ ਸਿੰਘ ਲਾਇਲਪੁਰੀ

ਮੇਰੇ ਪ੍ਰਣ ਨੂੰ ਨ ਤੋੜੋ, ਮੇਰੀ ਆਪ ਅਗੇ ਬਾਰ ਬਾਰ ਏਹੋ ਬੇਨਤੀ ਹੈ–ਜੇ ਤੁਸੀਂ ਨਹੀ ਰਹਿ ਸਕਦੇ ਤਾਂ ਤੁਸੀ ਜਮ ਜਮ ਵੇਖੋ, ਮੈਂ ਤੁਹਾਨੂੰ ਨਹੀ ਰੋਕਦੀ–ਸਿਨਮੇ ਦੇ ਬਾਹਰ ਖਲੀ ਪਤਨੀ ਨੇ ਆਪਣੇ ਪਤੀ ਨਰਿੰਦਰ ਸਿੰਘ ਨੂੰ ਬੜੇ ਪਿਆਰ ਨਾਲ ਕਿਹਾ–

ਸ਼ੀਲਾ, ਏਹ ਤਾਂ ਧਾਰਮਕ ਖੇਲਹੈ ਇਸ ਵਿਚ ਹਰਜ ਵਾਲੀ ਭਲਾ ਕੇਹੜੀ ਗਲ ਹੈ?

ਜੇ ਹਰਜ ਵਾਲੀ ਗੱਲ ਨਹੀ ਤਾਂ ਸਚੇ ਪਾਤਸ਼ਾਹ ਕਿਉਂ ਬਾਰ ਬਾਰ ਆਖਦੇ ਹਨ ਕਿ ਸਿਨਮਾ ਵੇਖਣਾਂ ਚੰਗਾ ਨਹੀ ?

ਸਾਰੀਆਂ ਗਲਾਂ ਸਤਿਗੁਰਾਂ ਦੀਆਂ ਸਾਥੋਂ ਮੰਨੀਆਂ ਜਾਂਦੀਆਂ ਹਨ ?

ਤੇ ਜਿਨੀਆਂ ਮੰਨੀਆਂ ਜਾਣ ਉਨੀਆਂ ਤੇ ਸਾਨੂੰ ਮੰਨਣੀਆਂ ਚਾਹੀਦੀਆਂ ਹਨ– ਸਾਡਾ ਭਲਾ ਸਿਨਮਾ ਵੇਖਣ ਖੁਣੋ ਕੀ ਥੁੜਿਆ ਹੋਇਆ ਹੈ ?

ਐਡੀ ਦੂਰੋਂ ਅਪਨੇ ਵਤਨ ਆਏ ਹਾਂ ਹੁਣ ਜੇ ਦਿਲੀ ਆਕੇ ਸਿਨਮਾ ਵੀ ਨ ਵੇਖਆ ਤਾਂ ਤੇ ਫੇਰ ਦਸ ਸ਼ੀਲਾ ! ਅਸੀ ਜਹੇ ਆਏ ਤਹ ਨ ਆਏ–ਬੱਸ ਮੈ ਤੈਨੂੰ ਆਖਦਾ ਹਾਂ "ਬੜੇ ਕਰੋਧ ਨਾਲ" ਸ਼ੀਲਾ,ਤੈਨੂੰ ਆਖਦਾਹਾਂ,ਯਾਦ ਰਖ ਤੈਨੂੰ ਜ਼ਿਦ ਨਹੀ ਕਰਨੀ ਚਾਹੀਦੀ ਮੇਰਾਬਚਨ ਮੰਨਣਾਂ ਤੇਰਾ ਫਰਜ਼ਹੈਨਹੀ ਤਾਂ...

ਸ਼ੀਲਾ ਵਿਚਾਰੀ ਬੜੀ ਮਜਬੂਰ ਸੀ ਆਖਰਉਸਨੇ ਹਾਂ ਕਰ ਦਿਤੀ ਤੇ ਦੋਵੇ ਅੰਦਰ ਜਾਕੇ ਕੁਰਸੀਆਂ ਤੇ ਬੈਠ ਗਏ–

ਕਿਹਾ ਚੰਗਾ ਹੁੰਦਾ ਸ਼ੀਲਾ, ਜੇ ਰਤਨ ਸਿੰਘ ਹੋਰੀਂ ਵੀ ਨਾਲ ਹੁੰਦੇ ਜਿਵੇਂ ਪਿੰਛੋਂ ਇਕਠੇ ਆਏ ਹਾਂ ਅਜ ਸ਼ੋ ਵੀਰਲਕੇਹੀ ਵੇਖਦੇ,ਨਰਿੰਦਰ ਸਿੰਘ ਨੇ ਸ਼ੀਲਾ ਨੂੰ ਅੰਦਰ ਹਾਲ ਵਿਚ ਬੈਠਿਆਂ ਕਿਹਾ"

ਪਰ ਮੈਂ ਤੁਹਾਨੂੰ ਦਾਹਵੇ ਨਾਲ ਆਖਦੀ ਹਾਂ "ਮੈਂ ਤਾਂ ਆਪਦਾ ਹੁਕਮ ਮੰਨਕੇ ਸਿਨਮੇ ਹਾਲ ਵਿਚ ਆਬੈਠੀ ਹਾਂ,ਪਰ'ਤ੍ਰਿਪਤ, ਕਦੀ ਏਥੇ ਪੈਰ ਨਹੀ ਸੀ ਧਰਨਾ ਭਾਵੇਂ ਤੁਸੀਂ ਦੋਵੇਂ ਸਾਰਾ ਜੋਰ ਲਾ ਲੈਂਦੇ–ਇਹ ਮੈਂ ਹੀ ਹਾਂ ਜਿਸਨੂੰ ਡਰਾ ਧਮਕਾਕੇ ਜੋ ਜੀ ਆਉਂਦਾ ਹੈ ਮਨਵਾ ਲੈਂਦੇ ਹੋ–

ਵੇਖ ਲੈਣਾ ਸ਼ੀਲਾ,ਰਤਨ ਨੇ ਤੇਰੀ ਤ੍ਰਿਪਤ ਨੂੰ ਦਿਲੀ ਦੀ ਸੈਰ ਕਰਾਉਂਦਿਆਂ ਕਈ ਸਿਨਮੇ ਤੇ ਹੋਟਲ ਵਿਖਾ ਛਡਣੇ ਨੇ–

ਉਹ ਮੇਰੇ ਵਾਂਗ ਕੱਚੀ ਨਹੀ। ਜੇਹੜੀ ਸਤਿਗੁਰਾਂ ਦੇ ਹੁਕਮ ਤੋਂ ਬੇਮੁਖ ਹੋ ਜਾਵੇਗੀ ਪਤਾ ਜੇ ਨ, ਸਾਰਾ ਰਾਹ ਉਸਨੇ ਤੁਹਾਡੇ ਯਤਨ ਕਰਨ ਤੇ ਵੀ ਬਜ਼ਾਰੀ ਚੀਜ ਮੂੰਹ ਨਹੀ ਸੀ ਲਾਈ।"

"ਅਛਾ ਸ਼ੀਲਾ ! ਮੇਰੀ ਤੇ ਰਤਨ ਦੀ ਵੀ ਸ਼ਰਤ ਲਗੀ ਹੋਈ ਹੈ ਵੇਖੀਏ ਸਾਡਾ ਨੰਬਰ ਹੁੰਦਾ ਹੈ ਕਿ ਤੁਹਾਡਾ ਦੋਹਾਂ ਭੈਣਾਂ ਦਾ।"

ਏਨੇ ਨੂੰ ਸੀਨ ਸ਼ੁਰੂ ਹੋ ਜਾਂਦਾ ਏ, ਅਜੇ ੨੦ ਮਿੰਟ ਹੀ ਹੋਏ ਹੋਣਗੇ ਕਿ ਨਰਿੰਦਰ ਸਿੰਘ ਕੀ ਵੇਖਦਾ ਹੈ, ਸ਼ੀਲਾ ਰੋ ਰਹੀ ਸੀ।"

ਉਸਨੇ ਸਮਝਿਆ ਮਨੋਰਮਾ ਦੀ ਦਰਦ

ਕਹਾਣੀ ਦਾ ਸੀਨ ਵੇਖ ਸ਼ੀਲਾ ਦਾ ਦਿਲ ਜਰ ਨਹੀਂ ਸਕਿਆ।

ਪਤੀ ਜੀ! ਮੈਂ ਹੁਣ ਹੋਰ ਏਥੇ ਨਹੀਂ ਬੈਠ ਸਕਦੀ। ਏਹ ਆਖ ਕੁਰਸੀ ਤੋਂ ਉਠਕੇ ਸ਼ੀਲਾ ਗੇਟ ਤੋਂ ਬਾਹਰ ਹੋ ਗਈ ਤੇ ਉਸਦੇ ਪਿਛੇ ਹੀ ਨਰਿੰਦਰ ਸਿੰਘ ਵੀ ਬਾਹਰ ਨਿਕਲ ਆਇਆ।

ਨਹੀਂ 'ਤੁਸੀਂ' ਜਾਓਬੈਠੋ,ਸੀਨ ਵੇਖੋ,ਮੇਰੀ ਖਾਤ੍ਰ ਤੁਸੀਂ ਕਿਉਂ ਆਪਣੇ ਸੁਆਦ ਵਿਚ ਵਿਘਨ ਪਾ ਰਹੇ ਹੋ।

ਸ਼ੀਲਾ, ਮੈਨੂੰ ਸਮਝ ਨਹੀਂ ਆ ਸਕੀ ਏਸ ਤੇਰੇ ਸਾਰੇ ਸੀਨ ਦੀ।

ਮੇਰੇ ਪ੍ਰੀਤਮ ਮੈਂ ਕੀ ਦਸਾਂ, ਮੈਂ ਬੜੀ ਹੈਰਾਨ ਹਾਂ ਕਿ ਅਪਣੇ ਦੇਸ਼ ਦੀਆਂ ਧੀਆਂ ਭੈਣਾਂ ਦੀ ਇਜ਼ਤ ਤੇ ਆਬਰੂ ਦੀ ਬੇ-ਪਤੀ ਵੇਖ ਮੇਰੇ ਦੇਸ਼ ਦੇ ਵੀਰਾਂ ਭਰਾਵਾਂ ਤੇ ਬਜ਼ੁਰਗਾਂ ਨੂੰ ਕਿਉਂ ਸ਼ਰਮ ਨਹੀਂ ਆਉਂਦੀ? ਕੀ ਏਹ ਭਾਰਤ ਦੀਆਂ ਜਾਈਆਂ ਨਹੀਂ? ਕੀ ਏਹ ਕਿਸੇ ਦੀਆਂ ਭੈਣਾਂ ਨਹੀਂ? ਕਿਸਤ੍ਰਾਂ ਉਹਨਾਂ ਦੇ ਗੀਤਾਂ ਉਤੇ ਦਰਸ਼ਕ ਸੀਟੀਆਂ ਵਜਾਂਦੇ ਹਨ, ਕਿਸਤ੍ਰਾਂ ਉਹਨਾਂ ਦੇ ਨਾਚ ਵੇਖ ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੇ ਹਨ। ਓਦੋਂ ਜਦੋਂ ਸਾਡੇ ਨਾਲ ਬੈਠੇ ਮੁੰਡਿਆ ਨੇ...... ......ਕਿਹਾ ਸੀ 'ਪਤੀ ਜੀ! ਉਹ ਲਫਜ਼ ਮੈਥੋਂ ਆਪ ਅਗੇ ਵੀ ਨਹੀਂ ਕਹੇ ਜਾਂਦੇ, ਹਾਲਾਂ ਕਿ ਮੇਰਾ ਤੁਹਾਡਾ ਪਰਦਾ ਇਕ ਹੈ। ਪਤੀ ਜੀ! ਮੈਂ ਬੜੀ ਗੁਨਾਹਗਾਰ ਹਾਂ, ਮੈਂ ਸੋਚ ਰਹੀ ਹਾਂ ਕੀ ਏਨ੍ਹਾਂ ਗੁੰਡਿਆਂ ਨੂੰ, ਸ਼ਰਮ ਨਹੀਂ ਆਉਂਦੀ, ਨ ਤਾਂ ਏਹ ਆਪਣ ਪਾਸ ਬੈਠੀਆਂ ਇਸਤ੍ਰੀਆਂ ਦੀ ਸ਼ਰਮ ਕਰ ਰਹੇ ਸਨ ਤੇ ਨਾ ਇਨਾਂ ਨੂੰ ਉਹਨਾਂ ਨਾਚੀਆਂ ਦੀ ਜ਼ਿੰਦਗੀ ਤੇ ਤਰਸ ਆ ਰਿਹਾ ਸੀ ਜੋ ਹੜੀਆਂ ਪਤਾ ਨਹੀਂ ਕਿਸ ਲਾਲਚ ਵਸ ਏਥ ਗਾਉਣ ਤੇ ਨਚਣ ਲਈ ਮਜਬੂਰ ਹੋ ਰਈਆਂ ਹਨ।

ਮੇਰੇ ਸੁਆਮੀ ਜੀ! ਸਾਡਾ ਦੇਸ਼ ਕਿਧਰ ਨੂੰ ਜਾ ਰਿਹਾ ਹੈ। ਕੀ ਸਾਡੀ ਭਾਰਤੀ ਸਭਿ-ਅਤਾ ਸਾਨੂੰ ਏਹੋ ਸਿਖਾਂਦੀ ਹੈ? ਸਾਡੇ ਪੁਰਾਣੇ ਰਿਸ਼ੀਆਂ ਤੇ ਸਾਡੇ ਗੁਰੂਆਂ ਦੀ ਏਹੋ ਸਿਖਿਆ ਸੀ? ਕਿਧਰ ਗਏ ਗੀਤਾ, ਜਪੁਜੀ ਤੇ ਸੁਖ-ਮਨੀ ਦੇ ਪਾਠ, ਕਿਧਰ ਗਈਆਂ ਸੀਤਾ, ਸਾਵਿਤ੍ਰੀ ਤੇ ਰਾਣੀ ਝਾਂਸੀ। ਕਿਧਰ ਗਏ ਉਹ ਅਣਖੀਲੇ ਤੇ ਦੇਸ਼ ਦੇ ਰਾਖੇ ਬੀਰ, ਆਹ! ਅਜ ਭਾਰਤ ਦੇ ਇਸਤ੍ਰੀਆਂ ਤੇ ਮਰਦ ਇਕੋ (ਨਰਕ) ਰਾਹ ਪੈ ਚੁਕੇ ਹਨ। ਮੈਨੂੰ ਸਮਝ ਨਹੀਂ ਆ ਰਹੀ ਕਿ ਏਥੇ ਮੇਰੇ ਵੀਰ ਤੇ ਭੈਣਾਂ ਕਿਸ ਆਸ਼ੇ ਨੂੰ ਮੁਖ ਰਖਕੇ ਆਉਂਦੇ ਹਨ। ਜੀਵਨ ਨੂੰ ਉਚਿਆਂ ਕਰਨ ਵਾਲੀ ਕਹੜੀ ਸਿੱਖਿਆ ਏਥੋਂ ਮਿਲਦੀ ਹੈ ਮੈਂ ਯਕੀਨ ਨਾਲ ਆਖਦੀ ਹਾਂ ਕਿ ਕੋਈ ਦੇਸ਼ ਹਤੈਸ਼ੀ, ਜਿਸ ਦੇ ਦਿਲ ਵਿਚ ਆਪਣੀਆਂ ਧੀਆਂ ਭੈਣਾ ਦੀ ਕਦਰ ਥੋੜੀ ਵੀ ਅਜੇ ਬਾਕੀ ਹੈ, ਓਹ ਕਦੀ ਵੀ ਆਪਣਾਂ ਸਮਾਂ ਤੇ ਪੈਸਾ ਅਜੇਹੇ ਤਮਾ-ਸ਼ਿਆਂ ਵਿਚ ਬਰਬਾਦ ਨਹੀ ਕਰ ਸਕਦਾ।

"ਭਾਵੇਂ ਮੰਨੋ ਭਾਵੇਂ ਨ।" ਮੇਰੇ ਸਤਿਗੁਰੂ ਜੀ ਏਸੇ ਵਾਸਤੇ ਸਾਨੂੰ ਉਪਦੇਸ਼ ਦਾਂਦੇ ਹਨ ਕਿ ਸਿਨਮੇ ਜਾਕੇ ਅਪਣੇ ਇਖਲਾਕ ਨੂੰ ਨ ਵਿਗਾੜੋ। ਸਿਨਮੇ 'ਚ ਨਚਣ ਤੇ ਗੌਣ ਵਾਲੀਆਂ ਕੋਈ ਹੋਰ ਨਹੀ ਏਹ ਭਾਰਤ ਦੀਆਂ ਹੀ ਦੇਵੀਆਂ ਹਨ। ਸਾਡੀ ਵਾਹ ਵਾਹ ਤੇ ਪ੍ਰਸੰਸਾ ਨੇ ਹੀ ਏਹਨਾਂ ਦੇਵੀਆਂ ਦੇ ਜੀਵਨ ਵਿਚ ਅੰਮ੍ਰਤ ਬਦਲੇ ਜ਼ਹਿਰ ਦਾ ਟੀਕਾ ਕਰ ਦਿਤਾ ਹੈ।

Sri Satguru Jagjit Singh Ji Elibrary NamdhariElibrary@gmail.com

ਸ਼ੀਲਾ ਨਾਲੇ ਬੋਲੀ ਜਾ ਰਹੀ ਸੀ ਤੇ ਨਾਲੇ ਦੁਖੀ ਹਿਰਦੇ ਨੂੰ ਠਲ੍ਹਦੀ ਹੋਈ ਹੰਝੂ ਪੂੰਝ ਰਹੀ ਸੀ।

ਸ਼ੀਲਾ! ਮੈਨੂੰ ਕੀ ਪਤਾ ਸੀ ਕਿ ਮੇਰੀਏਸ ਜ਼ਿਆਦਤੀ ਨੇ ਤੇਰੇ ਮਨ ਤੇ ਅਜਹੀ ਚੋਟ ਮਾਰਨੀ ਹੈ ਸ਼ੀਲਾ......ਮੈਂ......ਤੇ ਮੈ ਅਜ...... ਆਹੋ, "ਮੈਂ ਪ੍ਰਣ ਕਰਦਾ ਹਾਂ" ਕਿ ਹੁਣ ਅਗੋਂ ਤੋਂ ਕਦੀ ਵੀ ਸਿਨਮਾ ਨਹ ਵੇਖਾਂਗਾਂ

੨.

ਰਾਤ ਦੇ ਨੌ ਵਜ ਚੁਕੇ ਸਨ, ਨਰਿੰਦਰ ਸਿੰਘ ਤੇ ਸ਼ੀਲਾ ਜਦੋਂ ਅਪਣੇ ਕਮਰੇ ਵਿਚ ਆਏ ਤਾਂ ਪਿਛੋਂ ਛੇਤੀ ਹੀ ਬੀਬੀ ਤ੍ਰਿਪਤ ਤੇ ਰਤਨ ਸਿੰਘ ਵੀ ਆ ਪਹੁੰਚੇ ਤ੍ਰਿਪਤ ਨੇ ਹਸਦਿਆਂ ਹਸਦਿਆਂ ਸ਼ੀਲਾ ਨੂੰ ਕਿਹਾ ਭੈਣ ਜੀ! ਅਪਣੇ ਜੀਜਾ ਜੀ ਨੂੰ ਵਧਾਈ ਦਿਉ।"

ਕਾਹਦੀ ਵਧਾਈ!! ਸ਼ੀਲਾ ਨੇ ਤ੍ਰਿਪਤ ਨੂੰ ਬੜੀ ਕਾਹਲ ਨਾਲ ਪੁਛਿਆ।"

'ਇਹ ਏਨ੍ਹਾਂ ਨੂੰ ਹੀ ਪੁਛ ਲਵੋ।

ਹਾਂ ਦਸੋ ਭਰਾ ਜੀ ਵਧਾਈ ਦੇਣ ਵਾਸਤੇ ਭੈਣ ਜੀ ਕਹਿ ਰਹੇ ਹਨ?

ਭੈਣ ਜੀ। ਮੈਨੂੰ ਸ਼ਰਮ ਸਾਰ ਨ ਕਰੋ ਇਹ ਤਾਂ ਹੱਸ ਰਹੀ ਹੈ, ਪਰ ਮੈਂ ਅੰਦਰ ਹੀ,ਅੰਦਰ ਭੈਣ ਜੀ ਰੋ ਰਿਹਾ ਹਾਂ।

ਰਤਨ ਸਿੰਘ ਦੇ ਇਹ ਸ਼ਬਦ ਸੁਣਕੇ— ਇਹ ਜੋੜਾ, ਬੜੀ ਤੀਬਰਤਾ ਨਾਲ ਕੁਝ ਸੁਨਣ ਲਈ ਉਤਾਵਲਾ ਹੋ ਉਠਿਆ ਤੇ ਮਜ-ਬੂਰ ਕਰ ਦਿਤਾ ਕਿ ਛੇਤੀ ਓਹ ਵਾਰਤਾ ਸੁਣਾਓ ਜੇਹੜੀ ਵਧਾਈ ਨਾਲ ਤੱਲਕ ਖਰਦੀ ਹੈ।''

ਰਤਨ ਸਿੰਘ ਨੇ ਕਿਹਾ ਲੌ ਸੁਣੋ, ਜੇ ਤੁਸੀ ਖਹਿੜਾ ਨਹੀਂ ਛਡਦ-"ਤੁਹਾਥੋਂ ਵਿਛੜ ਕੇ ਬਜ਼ਾਰ ਵਿਚੋਂ ਅਸੀਂ ਕੁਝ ਚੀਜਾਂ ਖਰੀਦਨ ਲੱਗ ਪਏ-ਮੈਨੂੰ ਭੁਖ ਲਗੀ ਹੋਈ ਸੀ, ਤੁਹਾਨੂੰ ਪਤਾ ਹੀ ਹੈ ਕਿ ਰਾਤ ਪੈ ਚੁਕੀ ਸੀ—ਮੈਂ ਤ੍ਰਿਪਤ ਨੂੰ ਕਿਹਾ ਆਓ ਰੋਟੀ ਖਾ ਲਈਏ, ਇਸ ਨੇ ਕਿਹਾ ਮੇਰੇ ਭਾਵੇਂ ਪਰਾਣ ਨਿਕਲ ਜਾਣ ਮੈਂ ਹੋਟਲ ਤੋਂ ਕਦੀ ਰੋਟੀ ਨਹੀਂ ਖਾਵਾਂਗੀ। ਮੈ ਆਪਣੀ ਵਲੋਂ ਸਾਰਾ ਜ਼ੋਰ ਲਾ ਦਿਤਾ ਪਰ ਆਪਨੂੰ ਪਤਾ ਹੀ ਹੈਨ, ਇਹ ਕਦੋਂ ਮੰਨਣ ਵਾਲੀ ਸੀ।

ਆਖਰ ਮੈਂ ਇਹ ਮਨਾ ਲਿਆ ਕਿ ਇਹ (ਤ੍ਰਿਪਤ) ਕੋਲ ਬੈਠੇ ਤੇ ਮੈਂ ਰੋਟੀ ਖਾ ਲੈਂਦਾ ਹਾਂ ਜਦੋਂ ਥਾਲ ਲੱਗਕੇ ਰੋਟੀ ਮੇਰੇ ਸਾਹਮਣੇ ਆ ਗਈ ਤਾਂ ਉਹਨਾਂ ਕਿਸੇ ਸਪੈਸ਼ਲ ਸਬਜ਼ੀ ਵਾਸਤੇ ਪੁਛਿਆ ਮੈਂ ਦੋ ਤਿੰਨ ਸ਼ਪੈਸ਼ਲਾਂ ਵਾਸਤੇ ਆਡਰ ਦਦਿਤਾ ਮੈ ਰੋਟੀ ਖਾਣੀ ਅਰੰਭ ਕਰ ਦਿਤੀ, ਕੋਲੋ ਤ੍ਰਿਪਤ ਨੇ ਇਕ ਕੌਲੀ ਵਲ ਉਂਗਲ਼ ਕਰਕੇ ਪੁਛਿਆ- "ਅਹਿ ਕਾਹਦੀ ਸਬਜ਼ੀ ਹੈ?,, ਸ਼ੀਲਾ! ਸੱਚ ਮੁਚ ਹੀ ਮੇਰੇ ਤਸਿਗੁਰੂ ਨੇ ਮੇਰੀ ਲੱਜਿਆ ਰੱਖ ਲਈ ਮੈ ਅਜੇ ਓਸ ਕੌਲੀ ਨੂੰ ਛੁਹਿਆ ਵੀ ਨਹੀਂ ਸੀ—ਨੌਕਰ ਕੋਲੋਂ ਪੁਛਣ ਤੇ ਝਟ ਉਸਨੇ ਕਹਿ ਦਿਤਾ।

ਬਾਬੂ ਜੀ! ਯਹਿ ਤੋ 'ਅੰਡੇ ਹੈਂ ਅੰਡੇ।'

ਮੈਂ ਰੋਟੀ ਓਥੇ ਹੀ ਛੱਡ ਦਿਤੀ ਤੇ ਕੁਰਸੀ ਤੇ ਬੈਠੇ ਹੋਟਲ ਮੈਨੇਜਰ ਨੂੰ ਪੁਛਿਆ-ਸ੍ਰੀ ਮਾਨ ਜੀ! ਕਿਆ ਯਹਿ ਵੈਸ਼ਨੋ ਹੋਟਲ ਨਹੀਂ?

ਵੈਸ਼ਨੋ ਹੀ ਹੈ—ਆਪਕੋ ਕੈਸੇ ਸੰਸਾ ਪੜ-ਗਿਆ" ਮੈ 'ਜਰ ਨ ਕਿਹਾ।

ਆਪ ਅੰਡੇ ਕਿਓਂ ਬਨਾਤੇ ਹੋ?

ਅੰਡੇ ਤੋਂ ਸਬਜ਼ੀ ਮੈਂ ਦਾਖਲ ਹੈ, ਮਾਸ ਮੈਂ ਨਹੀਂ।'

(ਹਰਭਜਨ ਸਿੰਘ ਜ਼ਖਮੀਂ ਚੰਗਮਈ ਸਿਆਮ)

ਬਨਸਪਤਿ ਮਉਲੀ ਚੜਿਆ ਬਸੰਤ

ਅਜ ਬਸੰਤ-ਪੰਚਮੀ ਦਾ ਸ਼ੁਭ ਤੇ ਪਵਿ-ਤਰ ਪੁਰਬ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਵਾਸੀ ਇਸ ਪੁਰਬ ਨੂੰ ਬੜੇ ਚਾਉ ਤੇ ਉਤਸ਼ਾਹ ਨਾਲ ਮਨਾਂਉਦੇ ਚਲੇ ਆ ਰਹੇ ਹਨ ਇਹ ਪੁਰਬ ਪੱਤ–ਝੜ ਦੇ ਅੰਤ ਉਤੇ, ਨਵੀਂ ਬਹਾਰ ਆਉਣ ਸਮੇਂ ਮਨਾਇਆ ਜਾਂਦਾ ਹੈ।

ਕਈਆਂ ਦੇ ਖਿਆਲ ਅਨੁਸਾਰ ਬਸੰਤ ਸ਼ਬਦ ਬਸ-ਅੰਤ ਤੋਂ ਬਣਿਆ ਹੈ ਭਾਵ ਪੱਤ ਝੱੜ ਦਾ ਅੰਤ ਹੋਇਆ, ਤੇ ਬਹਾਰ ਆਈ. ਇਸ ਸਮੇਂ ਬਾਗਾਂ ਵਿੱਚ ਹਰ ਪਾਸੇ ਹਰਿ-ਆਵਲ ਹੀ ਹਰਿਆਵਲ ਹੀ ਦਿਸਣ ਲਗ ਪੈਂਦੀ ਹੈ ਤੇ ਟੁੰਡ ਮੁੰਡ ਹੋਏ ਬੂਟੇ, ਬ੍ਰਿਛ ਪੁੰਗਰਨ ਨਾਲ, ਫੁਲਵਾੜੀ ਦਾ ਖਿੜਾਓ ਐਓ ਮਲੂਮ ਹੁੰਦਾ ਹੈ ਮਾਨੋਂ ਬਸੰਤ ਰਾਣੀ ਬਸੰਤੀ ਸਾੜੀ ਪਹਿਨ ਕੇ ਬਹਾਰ ਖਿੜਾ ਰਹੀ ਹੈ,ਬਸੰਤ ਰੁਤ ਦੀ ਸਿਫਤ ਵਿੱਚ ਗੁਰ-ਬਾਣੀ ਵਿੱਚ ਵੀ ਇਸਤਰਾਂ ਫੁਰਮਾਇਆ ਹੈ।

ਚੇਤ ਬਸੰਤ ਭਲਾਭਵਰ ਸੁਹਾਵੜੇ
ਬਨ ਫੂਲੇ ਮੰਝ ਬਾਰਿ ਮੈ ਪਿਰ ਘਰਿ ਬਹੁੜੇ
(ਤੁਖਾਰੀ ਮ: ੧)

ਬਨਸਪਤਿ ਮਉਲੀ ਚੜਿਆ ਬਸੰਤ
ਇਹ ਮਨੁ ਮਉਲਿਆ ਸਤਿਗੁਰ ਸੰਗ

ਬਹਾਰ ਦੇ ਆਗਮਨ ਤੇ ਕੁਲ ਕਾਇਨਾਤ ਝੂਮ ਉਠਦੀ ਹੈ. ਮੁਰਝਾਏ ਦਿਲ ਮਹਿਕ ਉਠਦੇ ਹਨ. ਭੌਰ ਫੁਲਾਂ ਦੀ ਖਿੜੀ ਫੁਲ-ਵਾੜੀ ਤੇ ਮਸਤ. ਗੁੰਜਾਰਾਂ ਪਾਉਣ ਲੱਗ ਪੈਂਦੇ ਹਨ. ਤੇ ਬੁਲਬੁਲਾਂ ਖੁਛੀ 'ਚ ਤਰਾਨੇ ਗਾਉਂਦੀਆਂ ਝੂਮ ਉਠਦੀਆਂ ਹਨ ਮਾਘ ਦੇ ਚਾਨਣੇ ਪੱਖ ਦੀ ਪੰਚਮੀ ਥਿੱਤ ਵਾਲੇ ਸ਼ੁਭ ਦਿਹਾੜੇ ਨੂੰ ਬਸੰਤ ਪੰਚਮੀ ਆਖਦੇ ਹਨ।

ਇਸੇ ਹੀ ਦਿਨ ਦੇਸ਼ ਦੇ ਮਹਾਨ ਆਗੂ, ਸੁਤੰਤਰਤਾ ਦੇ ਪੁਜਾਰੀ, ਨਾਮਧਾਰੀ ਪੰਥ ਦੇ ਨੇਤਾ ਸ੍ਰੀ ਸਤਿਗੁਰੂ ਰਾਮ ਜੀ ਦਾ ਆਗਮਨ ਹੋਇਆ ੧੮੭੨ ਬਿਕ੍ਰਮੀ ਦੀ ਬਸੰਤ-ਪੰਚਮੀ ਵਾਲੇ ਦਿਨ ਜਿਲਾ ਲੁਧਿਆਣੇ ਦੇ ਨਿਕੇ ਜਿਹੇ ਪਿੰਡ ਭੈਣੀ ਵਿਖੇ ਆਪਦਾ ਪ੍ਰਕਾਸ਼ ਹੋਇਆ ਸੀ ਜਿਸ ਸਦਕਾ ਇਹ

ਹੋਟਲ ਮੈਨੇਜਰ ਤੋਂ ਇਹ ਸੁਨਕੇ ਅਸੀਂ ਚੁਪ ਚੁਪੀਤੇ ਪੈਸੇ ਦੇਕੇ ਬਾਹਰ ਨਿਕਲ ਆਏ (ਤ੍ਰਿਪਤ ਸਾਹਮਣੇ ਮੈਂ ਪਰਨ ਕੀਤਾ ਕਿ ਮੈਂ ਭੁਖਾ ਤਾਂ ਮਰ ਜਾਵਾਂਗਾ ਪਰ ਕਿਸੇ ਹੋਟਲ ਤੋਂ ਰੋਟੀ ਬਿਲਕੁਲ ਨਹੀਂ ਖਾਵਾਂਗਾ। ਭਾਵੇਂ ਕਿਡਾ ਵੈਸ਼ਨੋ ਹੋਣ ਦਾ ਵੀ ਦਾਹਵਾ ਕਿਓ ਨ ਕਰੇ ਰਤਨ ਦੀ ਵਾਰਤਾ ਸੁਣ ਨਰਿੰਦਰ ਨ ਆਪਣੀ ਕਥਾ ਵੀ ਸੁਣਾਈ ਤੇਆਖਿਆ ਆਓ ਅਰਦਾਸ ਕਰੀਏ ਸਾਡੇ ਪਰਣ ਸਦਾ ਲਈ ਨਿਭ ਜਾਣ।"

ਬਸੰਤ ਪੰਚਮੀ ਦਾ ਪੁਰਬ ਸਿਰਫ ਨਾਮਧਾਰੀ ਪੰਥ ਵਿੱਚ ਹੀ ਨਹੀ, ਬਲਕਿ ਸਾਰੇ ਸਿਖ ਪੰਥ ਵਿੱਚ ਸਤਿਕਾਰਿਆ ਜਾਂਦਾ ਹੈ, ਚੀਨੀ ਵਾਲੇ ਪਾਤਸ਼ਹ ਨੇ, ਇਸ ਸ਼ੁਭ ਤੇ ਪਵਿਤਰ ਪੁਰਬ ਨੂੰ ਹੋਰ ਵੀ ਮਹਾਨ ਬਣਾ ਦਿਤਾ ਹੈ.

ਅਜ ਤੋਂ ਤਕਰੀਬਨ ਇਕ ਸਦੀ ਪਹਿਲਾਂ ਸਿਖ ਰਾਜ ਦੇ ਅੰਤ ਤੋਂ ਬਾਦ, ਜਦੋਂ ਅੰਗ ਰੇਜ਼ੀ ਸਾਮਰਾਜ ਸਾਰੇ ਭਾਰਤ ਵਰਸ਼ ਤੇ ਛਾ ਚੁੱਕਾ ਸੀ ਤੇ ਪੰਜਾਬ ਵੀ ਅੰਗਰੇਜ਼ ਦੇ ਅਧੀਨ ਹੋ ਚੁਕਾ ਸੀ, ਅੰਗਰੇਜੀ ਰਾਜ ਪੂਰੇ ਜੋਬਨ ਤੇ ਸੀ ਤੇ ਜਦੋਂ ਅੰਗਰੇਜ ਸਾਮਰਾਜ ਦੇ ਖਿਲਾਫ ਇਕ ਲਫਜ ਕਹਿਣਾ ਵੀ ਅਪਣੀ ਮੌਤ ਦੇ ਵਾਰੰਟਾਂ ਤੇ ਦਸਖਤ ਕਰਨ ਦੇ ਤੁਲ ਸੀ ਉਦੋਂ ਉਸ ਸਮ ਸਭ ਤੋਂ ਪਹਿਲਾਂ ਅੰਗ ਰੇਜ਼ ਸਾਮਰਾਜ ਦੇ ਖਿਲਾਫ ਚੀਨੀ ਵਾਲੇ ਪਾਤਸ਼ਾਹ ਨੇ ਬਗਾਵਤ ਦਾ ਝੰਡਾ ਬਲੰਦ ਕੀਤਾ ਅੰਗਰੇਜ ਦਾ ਮੁਕੰਮਲ ਬਾਈਕਾਟ ਕੀਤਾ ਅੰਗਰੇਜ ਹਕੂਮਤ ਦੇ ਮੁਕਾਬਲੇ ਅਪਨੀ ਹਕੂਮਤ ਕਾਇਮ ਕੀਤੀ ਮਹਿਕਮਾ ਡਾਕ ਅਪਨਾ ਕਾਇਮ ਕੀਤਾ ਵਿਦੇਸ਼ੀ ਮਾਲ ਦਾ ਬਾਈਕਾਟ ਕੀਤਾ ਜਨਤਾ ਨੂੰ ਸ਼ੁਧ ਸੁਦੇਸੀ ਮਾਲ ਵਰਤਣ ਦੀ ਪਰੇਰਨਾ ਕੀਤੀ ਜਿਸ ਨਾਲ ਅੰਗਰੇਜੀ ਤਜਾਰਤ ਨੂੰ ਬੜਾ ਧੱਕਾ ਲਗਾ।

ਚੀਨੀ ਵਾਲੇ ਪਾਤਸ਼ਾਹ ਨੇ, ਸਾਰੇ ਦੇਸ਼ ਦਾ ਦੌਰਾ ਕੀਤਾ ਭਾਰਤੀ ਜੰਨਤਾ ਨੂੰ ਜਥੇ ਬੰਦ ਹੋਣ ਦੀ ਪਰੇਰਨਾ ਕੀਤੀ, ਪੰਜਾਬ ਵਿਚ ਬਾਈ ਸੂਬੇ ਕਾਇਮ ਕੀਤੇ, ਭੈਣੀ ਤੋਂ ਅਜਾਦੀ ਦੀ ਕੂਕ ਬਲੰਦ ਕੀਤੀ, ਤੇ ਜਨਤਾ ਵਿਚ ਅਜਾਦੀ ਦਾ ਜਜ਼ਬਾ ਭਰ ਦਿਤਾ।

ਦੇਸ਼ ਦੀ ਗੁਲਾਮੀ ਦੀਆਂ ਜੰਜੀਰਾ ਕਟਣ ਲਈ ਸਿਖ ਰਾਜ ਦੇ ਅੰਤ ਤੋਂ ਬਾਦ, ਆਪ ਪਹਿਲੇ ਮਹਾਨ ਆਗੂ ਹਨ, ਜਿਨਾਂ ਦੇਸ਼ ਨੂੰ ਗੈਰਾਂ ਤੋਂ ਸੁਤੰਤ੍ਰ ਕਰਾਣ ਦਾ ਉਦਮ ਕੀਤਾ, ਤੇ ਜਨਤਾ ਨੂੰ ਜਥੇ ਬੰਦ ਕਰਕੇ ਜੰਗਿ-ਅਜਾਦੀ ਵਿਚ ਕੁਦਣ ਲਈ ਤਿਆਰ ਕੀਤਾ ਤੇ ਪਰਾਧੀਨਤਾ ਦੇ ਕਸ਼ਟ ਚੋਂ ਦੇਸ਼ ਨੂੰ ਬਚਾਉਣ ਲਈ ਮੈਦਾਨਿ ਅਮਲ ਵਿਚ ਨਿਤਰੇ।

ਹਿੰਦੂਆਂ ਤੇ ਸਿਖਾਂ ਦੀ ਅਣਖ ਨੂੰ ਚੈਲਿੰਜ ਕਰਨ ਲਈ, ਅੰਗਰੇਜ ਸਾਮਰਾਜ ਨੇ ਦੇਸ਼ ਦੇ ਕੋਨੇ-ਕੋਨੇ ਵਿਚ ਬੁਚੜ ਖਾਨੇ ਖੋਲਣੇ ਸ਼ੁਰੂ ਕਰ ਦਿਤੇ, ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਵੀ ਬੁਚੜ ਖਾਨਾ ਖੁਲ ਗਿਆ ਦਿਨ ਦਿਹਾੜੇ ਹਰ ਥਾਂ ਬਅੰਤ ਗਊਆਂ ਕਤਲ ਹੋਣ ਲਗੀਆਂ।

ਇਸ ਘੋਰ ਅਨਰਥ ਤੇ ਜੁਲਮ ਨੂੰ ਤੱਕਕੇ ਹਰ ਧਰਮੀ ਤੇ ਦੇਸ਼ ਦਰਦੀ ਨੂੰ ਮਹਾਨ ਕਸਟ ਹੋਇਆ ਇਸ ਕਸ਼ਟ ਨੂੰ ਬਰਦਾਸ਼ਤ ਨਾ ਕਰਦਿਆਂ ਹੋਇਆਂ, ਚੀਨੀ ਵਾਲੇ ਦੇ ਸਿਰ ਲੱਥ ਸੰਤ ਸਿਪਾਹੀਆਂ ਨੇ, ਗਊਆਂ ਨੂੰ ਬੁਚੜਾਂ ਪਾਸੋਂ ਬਚਾਉਣ ਹਿੱਤ, ਤੇ ਬੁਚੜ ਖਾਨੇ ਬੰਦ ਕਰਾਉਣ ਲਈ, ਲਾਸਾਨੀ ਕੁਰ-ਬਾਨੀ ਕੀਤੀ। ਇਨਾਂ ਸਿਰ ਲੱਥ ਸੰਤ ਸਿਪਾਹੀਆਂ ਨੇ ਜਾਨਾਂ ਤਲੀ ਤੇ ਧਰਕੇ ਬੁਚੜਾਂ ਨੂੰ ਖਤਮ ਕਰਨਾ ਸ਼ੂਰੂ ਕੀਤਾ, ਇਕ ਹੱਥ ਮਾਲਾ ਤੇ ਦੂਜੇ ਹੱਥ ਤਲਵਾਰ ਲੈਕੇ ਗਊ ਕਾਤਲਾਂ ਨੂੰ ਸੋਧਣਾ ਸ਼ੁਰੂ ਕਰ ਦਿਤਾ।

ਇਸ ਅਪਰਾਧ ਬਦਲ, ਅੰਗਰੇਜ਼-ਸਾਮ-ਰਾਜ ਨੇ, ਮਲੇਰ ਕੋਟਲੇ ਦੇ ਮੈਦਾਨ ਵਿਚ ਅੱਸੀ ਨਾਮਧਾਰੀ ਸੰਤ ਸਿਪਾਹੀਆਂ ਨੂੰ ਤੋਪਾਂ

ਨਾਲ ਉਡਾਇਆ, ਤੇ ਨਾਮਧਾਰੀ ਪੰਥ ਨੂੰ ਬਾਗੀ ਕਰਾਰ ਦੇ ਦਿਤਾ, ਤੇ ਚੀਨੀ ਵਾਲੇ ਪਾਤਸ਼ਾਹ ਨੂੰ ਗ੍ਰਿਫਤਾਰ ਕਰਕੇ, ਪਰਦੇਸ਼ ਜਲਾ ਵਤਨ ਕਰ ਦਿਤਾ,

੭ ਮਾਘ ੧੯੨੯ ਬਿਕਰਮੀ ਨੂੰ ਸੂਬਿਆਂ ਸਣੇ ਪਰਦੇਸ ਜਲਾ ਵਤਨ ਕਰ ਦਿਤਾ ਨਾਮਧਾਰੀ ਪੰਥ ਦੇ ਮਹਾਂਨ ਨੇਤਾ, ਸ੍ਰੀ ਸਤਿਗੁਰੂ ਰਾਮਸਿੰਘ ਜੀ ਮਹਾਰਾਜ ਜਲਾ ਵਤਨੀ (ਪਰਦੇਸ਼-ਯਾਤਰਾ) ਵਾਸਤੇ ਗੱਡੀ ਸਵਾਰ ਹੋ ਗਏ, ਜੋ ਅਜ ਤੱਕ ਵਾਪਸ ਨਾਹੀ ਪਰਤੇ,

ਪਾਠਕ ਜੀਓ। ਇਹ ਭਾਗਾਂ ਵਾਲਾ, ਸ਼ੁਭ ਤੇ ਪਵਿਤਰ ਪੁਰਬ, ਉਸ ਚੀਨੀ ਵਾਲੇ ਮਾਹੀ ਦੀ ਯਾਦ, ਸਦਾ ਤਾਜ਼ਾ ਕਰਾਂਦਾ ਹੈ. ਗਊ ਗਰੀਬ ਦੀ ਰਖਛਾ ਤੇ ਦੇਸ਼ ਪਿਆਰ ਦਾ ਆਦਰਸ਼ੀ ਸਬਕ ਸਿਖਾਂਦਾ ਹੈ

ਸਾਧ ਸੰਗਤ ਨੂੰ ਇਸ ਪਵਿਤਰ ਦਿਵਸ ਦੀ ਖੁਛੀ ਵਿਚ ਬਹੁਤ ਬਹੁਤ ਵਧਾਈ ਹੋਵੇ।

ਵੱਲੋਂ ਕੁਲਜੀਤ ਸਿੰਘ ਜੀਤ ਗਿਆਨੀ ਰਾਮਗੜ੍ਹੀਆ ਸਭਾ ਕਿਸਮੋ

ਧਰਮ ਦਾ ਰੋਸ਼ਨ ਮੀਨਾਰ

ਅਰਸ਼ੋਂ ਆਈ ਨਿਰੰਜਣੀ ਜੋਤ ਸੋਹਣੀ, ਏਨੂੰ ਰੂਹ ਆਖਾਂ ਕਿ ਕਰਤਾਰ ਆਖਾਂ।
ਕੌਤਕ-ਹਾਰ ਆਖਾਂ ? ਪ੍ਰਵਦਗਾਰ ਆਖਾਂ, ਮਦਦਗਾਰ ਆਖਾਂ, ਕਿ ਸਰਕਾਰ ਆਖਾਂ!
ਠਾਠਾਂ ਮਾਰਦੇ ਡੂੰਘੇ ਸਮੁੰਦਰਾਂ ਚੋਂ, ਡੁਬਦੇ ਬੇੜਿਆਂ ਨੂੰ ਖੇਵਨ ਹਾਰ ਆਖਾਂ।
ਗਊ ਗਰੀਬ ਦੀ ਰਖਿਆ ਕਰਨ ਵਾਲਾ, ਸੋਮਾ ਬੀਰਤਾ ਪੁੰਜ ਉਪਕਾਰ ਆਖਾਂ।
ਕਲਮ ਆਖਦੀ ਪੀਰਾਂ ਦਾ ਪੀਰ ਆਖੀਂ. ਦਿਲੋਂ ਚੀਨੀ ਦਾ ਸ਼ਾਹ ਅਸਵਾਰ ਆਖਾਂ।
ਐਪਰ! ਵੇਖਕੇ ਤੇਰੀਆਂ ਰਹਿਮਤਾਂ ਨੂੰ, ਕਿਉਂ ਨਾਂ ਗੁਣਾਂ ਦਾ ਤੈਨੂੰ ਭੰਡਾਰ ਆਖਾਂ ?
ਜਦੋਂ ਵੇਖੀਆਂ ਆਪਣੇ ਦੇਸ਼ ਉਤੇ, ਗਿਰਝਾ ਚਿਟੀਆਂ ਆਣ ਮੰਡਲਾਉਣ ਲੱਗੀਆਂ।
ਜਦੋਂ ਹਕ ਤੇ ਬੈਠ ਗਏ ਗੈਰ ਆਕੇ, ਗੱਲਾਂ ਦੂਰ ਦੀਆਂ ਨੇੜੇ ਆਉਣ ਲੱਗੀਆਂ।
ਜਦੋਂ ਪੱਛਮੀ ਹਵਾ ਦੇ ਨਾਲ ਕਲੀਆਂ. ਬਿਨਾਂ ਖਿੜਨ ਤੋਂ ਝੜਨ ਮੁਰਝਾਉਣ ਲੱਗੀਆਂ।
ਜਦੋਂ ਭੁਲੀਆਂ ਬੁਲ ਬੁਲਾਂ ਨਗਮਿਆਂ ਨੂੰ, ਕੋਇਲਾਂ ਗਾਉਣ ਦੀ ਥਾਂ ਕੁਰਲਾਣ ਲੱਗੀਆਂ।
ਜੀਹਨੇ ਓਦੋਂ ਆਜ਼ਾਦੀ ਦੀ 'ਕੂਕ' ਮਾਰੀ, ਕਿਉਂ ਨਾ ਉਸਨੂੰ ਜੋਧਾ ਬਲਕਾਰ ਆਖਾ ?
ਸੂਰਜ ਕਰਨਿਆਂ ਦਾ ਸੋਮਾ ਭਗਤੀਆਂ ਦ; ਮੈਂ ਕਰਤਾਰ ਆਖਾਂ ਕਿ ਅਵਤਾਰ ਆਖਾਂ ?
ਸ਼ਮ੍ਹਾ ਸਚ ਦੀ ਉਤੋਂ ਪ੍ਰਵਾਨਿਆਂ ਨੂੰ, ਚੜਨ ਵਾਸਤੇ ਸਬਕ ਸਿਖਾਲਿਆ ਤੂੰ।
ਪਿਆਰੇ ਸਤਿਗੁਰੂ! ਨਾਮ ਦੀ ਕਣੀ ਦੇਕੇ, ਨਿਘਰਗਿਆਂ ਨੂੰ ਪਕੜ ਉਠਾਲਿਆ ਤੂੰ।
ਮਲਾ ਪਕੜ ਲੱਖਾਂ ਮਲਾ ਮਾਲ ਕੀਤੇ, ਮੁਰਦਾ ਰੂਹਾਂ ਨੂੰ ਫੇਰ ਜੀਵਾਲਿਆ ਤੂੰ।
ਵਤਨ ਵਾਸਤੇ ਵਤਨੋਂ ਬੇ-ਵਤਨ ਹੋਕੇ, ਚੀਨੀ ਵਾਲਿਆ ਜੋਜ ਵਰਤਾ ਲਿਆ ਤੂੰ।
ਕੀਹਦੇ ਨਾਲ ਬਰਾਬਰੀ ਜੀਤ ਦੇਵਾਂ, ਸਚੀ ਗੱਲ ਇਕੋ ਆਖਰ ਕਾਰ ਆਖਾਂ।
ਆਸ਼ਕ ਵਤਨ ਦਾ ਸੀ ਸਰ-ਫਰੋਸ਼ ਏਧਰ, ਓਧਰ ਧਰਮ ਦਾ ਰੌਸ਼ਨ ਮੀਨਾਰ ਆਖਾਂ।

(ਦੋਹਿਰਾ) ਨਗਰ ਨਥੇਹ ਗੋਤ ਗਿਲ ਜਿਲੇ ਲਾਹੌਰ ਮਾਹਿ।
ਸਿਖ ਰਾਮ ਸਿੰਘ ਗੁਰੂ ਕਾ ਨਾਮ ਸੁੰਦਰ ਸਿੰਘ ਜਾਹਿ।

ਆ ਦੇਵੇ

ਤਰਨ ਸਿੰਘ ਜੀ 'ਵਹਿਮੀ'

ਇਕ ਸਿਖ ਦੇ ਜੀਵਨ ਚੋਂ ਇਕ ਝਾਕੀ, ਲਿਖਾਂ ਸਿਖੀ ਪ੍ਰੇਮ ਸਤਿਕਾਰ ਕਰਕੇ।
ਸੁੰਦਰ ਸਿੰਘ ਨਾਂ ਆਖਦੇ ਲੋਕ ਚੈਨਾਂ, ਰਹਿੰਦਾ ਚੈਨ ਚਾ ਚੜ੍ਹਿਆ ਅਪਾਰ ਕਰਕੇ।
ਸੁਬ੍ਹਾ ਸ਼ਾਮ ਰਹੇ ਰਾਮ ਦੇ ਰੰਗ ਰਤਾ, ਮਤਾ ਮਸਤੀ ਪ੍ਰੇਮ ਖੁਮਾਰ ਕਰਕੇ।
ਵੰਝੇ ਬਿਥੜਾ ਨਾ ਜੋ ਦਰ ਚਲ ਆਵੇ, ਅਣ ਹੁੰਦਾ ਵੰਡਾਵੇ ਪਿਆਰ ਕਰਕੇ।
ਕਰ ਨਿਤ ਪ੍ਰਸਾਦ ਤ੍ਰਭੋਲ ਰੀਝੋਂ, ਅਰਦਾਸ ਕਰਕੇ ਸਭ ਵਰਤਾ ਦੇਵੇ।
ਬਿਨਾਂ ਵਿਤਕਰੇ ਵਿਤ ਤੋਂ ਵਧ ਵਰਤੇ, ਪਰਤੇ ਖਿਝ ਨ, ਦਰਸ ਜੋ ਆ ਦੇਵੇ।
ਆਇਆ ਸਿਖ ਬਹਾਇਆ ਹੈ ਚਾਂਈ ਚੈਨੇਂ, ਛੰਨਾ ਹਥ ਫੜਾਇਆ ਜਾਂ ਘੋਲ ਮਿਠਾ।
ਖੁਸ਼ੀ ਹੋਣ ਥਾਂ ਸਿਖ ਉਹ ਰੋਣ ਲੱਗਾ, ਫੁਟ ਪੁਛਿਆ ਫੱਟ ਅਨਭੋਲ ਡਿਠਾ।
ਕੀ ਵੇਦਨਾਂ ਕਹਿੰਦਾ ਮਝੈਲ ਨਕੀ, ਟਿਕੀ ਕਰਨ ਚੰਗੇਰੀ ਤੰਬੋਲ ਇਠਾ।
ਧੀ ਵਿਔਣ ਦੋ ਦੇਣ ਜ਼ਰੂਰ ਮਝਾਂ, ਰੁੰਨਾਂ, ਪੁੰਨੀਆਂ ਦੋ ਨਹੀਂ ਕੋਲ ਚਿਠਾ।
ਏਨਾਂ ਬਿਨਾਂ ਕੀਤੇ ਬੀਤੇ ਬੁਰੀ ਸਾਧਾ, ਕਾਹਦਾ ਵਿਆਹ ਆਂਹਦੇ ਕਰ ਝੁਲਾ ਦੇਵੇ।
ਸ਼ੁਬਤ ਧੀਆਂ ਕੀ ਪੁਜਤ ਨ ਵਿਆਣ ਧੀਆਂ, ਆਵੇ ਦਰਦ ਕਿਨੂੰ ਦਰਬ ਲਿਆ ਦੇਵੇ।
ਜਲ ਛਕ ਨ ਰੋ ਸਾਧਾ ਭੋਲਿਆ ਤੂੰ, ਗੁਰ ਸਿਖਾਂ ਲਈ ਗਲ੍ਹਾਂ ਇਹ ਸੁਹਦੀਆਂ ਨੇ।
ਸ਼ਹਿਨਸ਼ਾਹ ਹੈ ਉਹ ਜਿਦ੍ਹਾ ਸਿਖ ਹੈਂ ਤੂੰ, ਜਿਦਾ ਤੂੰ ਹੈਂ ਧੀਆਂ ਭੀ ਉਹਦੀਆਂ ਨੇ।
ਜਿਸ ਜਾਲ ਵਿਚ ਫਸਿਆ ਰੋ ਰਿਹੈਂ ਤੂੰ, ਚਜ ਜਗ ਲਜਾ ਅਗੇ ਮੋਹਦੀਆਂ ਨੇ।
ਦਾਤਾ ਲੰਗਰਾਂ ਦਾ ਦਾਤਾ ਗੁਰੂ ਸਾਡਾ, ਧੁੰਮਾਂ ਤ੍ਰਿਹੁੰ ਲੋਕੀਂ ਜਿਦੀ ਲੋਹ ਦੀਆਂ ਨੇ।
ਜਲ ਛਕਾ ਪ੍ਰਸ਼ਾਦ ਲਈ ਰਸਤ ਦੇਕੇ, ਚੈਨਾਂ ਸਿਖ ਨੂੰ ਏਧਰ ਰੁਝਾ ਦੇਵੇ।
ਮੂੰਹੋਂ ਮੰਗੀ ਸ਼ਰੀਕ ਨੂੰ ਜਿਮੀ ਦੇਕੇ, ਪੂਰਾ ਪੰਜ ਸੌ ਲੈ ਦਰਸ ਆ ਦੇਵੇ।
ਜਦੋਂ ਛਕ ਛਕਾ ਉਸ ਵਿਦਾ ਮੰਗੀ, ਚੈਨਾਂ ਸਿਖ ਨੂੰ ਵਿਦਾ ਜਾਂ ਕਰਨ ਟੁਰਿਆ।
ਝੋਟੀਆਂ ਕੱਟੀਆਂ ਸਣੇ ਦੇ ਸੱਜਰ ਮਝਾਂ, ਘਰੋਂ ਨਾਲ ਲਈਆਂ ਜਿਵੇਂ ਚਰਨ ਟੁਰਿਆ।
ਮਝਾਂ ਸਣੇ ਦੇ ਪੰਜ ਸੌ ਜੂਹ ਪਾਰੋਂ, ਤ੍ਰੈ ਤ੍ਰੈ ਦਈਂ, ਕਹੇ ਪਿਛਾਂ ਛੁਹ ਚਰਨ ਟੁਰਿਆ।
ਵਿਛੜ ਚਲਿਆ ਦੋਹਾਂ ਹੋ ਕਲਿਆਂ ਦਾ, ਜਲ ਅਖੀਆਂ ਚੋਂ ਫਰਨ ਫਰਨ ਟੁਰਿਆ।
ਚੈਨਾਂ ਰੋਵੇ ਆਪੋਂ ਪਤਾ ਨਹੀਂ ਕੀਤਾ, ਸਤਿਗੁਰੂ ਇਹ ਬਖਸ਼ ਖਤਾ ਦੇਵੇ।
ਰੋਵੇ ਸਿਖ ਭਰੋਸੇ 'ਚ ਕਸਰ ਮੇਰੇ, ਲਿਖਿਆ ਖਸਮ ਵਸ ਕਿਸੇ 'ਚ ਆ ਦੇਵੇ।

[ਦੋਹਿਰਾ] ਗੁਰਭਾਈ ਗੁਰ ਸਿਖੀ ਦਾ, ਹੈ ਇਹ ਸਹੀ ਪਿਆਰ।
ਨਹੀਂ ਤੇ ਊਣਾਂ ਸਿਖੀਓਂ 'ਵਹਿਮੀ' ਹਿਤ ਸਤਿਕਾਰ।

ਕਹਾਣੀ— ਭੈਣਾਂ ਦੇ ਪੰਨੇ—

[ਬੀਬੀ ਪਿਆਰ ਕੌਰ ਵਿਨੈ ਨਗਰ ਨਵੀਂ ਦਿੱਲੀ

ਦਾਜ

"ਤੂੰ ਤਾਂ ਘਰ ਨੂੰ ਕਲੰਕਤ ਕਰ ਦਿਤਾ ਹੈ" ਜਿਸ ਦਿਨ ਦੀ ਤੂੰ ਸਾਡੇ ਘਰ ਆਈ ਹੈਂ ਅਸੀਂ ਕਿਧਰੇ ਮੂੰਹ ਦਿਖਾਨ ਜੋਗੇ ਨਹੀਂ ਰਹੇ। ਸਾਡੇ ਖਾਨਦਾਨ ਨੂੰ ਇਕ ਧੱਬਾ ਲਗ ਗਿਆ ਹੈ, ਏਹ ਆਖਦਿਆਂ ਜਸਬੀਰ ਦਾ ਪਤੀ ਮੰਜੇ ਤੇ ਲੇਟ ਗਿਆ।

ਰਵਿੰਦਰ ਸਿੰਘ ਨਿਤ ਹੀ ਪਤਨੀ ਨੂੰ ਅਜੇਹੇ ਵਾਕ ਕਹਿੰਦਾ ਰਹਿੰਦਾ ਸੀ, ਜਸਬੀਰ ਵੀ ਸੁਣਨ ਦੀ ਆਦੀ ਹੋ ਚੁਕੀ ਸੀ। ਅਜ ਵੀ ਬੜੇ ਸ਼ਾਂਤ ਹਿਰਦੇ ਨਾਲ ਪਤੀ ਜੀ ਦੇ ਉਪ੍ਰੋਕਤ ਵਾਕ ਸੁਣ ਲਏ ਤੇ ਚੁਪ ਕਰ ਰਹੀ।

ਜਸਬੀਰ ਬੜੇ ਹੀ ਠੰਢੇ ਸੁਭਾ ਦੀ ਸੀ, ਰੋਜ਼ ਨਿਤਨੇਮ ਨਾਲ ਪਾਠ ਕਰਕੇ ਲੰਗਰ ਕਰਦੀ ਤੇ ਪ੍ਰਵਾਰ ਨੂੰ ਛਕਾਕੇ ਛਕਣ ਵਾਲੀ ਸੁਸ਼ੀਲ ਲੜਕੀ ਸੀ, ਪਤੀ ਨੂੰ ਅਜ ਬਹੁਤੇ ਕਰੋਧ ਵਿਚ ਵੇਖਕੇ ਜਸਬੀਰ ਜਰ ਨਾ ਸਕੀ, ਕੋਲ ਜਾਕੇ ਆਖਣ ਲਗੀ "ਤੁਸੀਂ ਰੋਜ਼ ਜਦੋਂ ਘਰ ਆਉਂਦੇ ਹੋ ਤਾਂ ਗੁਸੇ ਹੀ ਵਿਖਾਈ ਦੇਂਦੇ ਹੋ, ਇਸਦਾ ਠੀਕ ਕਾਰਨ ਅਜ ਮੈਂ ਜਾਨਣਾਂ ਚਾਹੁੰਦੀ ਹਾਂ ਕਿ ਮੈਂ ਆਪਨੂੰ ਕੀ ਤਕਲੀਫ ਦਿਤੀ ਹੈ, ਕਿਉਂ ਆਪਦੀ ਕੁਲ ਨੂੰ ਕਲੰਕਤ ਕੀਤਾ ਹੈ ਤੇ ਕੀ ਕੀ ਮੇਰੇ ਵਿਚ ਆਪਨੇ ਐਬ ਡਿਠੇ ਹਨ।

ਰਵਿੰਦਰ ਸਿੰਘ ਡਾਟਕੇ— "ਚੁਪ ਰਹੋ" ਕਹਿੰਦੀ ਹੈ ਕੀ ਤਕਲੀਫ ਦਿਤੀ ਹੈ, ਮੇਰੇ ਮੂੰਹੋਂ ਹੋਰ ਕੁਝ ਨਿਕਲਣ ਲਗਾ ਸੀ।

ਸੁਆਮੀ ਜੀ! ਐਨੇ ਗੁਸੇ ਵਿਚ ਨਾ ਆਓ, ਕੋਈ ਕੀ ਕਹੇਗਾ ਕਿ ਅਜੇ ਥੋੜਾ ਚਿਰ ਹੀ ਵਿਆਹ ਨੂੰ ਹੋਇਆ ਨੇ ਤੇ ਲੜਨਾਂ ਝਗੜਨਾਂ ਵੀ ਸ਼ੁਰੂ ਕਰ ਦਿਤਾ ਨੇ। ਸੋ ਰੋਜ਼ ਨ ਸੁਣਾਇਆ ਕਰੋ ਲੋਕਾਂ ਨੂੰ, ਅਜ ਦਸ ਦਿਓ ਕਿ ਅਸਲ ਕੀ ਗੱਲ ਹੈ।

ਜਸਬੀਰ! ਲੋਕ ਤਾਂ ਉਸ ਦਿਨ ਹੀ ਤੈਨੂੰ ਵੇਖ ਤੇ ਸੁਣ ਬੈਠੇ ਸਨ ਜਿਸ ਦਿਨ ਤੈਨੂੰ ਵਿਆਹਕੇ ਲੈ ਆਂਦਾ ਸੀ, ਤੇ ਦਾਜ ਵਿਚ ਮੋਟਰ, ਸਾਈਕਲ ਤੇ ਰੇਡੀਓ ਆਏ ਸਨ। ਬੜੇ ਵਡੇ ਨੇ, ਬੜਾ ਕੰਮ ਨੇ, ਤੇ ਅਖੀਰ "ਪੁਟਿਆ ਪਹਾੜ ਤੇ ਨਿਕਲਿਆ ਚੂਹਾ" ਸਾਨੂੰ ਤਾਂ ਕਿਤੇ ਵੀ ਨਕ ਵਿਖਾਣ ਜੋਗੇ ਤੇਰੇ ਪਿਉ ਨੇ ਨਹੀਂ ਰਹਿਣ ਦਿਤਾ, ਰਵਿੰਦਰ ਸਿੰਘ ਨੇ ਬੜੇ ਜ਼ੋਰ ਨਾਲ ਉਪ੍ਰਲੇ ਵਾਕ ਆਖੇ।

ਤੁਸੀਂ ਕੀ ਇਹ ਦਾਜ ਦੀ ਰੱਟ ਲਾ ਬੈਠਦੇ ਹੁੰਦੇ ਹੋ ਭਲਾ ਦਸੋ ਧੀਆਂ ਕੋਲੋਂ ਕਿਸੇ ਕੁਝ ਲੁਕਾਇਆ ਹੁੰਦਾ ਹੈ? ਜਿੰਨੀ ਹਿੰਮਤ ਸੀ, ਮੇਰੇ ਪਿਤਾ ਜੀ ਨੇ ਮੈਥੋਂ ਕੁਝ ਲੁਕਾਕੇ ਨਹੀਂ ਰਖਿਆ। ਹੁਣ ਜੇ ਕਿਸੇ ਕੋਲ ਕਾਰਾਂ ਰੇਡੂਏ ਦੀ ਨ ਪਹੁੰਚ ਹੋਵੇ ਤਾਂ ਉਹ ਦਸੋ ਕੀ ਕਰੇ। ਕੀ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ

ਾਨੂੰ ਏਹੋ ਦਸਦੀ ਹੈ ਕਿ ਇਕ ਮਮੂਲੀ ਗਲ ਦਲੇ ਅਸੀਂ ਮੂੰਹ ਮੋਟਾ ਕਰੀ ਰਖੀਏ ?

ਸਾਡੇ ਸਤਿਗੁਰੂ ਤਾਂ ਏਨ੍ਹਾਂ ਦਾਜਾਂ, ਮਿਲ-ਣੀਆਂ ਤੇ ਹੋਰ ਵਿਆਹਾਂ ਵੇਲੇ ਦੇ ਫਜ਼ੂਲ ਰਸਮਾਂ ਰਿਵਾਜਾਂ ਦੇ ਸਦਾ ਖਿਲਾਫ ਆਖਦੇ ਰਹਿੰਦੇ ਹਨ, ਕਈ ਮਨਮਤੀਆਂ ਨੂੰ ਉਹ ਤਨਖਾਹਾਂ ਵੀ ਲਾਂਦੇ ਰਹਿੰਦੇ ਹਨ, ਪਤਾ ਨਹੀਂ ਫੇਰ ਤੁਸੀਂ ਮੇਰੇ ਪਿਤਾ ਜੀ ਨੂੰ ਕਿਉਂ ਕੋਸਦੇ ਰਹਿੰਦੇ ਹੋ ਫ਼ਿਰ ਭੀ ਜਿਨਾਂ ਕੂ ਸਰਿਆ ਓਹਨਾ ਘਟ ਨਹੀਂ ਕੀਤੀ, ਕੁਛ ਦਿਤਾ ਹੀ ਨੇ, ਲਿਆ ਤਾਂ ਕੁਝ ਨਹੀਂ।

ਕੀ ਦਿਤਾ ਨੇ, ਸਭ ਕੁਝ ਮਿਲਾਕੇ ਇਕ ਹਜਾਰ ਮਸਾਂ ਬਣਦਾ ਏ। ਮਹਾਰਾਜ ਵੀ ਆਖਦੇ ਠੀਕ ਨੇ, ਪਰ ਕੀ ਲੋਕ ਸਭ ਕੁਝ ਛਡ ਬੈਠੇ ਨੇ ? ਮਿਲਣੀਆ ਸਦਦੇ ਮਠਿ-ਆਈਆਂ ਬਣਾਦੇ ਤੇ ਦਾਜ ਦੇਂਦੇ ਹਨ। ਮਹਾਰਾਜ ਵੇਖਦੇ ਰਹਿੰਦੇ ਨੇ ਕਿ ਕੀ ਹੋ ਰਿਹਾ ਹੈ? ਤੇਰੇ ਪਿਉ ਤਾਂ ਓਹ ਗਲ ਕੀਤੀ।

"ਲਾਹੀ ਲੋਈ ਤੇ ਕੀ ਕਰੇਗਾ ਕੋਈ"

ਜਸਬੀਰ ਜ਼ੋਰ ਨਾਲ—ਮੇਰੇ ਪਿਤਾ ਜੀ ਨੂੰ ਬਾਰ ਬਾਰ ਕੁਝ ਨ ਕਹੋ ਮੈਨੂੰ ਜੋ ਦਿਲ ਆਵੇ ਕਹਿ ਲਵੋ।

ਬਲੇ ਨੀ ਪਿਓ ਦੀਏ ਲਡਿਕੀਏ ! ਜੇ ਏਡੀ ਪਿਓ ਦੀ ਦਰਦਣ ਸੈਂ ਤਾਂ ਘਰੋਂ ਸੋਚਕੇ ਤੁਰਨਾ ਸੀ।

ਜਸਬੀਰ ਆਖਣ ਲਗੀ।" ਹੁਣ ਤਾਂ, ਸਾਡੀ ਸਰਕਾਰ ਨੇ ਵੀ ਦਾਜ ਵਿਰੁਧ ਕਾਨੂੰਨ ਪਾਸ ਕਰ ਦਿਤਾ ਏ। ਤੇ ਚੀਨੀ ਵਾਲੇ ਪਾਤ-ਸ਼ਾਹ ਨੇ ਅਜ ਤੋਂ ਇਕ ਸਦੀ ਪਹਿਲਾਂ ਹੀ ਸਭ ਕੁਝ ਦੇਸ ਵਾਸੀਆਂ ਨੂੰ ਸਮਝਾ ਦਿਤਾ ਸੀ ਫੇਰ ਪਤਾ ਨਹੀ ਆਪਦੇ ਦਿਮਾਗ ਚੋਂ ਦਾਜ ਕਿਓਂ ਨਹੀਂ ਨਿਕਲਦਾ ?

ਪਤੀ ਜੀ ਗੁਸੇ ਨਾਲ ਅਜੇ ਕੁਝ ਕਹਿਣ ਹੀ ਲਗੇ ਸਨ ਕਿ ਪ੍ਰਿਤਪਾਲ ਨੇ ਕਮਰੇ ਵਿਚ ਅਉਂਦਿਆਂ ਕਿਹਾ "ਵੀਰ ਜੀ ! ਕਿਓਂ ਭਰਜਾਈ ਜੀ ਨੂੰ ਗੁਸੇ ਹੁੰਦੇ ਰਹਿੰਦੇ ਹੋ ਅਜੇਹੀ ਪਤਨੀ ਤਾਂ ਆਪਨੂੰ ਕਈ ਜਨਮ ਤਪ ਕੀਤਿਆਂ ਵੀ ਨ ਮਿਲ ਸਕੇਗੀ— ਰਵਿੰਦਰ ਸਿੰਘ ਵਿਚੇ ਹੀ ਟੋਕ ਕੇ ਹਾਂ ਤ੍ਰਿਪਤ ! "ਏਹ ਬਹੁਤ ਹੀ ਚੰਗੀ ਏ" ਪਰ ਮੇਰੀ ਤਾਂ ਕਿਸਮਤ ਹੀ ਉਸ ਦਿਨ ਦੀ ਸੜ ਗਈ ਹੈ ਜਿਦਨ ਦਾ ਇਹ ਡੋਲਾ ਅਇਆਏ, ਪ੍ਰਿਤਪਾਲ! ਤੂੰ ਹੀ ਵੇਖ, ਏਸ ਐਡੀ ਚੰਦਰੀ ਦੀ ਕਰਤੂਤ, ਕਿ ਅਸੀਂ ਕਿਧਰੇ ਮੂੰਹ ਦੇਣ ਜੋਗੇ ਹਾਂ।

ਕਿਓਂ ਕੇਹੜੀ ਗਲੋਂ ਵੀਰ ਜੀ। ਪ੍ਰਿਤਪਾਲ ਨੇ ਘਬਰਾ ਕੇ ਕਿਹਾ !! ਕੇਹੜੀ ਖਨਾਮੀ ਭਰਜਾਈ ਜੀ ਨੇ ਕੀਤੀ ਹੈ ਏਸ ਘਰ ਆਕੇ ?

ਭੈਣ ! ਦਸ ਭਲਾ ਦਾਜ ਵਿਚ ਕੀ ਲਿਆਂਦਾ ਸੂ? ਲੋਕ ਕੀ ਕਹਿੰਦੇ ਹੋਣਗੇ ਕਿ ਸੂ: ਰਘਬੀਰ ਸਿੰਘ ਦੇ ਪੁਤ੍ਰ ਨੂੰ ਐਹ ਦਾਜ ਦਿਤਾਨੇ ? ਮੈਂ ਤਾਂ ਅਜ ਅੰਤਮ ਫੈਸਲਾ ਕਰਨਾ ਚਾਹੁੰਦਾ ਹਾਂ।

ਪ੍ਰਿਤਪਾਲ ਨੇ ਕਿਹਾ ਵੀਰ ਜੀ ਮੈਂ ਤਾਂ ਕਹਿੰਦੀ ਹਾਂ ਬਲਬੀਰ ਦੇ ਪਿਤਾ ਨੇ ਏਹ ਵੀ ਗਲਤੀ ਕੀਤੀ ਹੈ—ਉਸਨੂੰ ਤਾਂ ਦਾਜ ਵਿਚ ਕੁਝ ਵੀ ਨਹੀ ਸੀ ਦੇਣਾ ਚਾਹੀਦਾ ਉਸਦੀਆਂ ਚਾਰ ਧੀਆਂ ਅਜੇ ਬੂਹੇ ਬੈਠੀਆਂ ਹਨ, ਅਜਕਲ ਤਾਂ ਬਾਲ ਬਚੇ ਦਾ ਪੇਟ ਭਰਨਾ ਵੀ ਔਖਾ ਹੋਇਆ ਪਿਆ ਹੈ, ਦਾਜ ਕਿਸੇ ਨੇ ਕੀਹ ਦੇਣਾ ਹੈ,ਮੈਂ ਸੋਚਦੀ ਹਾਂ ਓਹ ਵਿਚਾਰਾ ਬਾਕੀ ਕੰਮ ਕਿਵੇਂ ਚਲਾਵੇਗਾ—ਭਲਾ ਦਸੋ

ਵੀਰ ਜੀ! ਏਥੇ ਕਿਸੇ ਗਲ ਦੀ ਕੋਈ ਘਾਟ ਏ ?ਮਾਇਆ ਨਾਲ ਤਾਂ ਕਿਸੇ ਦਾ ਰੱਜ ਹੀ ਨਹੀ ਹੁੰਦਾ ਭਾਵੇਂ ਕਿਨੀ ਮਿਲ ਜਾਵੇ ਹੋਰ ਟੋਰ ਹੀ ਚਿਤਵੀ ਦਾ ਹੈ।

ਏਹ ਗੱਲਾਂ ਅਜੇ ਹੁੰਦੀਆਂ ਹੀ ਪਈਆਂ ਸਨ ਕਿ ਰਵਿੰਦਰ ਸਿੰਘ ਦੇ ਮਾਤਾ ਜੀ ਵੀ ਅੰਦਰ ਆ ਗਏ,ਜਸਬੀਰ ਨੇ ਉਠਕੇ ਮਾਤਾਦੇ ਚਰਨ ਛੁਹੇ ਤੇ ਕੁਰਸੀ ਤੇ ਬੈਠਣ ਲਈ ਬੇਨਤੀ ਕੀਤੀ, ਪਰ ਓਸ ਨੇ ਅਗੋਂ ਫਿਟੇ ਮੂੰਹ ਵੀ ਨ ਆਖਿਆ, ਪੁਤ੍ਰ ਵਲ ਮੂੰਹ ਕਰਕੇ ਰਵਿੰਦਰ ਏਹ ਰੋਜ਼ ਦਾ ਕੀ ਝਗੜਾ ਪਾਈ ਰਖਦੇ ਹ ? ਜੋ ਫੈਸਲਾ ਕਰਨਾ ਹੈ, ਇਕੋ ਦਿਨ ਕਰ ਲਵੋ ਰੋਜ ਦੀ ਰਟ-ਰਟ ਮੈਨੂੰ ਨਹੀ ਚੰਗੀ ਲਗਦੀ।

ਮੈਂ ਤਾਂ ਫੈਸਲਾ ਕਰ ਚੁਕਾ ਹਾਂ ਮਾਤਾ ਜੀ! ਏਹ ਆਪਣਾਂ ਬੋਰੀਆ ਬਿਸਤਰਾ ਚੁਕੇ ਤੇ ਏਥੋਂ ਟੁਰਦੀ ਹੋਵੇ। ਬਸ ਮੇਰਾ ਫੈਸਲਾ ਕੋਈ ਵੀ ਬਦਲ ਨਹੀਂ ਸਕਦਾ।

ਹਾਂ ਠੀਕ ਹੈ ਪੁਤਰ, ਮੈਂ ਤੈਨੂੰ ਛੇਤੀ ਹੀ ਕਿਸੇ ਚੰਗੇ ਘਰ ਵਿਆਹ ਦੇਵਾਂਗੀ—ਜਸਬੀਰ ਕੁਝ ਕਹਿਣ ਹੀ ਲੱਗੀ ਸੀ ਪਰਪਰਿਤ ਪਾਲ ਨੇ ਵਿਚੇ ਹੀ ਉਸ ਨੂੰ ਰੋਕ ਦਿਤਾ ਤੇ ਕਿਹਾ ਮਾਤਾ ਜੀ ! ਇਹ ਕੀਹ ਕਿਹਾ ਜੇ ? ਆਪ ਦੀਆਂ ਲੜਕੀਆਂ ਨਹੀਂ ? ਜੇ ਕੱਲ ਨੂੰ ਸਾਨੂੰ ਵੀ ਕਿਸੇ ਏਸੇ ਤਰਾਂ ਕਿਹਾ ਫੇਰ ਕੀ ਬਣੇਗਾ ਅਜ ਭਰਜਾਈ ਨੂੰ ਕੱਢਦੇ ਜੇ ਕੱਲ ਨੂੰ ਸਾਨੂੰ ਅਗਲੇ.................................।'

ਪਰ ਮੈਂ ਤੈਨੂੰ ਐਨਾ ਦਾਜ ਦੇਵਾਂਗੀ, ਕਿ ਤੇਰੇ ਪੈਰਵੀ ਅਗਲੇ ਧੋ ਧੋ ਪੀਣਗੇ! ਮਾਤਾ ਜੀ ਨੇਪ੍ਰਿਤਪਾਲ ਨੂੰ ਕਿਹਾ !

ਮਾਤਾ ਜੀ !-ਇਹ ਕਦੇ ਨਹੀਂ ਹੋ ਸਕਦਾ ਮੈਂ ਨਹੀਂ ਮੰਨਦੀ—ਜੇ ਪੈਸੇ ਨਾਲਕਦਰ ਹੋਈ ਤਾਂ ਕੀਹ ਹੋਈ,ਜੇ ਗੁਣਾਂ ਦੀ ਕੀਮਤ ਨਹੀਂ— ਪੈਸਾ ਅੱਜ ਹੈ, ਕੱਲ ਨਹੀਂ ! ਸਦਾ ਇਨਸਾਨ ਦੇ ਗੁਣਾਂ ਦੀ ਕਦਰ ਹੋਣੀ ਚਾਹੀਦੀ ਹੈ। 'ਜੇ ਆਪਨੇ ਅਜੇਹਾ ਕੀਤਾ,ਤਾਂ ਅਸੀ ਆਪਣੇ ਪੰਥ ਵਿਚ ਖੜੇ ਹੋਣ ਜੋਗੇ ਨਹੀਂ ਰਹਿ ਜਾਵਾਂਗੇ!

ਏਥੇ ਭਲਾ ਪ੍ਰਿਤਪਾਲ ਦੀ ਕੌਣ ਸੁਣਦਾ ਸੀ ਸਭ ਇਕੋ ਪਾਸੇ ਹੋ ਗਏ—ਜਸਬੀਰ ਤਰਲੇ ਪਾਕੇ ਕਹਿਣ ਲਗੀ ਪਤੀ ਜੀ! ਏਦਾਂ ਨ ਕਰੋ, ਮਾਤਾ ਜੀ !ਤੁਸੀਂ ਸੌ ਵਿਆਹ ਆਪਣ ਪੁਤਰ ਦੇ ਹੋਰ ਕਰ ਲਵੋ—ਮੈਂ ਸਭ ਦੀ ਦਾਸੀ ਬਣ ਕੇ ਰਹਾਂਗੀ—ਮੈਨੂੰ ਸਭ ਟੱਬਰ ਦੇ ਜੂਠੇ ਭਾਂਡੇ ਮਾਂਜਣ ਤੇ ਰੱਖ ਲੋ—ਮੇਰੇ ਪਿਤਾ ਜੀ ਇਹ ਸੱਟ ਨਹੀਂ ਸਹਾਰ ਸਕਣਗੇ -ਓਹ ਬੜੇ ਦੁਖੀ ਹੋਣ ਗੇ—ਅਖੀਰ ਸਹੁਰੇ ਦੇ ਪੈਰੀ ਪੈਕੇ ਜਸਬੀਰ ਨੇ ਰੋ ਰੋ ਕੇ ਉਸਦੇ ਚਰਨ ਧੋ ਦਿਤੇ ਪਰ ਉਨਾਂ ਤੇ ਵੀ ਕੋਈ ਅਸਰ ਨ ਹੋਇਆ ਤੇ ਆਖਰ ਜਸਬੀਰ ਨੂੰ ਪੇਕੇ ਜਾਣਾ ਹੀ ਪਿਆ।

(੨)

ਧੀ ਨੂੰ ਦਲੀਜਾਂ ਵਿਚ ਵੇਖਕੇ ਜਸਬੀਰ ਦੇ ਪਿਤਾ ਦਾ ਕਲੇਜਾ ਧੱਕ ਧੱਕ ਵੱਜਣ ਲੱਗ ਪਿਆ, ਧੀਏ ! ਮੈਨੂੰ ਪਹਿਲੈ ਹੀ ਪਤਾ ਸੀ ਮੈਂ ਵੀ ਵਡੇ ਮਹਿਲ ਨਾਲ ਟੱਕਰ ਮਾਰੀ ਸੀ ਕੋਈ ਗੱਲ ਨਹੀਂ। ਬਚੀਏ ਤੂ ਰੋ ਨਾ —ਸ੍ਰੀ ਸਤਿਗੁਰੂ ਰਾਮ ਸਿੰਘ ਸਾਡੇ ਅੰਗ ਸੰਗ ਹਨ—ਦਿਲਾਸਾ ਦੇਕੇ, ਬਚੀ- ਜੇ ਅਜ ਤੇਰੀ ਮਾਂ ਹੁੰਦੀ ਤਾਂ ਤੇਰਾ ਦਰਦ ਵੰਡਦੀ ਪਰ ਹੁਣ ਵੀ ਤੂੰ ਕੋਈ ਫਿਕਰ ਨ ਕਰ, ਪਾਤਸ਼ਾਹ ਸਾਡਾ ਰਾਖਾ ਹੈ—।

(੩)

ਇਕ ਦਿਨ ਵੀਰ ਨੂੰ ਬੜਾ ਉਦਾਸ ਦੇਖ

Sri Satguru Jagjit Singh Ji Elibrary NamdhariElibrary@gmail.com

ਵੀਰ ਜੀ! ਅਜ ਤੁਸੀਂ ਬੜੇ ਗਮਗੀਨ ਮਲੂਮ ਹੁੰਦੇ ਹੋ ਕਦੇ ਨਹੀ ਸੀਤੁਹਾਡੀ ਤਬੀਅਤ ਏਦਾਂ ਵੇਖੀ।

ਨਹੀਂ ਕੁਝ ਨਹੀਂ ਐਵੇਂ ਕਦੀ ਕੋਈ ਖਿਆਲ ਆ ਜਾਂਦਾ ਹੈ।

ਫੇਰ ਵੀ, ਕੀ ਜਸਬੀਰ ਯਾਦ ਆਈ ਜੇ? ਹਾਂ ਉਹ ਠੀਕ ਹੀ ਬੜੀ ਜੰ ਗੀ ਸੀ, ਜਿਸ ਦਿਨ ਦੀ ਉਹ ਏਥੋਂ ਗਈ ਹੈ, ਉਸ ਦੇ ਗੁਣਾਂ ਦਾ ਓਸ ਦਿਨ ਤੋਂ ਹੀ ਪਤਾ ਲੱਗਾ ਹੈ ਅਸਾਂ ਪ੍ਰਿਤਪਾਲ! ਬੜੀ ਗਲਤੀ ਕੀਤੀ ਹੈ, ਉਸਦਾ ਸੁਭਾ ਕਿਨਾ ਸੀਤਲ ਸੀ। ਜਦੋਂ ਉਸ ਨੂੰ ਮੈ ਛੱਡ ਕੇ ਆਇਆ ਸਾਂ ਉਸ ਵੇਲੇ ਦੀ ਤਸਵੀਰ ਮੈਂਨੂੰ ਨਹੀਂ ਭਲਦੀ ਮੈਂ ਪਥਰ, ਉਸਨੂੰ ਉਸਦੇ ਘਰ ਤਕ ਵੀ ਨਹੀਂ ਸਾਂ ਛਡਕੇ ਆਇਆ, ਉਸਨੇ ਮੇਰੇ ਬਹੁਤ ਤ੍ਰਲੇ ਕੀਤੇ, ਪਰ ਅਛਾ! ਜੋ ਹੋ ਗਿਆ ਸੋ ਵਾਹ ਵਾਹ, ਉਸਦੇ ਗੁਣਾਂ ਦੀ ਮਹਿਕ, ਉਸਦੇ ਸੀਤਲ ਸੁਭਾ ਦੀ ਛਬੀ ਤੇ ਉਸਦੇ ਹਰੇਕ ਦੇ ਆਦਰ ਕਰਨ ਵਾਲ ਗੁਣਾਂ ਦਾ ਕੀ ਕਹਿਣਾ ਸੀ, ਮਿਠ ਬੋਲੀ ਤੇ ਏਡੀ ਸੀ ਕਿ ਭਾਵੇਂ ਉਸਨੂੰ ਕੁਝ ਕਹਿਲੋ ਮਥੇ ਵਟ ਨਹੀਂ ਸੀ ਪੌਂਦਾ। ਕਦੀਕਦੀ ਤਾਂ ਹੁਣ ਸਾਰੇ ਹੀ ਕਹਿਣ ਲਗ ਪਏ ਸਨ ਭਲਾ ਸਾਡਾ ਤਾਂ ਕੋਈ ਨਹੀਂ ਪਰ ਪ੍ਰਿਤਪਾਲ ਤਾਂ ਉਸ ਦਿਨ ਦੀ ਇਉਂ ਜਾਪਦੀ ਹੈ ਜਿਵੇਂ ਸਭ ਕੁਝ ਗਵਾ ਬੈਠੀ ਹੈ।

ਮਾਤਾ ਕਹਿਣ ਲਗੀ! ਕਿ ਪ੍ਰਿਤਪਾਲ ਤੂੰ ਠੀਕ ਕਹਿੰਦੀ ਸੈਂ ਕਿ ਜਸਬੀਰ ਲਛਮੀ ਹੈ, ਛੇ ਮਹੀਨੇ ਅਜੇ ਉਸਨੂੰ ਗਿਆਂ ਹੋਏ ਹਨ ਪਰ ਇਉਂ ਜਾਪਦਾ ਹੈ ਜਿਵੇਂ ਜੁਗ ਹੋ ਗਏ ਹਨ, ਉਸਦਾ ਭੋਲਾ ਜਿਹਾ ਚਹਰਾ ਮੇਰੀਆਂ ਅਖਾਂ ਤੋਂ ਨਹੀਂ ਓਝਲ ਹੁੰਦਾ, ਕੋਲੋਂ ਰਵਿੰਦਰ ਸਿੰਘ ਨੇ ਕਿਹਾ "ਮੈਨੂੰ ਤਾਂ ਉਹ ਕਦੇ ਮਾਫ ਨਹੀਂ ਕਰੇਗੀ।"

ਜੇ ਕਦੀ ਜਸਬੀਰ ਦੀ ਸਸ ਬਾਹਰ ਨਿਕਲਦੀ ਤਾਂ ਗਲੀ ਗੁਆਂਢ ਦੀਆਂ ਇਸਤ੍ਰੀਆਂ ਆਖਦੀਆਂ ਮਾਂ ਜੀ! ਅਜੇ ਵਹੁਟੀ ਨੂੰ ਨਹੀਂ ਜੇ ਲਿਔਣਾ? ਓਹ ਤਾਂ ਐਡ ਗੁਣਾਂ ਵਾਲੀ ਹੈ ਕਿ ਪੁਛੋ ਕੁਝ ਨ, ਹਰ ਇਕ ਨੂੰ ਜੀ-ਜੀ ਕਰਦੀ ਸੀ, ਵਿਚਾਰੀ ਕਦੀ ਉਚਾ ਬੋਲਦੀ ਨਹੀਂ ਸੀ ਸੁਣੀ।

ਇਕ ਦਿਨ ਪ੍ਰਿਤਪਾਲ ਨੇ ਕਿਹਾ ਵੀਰ ਜੀ! ਤੁਸੀਂ ਜਰੂਰ ਜਾਓ, ਥੋੜੇ ਦਿਨਾਂ ਨੂੰ ਬਸੰਤ ਹੈ ਇਸ ਦਿਨ ਸਭ ਨੂੰ ਖੁਸ਼ੀਆਂ ਹੁੰਦੀਆਂ ਹਨ ਨਾਲੇ ਸਤਿਗੁਰੂ ਚੀਨੀਵਾਲੇ ਦਾ ਦਿਨ ਹੈ। ਗੁਰ ਪੁਰਬ ਦੀਆਂ ਤਿਆਰੀਆਂ ਹੋ ਰਹੀਆਂ ਹਨ ਏਸ ਲਈ ਭਰਜਾਈ ਜੀ ਨੂੰ ਜਾਕੇ ਲੈ ਆਓ, ਕੋਲੋਂ ਮਾਤਾ ਨੇ ਵੀ ਏਹੋ ਸਲਾਹ ਦਿਤੀ।

ਪਰ ਕੀ ਤੁਹਾਨੂੰ ਆਸ ਹੈ ਕਿ ਮੇਰੇ ਨਾਲ ਉਹ ਤੁਰ ਪਏਗੀ? "ਹਾਂ ਓਹ ਕਦੀ ਇਨਕਾਰ ਨਹੀਂ ਕਰਗੀ।" ਆਖਿਰ ਬਹੁਤ ਕਹਿ ਕਹਾਕੇ ਬੀਬੀ ਨੇ ਆਪਣੇ ਭਰਾ ਨੂੰ ਭੇਜ ਹੀ ਦਿਤਾ।

(੪)

ਅਜ ਸਵੇਰੇ ਅੰਮ੍ਰਿਤਵੇਲੇ ਜਸਬੀਰਨੇ ਪਾਠ ਕਰਕੇ ਅਰਦਾਸਾ ਕੀਤਾ, ਚੀਨੀਵਾਲ ਪਾਤਸ਼ਾਹ ਦੀ ਅਰਾਧਨਾ ਕੀਤੀ। ਆਪਣ ਮਨ ਦੀਆਂ ਸਾਰੀਆਂ ਗਲਾਂ ਸੁਣਾਈਆਂ। ਹੁਣ ਉਹ ਆਪਣ ਆਪ ਨਾਲ ਗਲਾਂ ਕਰ ਰਹੀ ਸੀ। ਆਹ! ਕਦੀ ਵੀ ਉਹਨਾਂ (ਪਤੀ) ਵਲੋਂ ਕੋਈ ਸੁਨੇਹਾ ਨਹੀਂ ਆਇਆ, ਖਤ ਵੀ ਕਦੀ ਨਹੀਂ ਨੇ ਪਾਇਆ। ਪਿਤਾ ਜੀ ਵੀ ਉਸ ਦਿਨ ਦੇ ਉਦਾਸ ਰਹਿੰਦੇ ਹਨ, ਸਿਹਤ ਵੀ

ਉਹਨਾਂ ਦੀ ਵਿਗੜਦੀ ਜਾ ਰਹੀ ਹੈ। ਪਿਤਾ ਜੀ ਦੇ ਸਭ ਦੁਖਾਂ ਦਾ ਕਾਰਨ ਮੈਂ ਹੀ ਹਾਂ, ਵਿਚਾਰੇ ਬੜੀ ਚਿੰਤਾ ਵਿਚ ਹਨ, ਲੋਕ ਕਹਿੰਦੇ ਹਨ ਜਿਸਦੀ ਧੀ ਸੁਖੀ ਓਹ ਮਾਪੇ ਸੁਖੀ। ਮੈਨੂੰ ਵੀ ਕੁਛ ਹਿੰਮਤ ਕਰਨੀ ਚਾਹੀਦੀ ਹੈ, ਇਕ ਵਾਰੀ ਬੰਦ ਦਰਵਾਜਾ ਫੇਰ ਖੜਕਾ ਵੇਖਾਂ ? ਸ਼ਾਇਦ ਮੇਰਿਆਂ ਦੁਖਾਂ ਦਾ ਅੰਤ ਹੋ ਹੀ ਜਾਵੇ।

ਏਹ ਅਜੇ ਮੂੰਹ ਵਿਚ ਹੀ ਸੀ ਕਿ ਬਾਹਰੋਂ ਪਤੀ ਜੀ ਦੀ ਅਵਾਜ਼ ਕੰਨੀ ਪਈ, ਦੇਖਿਆ ਉਹ ਵੇਹੜੇ ਵਿਚ ਖੜੇ ਹਨ। ਚਰਨੀ ਹਥ ਲਾਕੇ ਮਾਤਾ ਪਿਤਾ ਤੇ ਭੈਣ ਜੀ ਦੀ ਸੁਖ ਸਾਂਦ ਪੁਛਨ ਉਪ੍ਰੰਤ ਹਥ ਜੋੜਕੇ ਖਿਮਾਂ ਮੰਗੀ ਤੇ ਕਹਾ ਧੰਨ ਭਾਗ ਜੇ ਆਪਨੇ ਯਾਦ ਕੀਤਾ ਹੈ।

ਜਸਬੀਰ ! ਖਿਮਾਂ ਤਾਂ ਮੈ ਚਾਹੁੰਦਾ ਹਾਂ ਕਿਉਂਕਿ ਮੈਂ ਤੈਨੂੰ ਤੇ ਤੇਰੇ ਪਿਤਾ ਜੀ ਨੂੰ ਦੁਖੀ ਕੀਤਾ ਹੈ।

.... ਮੈਨੂੰ ਸ਼ਰਮ ਸਾਰ ਨ ਕਰੋ" "ਜਸਬੀਰ, ਕੀ ਮੈਂ ਸਮਝ ਲਵਾਂ ਕਿ ਤੁਸਾਂ ਮੈਨੂੰ ਖਿਮਾ ਕਰ ਦਿਤਾ ਹੈ ? ਜੇ ਠੀਕ ਹੈ ਤਾਂ ਪਿਤਾ ਜੀ ਪਾਸੋਂ ਆਗਿਆ ਲੈਕੇ ਬਸੰਤ ਪੰਚਮੀ ਦਾ ਗੁਰ ਪੁਰਬ ਅਪਣੇ ਸ਼ਹਿਰ ਵਿਚ ਵੇਖੀਏ ਤੇ ਜ਼ਿੰਦਗੀ ਦਾ ਰਸ ਮਾਣੀਏ।

ਅਤੇ ਕਿਹਾ। ਮੈਨੂੰ ਏਹਨਾਂ ਭੈੜੀਆਂ ਰਸਮਾਂ ਦਾ ਚੰਗੀ ਤ੍ਰਾਂ ਗਿਆਨ ਹੋ ਗਿਆ ਹੈ" ਏਨ੍ਹਾਂ ਰਸਮਾਂ ਨੇ ਵੇਖ ਕਿਵੇਂ ਸਾਡੇ ਸਮਾਜ ਵਿਚ ਵਿਤਕਰੇ ਪਾਏ ਹੋਏ ਹਨ, ਕਿਵੇਂ ਇਕ ਦੂਜੇ ਨਾਲ ਨਫਰਤ ਪੈਦਾ ਕੀਤੀ ਹੈ। ਜਸਬੀਰ ! ਆਓ ਹੁਣ ਰਲਕੇ ਏਨ੍ਹਾਂ, ਰਸਮਾਂ ਦੇ ਖਿਲਾਫ ਲੜੀਏ, ਤਾਕਿ ਗ਼ਰੀਬ ਵੀ ਸੁਖ ਦਾ ਸਾਹ ਲੈ ਸਕਣ ਅਜ ਲੋੜ ਹੈ ਏਨ੍ਹਾ ਸਮਾਜਕ ਕੁਰੀਤੀਆਂ ਨੂੰ ਦੂਰ ਕਰਨ ਦੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਘਰ ਘਰ ਪੁਚਾਣ ਦੀ, ਧੰਨ ਹਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਨਾਂ ਦੀ ਕਿਰਪਾ ਨੇ ਮੈਨੂੰ ਫਰ ਨਵੇਂ ਤੇ ਠੀਕ ਰਾਹ ਤੇ ਲਿਆ ਖੜਾ ਕੀਤਾ ਹੈ।

--o--

ਅਰਜੋਈ

[ਸੁਰਜੀਤ ਕੌਰ ਸੁਰਜੀਤ ਬੈਂਕੋਕ ਥਾਈਲੈਂਡ

ਮਾਲਕ ਸ੍ਰਿਸਟੀ ਦੇ ਆਪ ਸਤਿਗੁਰੂ ਜੀ,
ਚਰਨ ਬੰਦਨਾਂ ਕਰੋ ਪਰਵਾਨ ਮੇਰੀ।
ਹੱਥ ਜੋੜਕੇ ਬੇਨਤੀ ਏਹੋ ਕਰਦੀ,
ਦਿਉ ਦਰਸ ਤਰਸਾਉ ਨ ਜਾਨ ਮੇਰੀ।
ਮੇਲਾ ਆਇਆ ਬਸੰਤ ਦਾ ਬਹੁਤ ਨੇੜੇ,
ਅਰਜ ਕਰ ਲੌ ਹੁਨ ਪਰਵਾਨ ਮੇਰੀ।
ਝੋਲੀ ਅੱਡਕੇ ਖੈਰ ਪਈ ਮੰਗਦੀ ਹਾਂ,
ਰੱਖੋ ਲਾਜ ਆ ਤੁਸੀ ਭਗਵਾਨ ਮੇਰੀ।

Sri Satguru Jagjit Singh Ji Elibrary NamdhariElibrary@gmail.com

[ਬੀਬੀਤੇਜ ਕੌਰ ਗੁਰੂਸਰ

ਨਾਮਧਾਰੀ ਭੈਣਾਂ ਦੇ ਧਿਆਨ ਯੋਗ

੧੭੮੨ ਬਸੰਤ ਪੰਚਮੀ ਦਾ ਦਿਹਾੜਾ ਇਸਤ੍ਰੀ ਜਾਤੀ ਲਈ ਇਕ ਮਹਾਨ ਵਸ਼ੇਸ਼ਤਾ ਰਖਦਾ ਹੈ, ਕਿਉਂਕਿ ਇਸਤੋਂ ਪਹਿਲੇ ਇਸਤ੍ਰੀ ਜਾਤੀ ਕਿਸੇ ਸ਼ੁਭ ਅਸਥਾਨ ਜਾਨਦੀ ਭਾਈ ਵਾਲ ਨਹੀ ਸੀ ਬਣ ਸਕੀ, ਹਿੰਦੂ ਸਮਾਜਦੇ ਅਤੇ ਦੀਨਦੇ ਠੇਕੇਦਾਰਾਂ ਨੇ ਇਹਨੂੰ ਸ਼ੂਦਰ ਅਤੇ ਨੀਚ ਸਮਝਕੇ ਜੰਞੂ ਅਤੇ ਦੀਨ ਦੇ ਅਸੂਲਾਂ ਤੋਂ ਵਾਂਜੀ ਰਖਿਆ, ਠਾਕਰ ਦੁਆਰੇ ਅਤੇ ਮਸੀਤਾਂ ਵਿਚ ਬੈਠਕੇ ਇਹ ਅਪਣੇ ਮਾਲਕ ਸਿਰਜਨ ਹਾਰ ਦੀ ਇਬਾਦਤ ਨਹੀ ਕਰ ਸਕਦੀ ਸੀ, ਆਦਮੀ ਨੇ ਇਸਨੂੰ ਪੈਰਾਂ ਦੀ ਜੁੱਤੀ ਬਰਾਬਰ ਸਮਝ ਛਡਿਆ ਸੀ ਪਹਿਲੇ ਦੁਨੀਆਂ ਉਤੇ ਜਿਤਨੇ ਵੀ ਰਾਹਬਰ ਆਏ ਉਨਾਨੇਵੀ ਇਸ ਦੀ ਸੂਝ ਨਾ ਲਈ ਭਾਵਕੀ ਮਰਦਾਂ ਦੇ ਸਮਾਨ ਹੱਕ ਨਾ ਦਿਤੇ।

ਅੰਮ੍ਰਿਤ ਦਾਤਾ ਦਸਮੇਸ ਪਿਤਾ ਜੀ ਦੇ ਖੰਡੇ ਦੇ ਅੰਮ੍ਰਿਤ ਤੋਂ ਵੀ ਖਾਲੀ ਰਹਿ ਗਈ ਜਿਹਾ ਕਿ ਅਜਤਕ ਸ੍ਰੀ ਹਜੂਰ ਸਹਿਬ ਇਸਤ੍ਰੀ ਜਾਤੀ ਨੂੰ ਕ੍ਰਿਪਾਨ ਦਾ ਅੰਮ੍ਰਿਤ ਹੀ ਛਕਾਇਆ ਜਾਂਦਾ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਨ ਪਿਛੋਂ ਤਾਂ ਖਾਲਸਾ ਅਪਣੇ ਅਸੂਲ ਤੋਂ ਉਕਾ ਹੀ ਭੁੱਲ ਗਿਆ ਏਥੋਂ ਤਕ ਭੁਲਗਿਆ ਜਿਹਾ ਕਿ ਦਸਿਆ ਹੈ।

ਗੁਰੂ ਦਸਮੇਸ ਜੀਦੇ ਪਿਛੋਂ ਜਦ ਖਾਲਸੇ ਨੇ,
ਛਡ ਦਿਤਾ ਰਾਹ ਤੇ ਕੁਰਾਹ ਆਨ ਮਲਿਆ।
ਬੁਰਛਿਆਂ ਨੇ ਲੁਟਮਾਰ ਦੇਸ ਵਿਚ ਖੂਬ ਕੀਤੀ
ਨਿਰਬਲਾਂ ਨਿਰਦੋਸਿਆਂ ਗ੍ਰੀਬਾਂ ਨੂੰ ਦਬੱਲਿਆ,
ਅਤਦਾ ਤੇ ਰੱਬਦਾ ਹੈ ਵੈਰ ਮਸ਼ਹੂਰ ਧੁਰੋਂ,
ਵਾਹਿਗੁਰੂ ਨੇ ਇਨਾਂ ਦਾ ਵੀ ਤਖਤਾਉਥੱਲਿਆ
ਫੇਰ ਕਲਜੁਗ ਵਿਚ ਸਤਿਜੁਗ ਲਾਨ ਲਈ,
ਉਸੇ ਜੋਤ ਨਿਜ ਰੂਪ ਰਾਮ ਸਿੰਘ ਘਲਿਆਂ।

ਇਹ ਕੁਦਰਤ ਦਾ ਨਿਜਮ ਹੈ ਦੁਨੀਆਂ ਉਤੇ ਜਦੋਂ ੨ ਵੀ ਅਧਰਮ ਫੈਲਦਾ ਹੈ ਓਦੋਂ ਓਦੋਂ ਹੀ ਅਕਾਲ ਪੁਰਖ ਅਵਤਾਰ ਧਾਰਕੇ ਅਉਂਦਾਹੈ ਪਰ ਕਈ ਮੇਰੀਆਂ ਭੈਣਾਂ ਤੇ ਵੀਰ ਗੁਰ ਸਿਖ ਹੁੰਦ ਹੋਏ ਵੀ ਗੁਰਬਾਣੀ ਪੜ੍ਹਕੇ ਫੇਰ ਵੀ ਇਸ ਸਿਧਾਂਤ ਨੂੰ ਨਹੀਂ ਮੰਨਦੇ ਪਰ ਵੇਖੋ ਦਸਮੇਸ ਪਿਤਾ ਜੀ ਅਪਣੀ ਪਵਿਤ੍ਰ ਬਾਣੀ ਵਿਚਭੀ ਲਿਖਦੇ ਹਨ।

ਜਬ ਜਬ ਹੋਤ ਅਰਿਸਟ ਅਪਾਰਾ,
ਤਬ ਤਬ ਦੇਹ ਧਰਤ ਅਵਤਾਰਾ।

ਇਸ ਵਾਕ ਕਥਨ ਅਨੁਸਾਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ) ੧੮੭੨ ਵਿਚ ਬਾਬੇ ਜਸਾ ਸਿੰਘ ਤੇ ਮਾਤਾ ਸਦਾ ਕੌਰ ਜੀ ਦੇ ਘਰ ਅਪਣੇ ਆਪ ਨੂੰ ਪ੍ਰਾਦੁਰ, ਭਾਵ ਕੀਤਾ, ਆਪ ਜੀ ਨੇ ਪ੍ਰਗਟ ਹੋਕੇ ਜਿਥੇ ਭੁਲ ਭਟਕੇ ਅਤੇ ਧਰਮ ਤੋਂ ਬੇਮੁਖਹੋਏ ਜੀਵਾਂ ਨੂੰ ਸਿਧੇ ਰਾਹੇ ਪਾਕੇ ਸਾਂਤ ਕੀਤਾ ਓਥੇ ਇਸਤ੍ਰੀ ਜਾਤੀ ਦੀ ਗੌਰਵਤਾ ਵਲ ਵੀ ਪੂਰਾ ਪੂਰਾ ਧਿਆਨ ਦਿਤਾ ਮਰਦ ਦੇ ਸਮਾਨ ਹੱਕ ਦਿਤੇ, ਜੋ ਮਰਦ ਨੂੰ ਖੰਡੇ ਦਾ ਅੰਮ੍ਰਿਤ ਹੈ

ਤਾਂ ਇਸਤ੍ਰੀ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾਇਆ, ਜੇ ਸਿਖ ਬਾਣੀ ਪੜਦਾ ਹੈ ਤਾਂ ਬੀਬੀਆਂ ਵੀ ਚੰਡੀ ਦੀ ਵਾਰ ਦਾ ਨਿਤਨੇਮ ਕਰ ਸਕਦੀਆਂ ਹਨ, ਜੇ ਮਰਦ ਰੂਪ ਵਿਚ ਸਾਧ ਸੰਗਤ ਹਵਨ ਬਰਨੀਆਂ ਕਰਦੀ ਹੈ, ਤਾਂ ਇਸਤ੍ਰੀ ਰੂਪ ਸੰਗਤ ਨੂੰ ਵੀ ਹਵਨ ਵਰਨੀਆਂ ਦੀ ਆਗਿਆ ਦਿਤੀ ਜਾਂਦੀ ਹੈ, ਸਮੇਦੇ ਸ੍ਰੀ ਸਤਿਗੁਰੂ ਅਟੱਲ ਪ੍ਰਤਾਪੀ ਨੇ ਤਾਂ ਏਥੋਂ ਤਕ ਕ੍ਰਿਪਾਲਤਾ ਕੀਤੀ ਹੈ, ਜਿਹਾ ਕਿ ਐਤਕਾਂ ਅੱਸੂ ਦੇ ਮੇਲੇ ਸ੍ਰੀ ਭੈਣੀ ਸਾਹਿਬ ਦੀਵਾਨ ਵਿਚ ਬੈਠਿਆਂ ਨੇ ਅਪਣੀ ਪਵਿਤ੍ਰ ਰਸਨਾਂ ਤੋਂ ਹੁਕਮ ਦਿਤਾ ਕਿ ਸਿਖ ਬਾਹਰ ਦੜੇ ਪਰ ਦੀਵਾਨ ਲੌਣ ਮਾਈਆਂ, ਬੀਬੀ ਲੀਲਾਵੰਤੀ ਦੇ ਜਥੇ ਸਮੇਤ ਤਬੇਲੇ ਵਿਚ ਕੀਰਤਨ ਕਰਨ ਜਿਸ ਵਿਚ ਮੈ ਨਿਗੁਣੀ ਨੇ ਵੀ ਹਿਸਾ ਲਿਆ ਆਓ ਮੇਰੀਓ ਪਿਆਰੀਓ ਨਾਮਧਾਰਨਾਂ ਭੈਣੋ ਐਸੇ ਸਤਿਗੁਰ ਦੀ ਅਪਾਰ ਕ੍ਰਿਪਾਦੀਆਂ ਪਾਤਰਾਂ ਬਣ ਜਾਓ ਸਤਿਗੁਰੂ ਜੀ ਦੇ ਹੁਕਮ ਦੀ ਤਨੜੀਆਂ ਹੋਕੇ ਪਾਲਨਾ ਕਰੋ ਅਤੇ ਅਪਨੇ ਬਚਿਆਂ ਨੂੰ ਸਤਿਗੁਰ ਦੀ ਮਰਜਾਦਾ ਦਾ ਪ੍ਰਚਾਰ ਕਰੋ ਬਚਿਆਂ ਦਾ ਮਾਸਟਰ ਅਸਲੀ ਮਾਂ ਹੁੰਦੀ ਹੈ ਮੈਨੂੰ ਉਨਾ ਭੈਣਾ ਪਰ ਬੜੀ ਹੈਰਾਨੀ ਹੈ ਜੇਹੜੀਆਂ ਭੈਣਾਂ ਸਤਿਗੁਰ ਦੀਆਂ ਹੋਕੇ ਫੇਰ ਝੂਠੀ ਦੁਨੀਆਂ ਦੇ ਫੈਸ਼ਨਾਂ ਵਿਚ ਵਹਿ ਟੁਰੀਆਂ ਹਨ, ਜਰਾ ਧਿਆਨ ਦੇਣਾ। ਉਨਾ ਲੋਕਾਂ ਵਲ ਜੇਹੜੇ ਲੋਕ ਅਪਣੇ ਪਹਿਰਾਵੇ ਦੇ ਪਾ ਬੰਦ ਹਨ, ਭਾਵੇਂ ਉਨਾਂ ਨੂੰ ਦੇਸ ਵਿਦੇਸ ਜਾਣਾ ਪਵੇ ਫੇਰ ਵੀ ਓਹ ਅਪਣਾ ਲਿਬਾਸ ਨਹੀਂ ਬਦਲਦੇ, ਬਾਜੀਗਰ, ਗਡੀਆਂ ਵਾਲੇ ਬਾਰੜੀਏ ਨਹੁਰੀਏ ਵਗੈਰਾ ਵਗੈਰਾ, ਅਸੀਂ ਸਚੇ ਪਾਤਸ਼ਾਹ ਜੀ ਦੀ ਦਸੀ ਮਰਯਾਦਾ ਅਤੇ ਲਿਬਾਸ ਨਾਲ ਜਿਤਨਾ ਵੀ ਪਿਆਰ ਕਰੀਏ ਉਤਨਾ ਹੀ ਥੋੜਾ ਹੈ ਪਰ ਅਸੀਂ ਕੁਛ ਦੂਰ ਜਾ ਰਹੇ ਹਾਂ, ਸਤਿਗੁਰ ਦੀ ਦਸੀ ਬਰਦੀ ਤੋਂ ਬੜਾ ਸੰਕੋਚ ਕਰਦੇ ਹਾਂ ਅਤੇ ਡਰਦੇ ਹਾਂ ਸਾਨੂੰ ਲੋਕ ਖੀ ਆਖਣਗੇ ਕਿ ਇਸ ਤੰਗ ਪੌਚਿਆਂ ਵਾਲੀ ਸੁਥਨ ਅਤੇ ਕਲੀਆਂ ਵਾਲਾ ਕੁੜਤਾ ਪਾਇਆ ਹੋਇਆ ਹੈ, ਮੈਨੂੰ ਉਹਨਾਂ ਭੈਣਾਂ ਵਲ ਵੇਖਕੇ ਬੜਾ ਦੁਖ ਲਗਦਾ ਹੈ ਜੇਹੜੀਆਂ ਭੈਣਾਂ ਨਾਮਧਾਰਨਾਂ ਹੋਕੇ ਘਰ ਵਿਚ ਰਹਨ ਦਾ ਬਾਜਾਰ ਜਾਣਦਾ ਰਿਸ਼ਤੇਦਾਰਾਂ ਦੇ ਜਾਣਦਾ ਫੈਸ਼ਨ ਹੋਰ ਹੋਰ ਕਰਦੀਆਂ ਹਨ ਸਾਧ ਸੰਗਤ ਵਿਚ ਔਣ ਵੇਲੇ ਚੂੜੀਦਾਰ ਸੁਥਨ ਅਤੇ ਕਲੀਆਂ ਵਾਲਾ ਕੁੜਤਾ ਹੀ ਪਾਂਦੀਆਂ ਹਨ ਕੇਹਾ ਚੰਗਾ ਹੋਵੇ ਜੇ ਅਸੀਂ ਸਤਿਗੁਰੂ ਜੀ ਦੀ ਦਸੀ ਹੋਈ ਮਰਯਾਦਾ ਅਨਸਾਰ ਚਲੀਏ।

ਪੂਰੇ ਸਤਿਗੁਰ ਪੰਥ ਨੂੰ ਹੁਕਮ ਦਿੰਦੇ,
ਬੁਢੀ ਬਾਲੀ ਨੂੰ ਕਹਿਨ ਪੁਕਾਰ ਬੀਬੀ।
ਕੜਾ ਕੱਛ ਕ੍ਰਿਪਾਨ ਇਸ਼ਨਾਨ ਕੇਸੀ,
ਕਰਨਾ ਰਹਿਤਦੇ ਨਾਲ ਪਿਆਰ ਬੀਬੀ।
ਬਰਦੀ ਸ੍ਵੇਤ ਸੁਥਨ ਕੁੜਤੀ ਪੈਹਰ ਲੈਣੀ,
ਨੀਲ ਰੰਗ ਦੇਣਾ ਦੂਰ ਡਾਰ ਬੀਬੀ।
ਦੇਸੀ ਕਾਟ ਸਿਧੀ ਸਾਦੇ ਪੈਹਰ, ਬਸਤ੍ਰ
ਬਾਣਾ ਗੁਰਮੁਖੀ ਜੋ ਚੂੜੀਦਾਰ ਬੀਬੀ।

ਇਤਆਦਕ ਮੇਰੀਓ ਪਿਆਰੀਓ ਭੈਣੋ! ਸੱਚ ਜਾਣੋ ਸਤਿਗੁਰੂ ਜੀ ਦੀ ਦਸੀ ਮਰਯਾਦਾ ਧਾਰਨ ਵਿਚ ਜੋ ਸੁਖ ਹੈ, ਓਹ ਮੇਰੀ ਜੀਭ ਕਥਨ ਨਹੀਂ ਕਰ ਸਕਦੀ ਅਜ ਹਰ ਇਕ ਨਾਮਧਾਰੀ ਵੀਰ ਅਤੇ ਭੈਣ ਦੀ ਇਸ ਬੰਨੇ ਬੜੀ ਧੁਨ ਲਗ ਰਹੀ ਹੈ ਕਿ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਚੜ੍ਹਦੀਆਂ ਕਲਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਂਵੇ ਇਹ ਮਨੋਰਥ ਓਦੋਂ ਤਕ ਨਹੀ ਪੂਰਾ ਦਾ ਜਦ ਤਕ ਅਸੀਂ ਅੰਦਰੋਂ ਬਾਹਰੋਂ ਇਕ ਹੀਂ ਹੁੰਦੇ ਨਹੀਂ ਤਾਂ ਅਸੀਂ ਇਸ ਵਾਕ ਅਨੁਸਾਰ ਕਹਾਵਾਂਗੇ।

"ਕਹਤਿਅਹ ਕਰਤੀ ਸੁਣੀ ਰਹਤ ਕੋ ਖੁਸ਼ੀ ਨ ਆਯਉ। ਸੋ ਮੈ ਉਨ੍ਹਾਂ ਅਪਣੇ ਪੂਜਯ ਬਜੁਰਗਾਂ ਵੀਰਾਂ ਅਤੇ ਣਭੈਂ ਅਗੇ ਜੋਰਦਾਰ ਸਬਦਾਂ ਨਾਲ ਅਪੀਲ ਕਰਦੀ ਹਾਂ, ਕਿ ਸਭ ਤੋਂ ਪਹਿਲੇ ਅਸੀ ਸ੍ਰੀ ਸਤਿਗੁਰੂ ਜੀ ਦੇ ਦਸੇ ਸਾਦੇ ਬਾਣੇ ਨਾਲ ਪਿਆਰ ਕਰੀਏ ਅਸੀ ਇਸ ਹੁਕਮ ਤੋ ਬੜੇ ਦੂਰ ਜਾ ਰਹੇ ਹਾਂ, ਮੈ ਅਪਣੀਆਂ ਭੈਣਾਂ ਅਗੇ ਬੇਨਤੀ ਕਰਦੀ ਹਾਂ ਐਸੀ ਕੋਈ ਭੈਣ ਦੇਖਨ ਵਿਚ ਨਾ ਆਵੇ, ਜੇਹੜੀ ਗੁਰਮੁਖੀ ਨਾ ਪੜ੍ਹੀ ਹੋਵੇ, ਇਹ ਗੁਰੂ ਜੀ ਨੇ ਸਮੁੰਦਰੋਂ ਪਾਰ ਬੈਠਿਆਂ ਬੜੇ ਪਿਆਰ ਨਾਲ ਲਿਖਿਆ ਸੀ, ਬਾਲਾ ਬੁਢਾ ਮਾਈ ਭਾਈ ਸਭ ਗੁਰਮੁਖੀ ਪੜੋ ਮੈ ਕੁਸੰਗੀਆਂ ਦੀ ਧੀਸੀ ਸਤਿਗੁਰੂ ਜੀ ਨੇ ਮੇਰੇ ਪਰ ਕ੍ਰਿਪਾ ਕੀਤੀ ਮੈ ਭਜਨ ਪੁਛਕੇ ਅੰਮ੍ਰਿਤ ਛਕਕੇ ਮਰਯਾਦਾ ਧਾਰਨ ਕਰ ਲਈ ਹੈ ਮੈਨੂੰ ਬੜਾ ਸੁਖ ਪ੍ਰਾਪਤ ਹੈ ਫੇਰ ਪੂਜਯ ਪੰਡਤ ਮਨਸਾ ਸਿੰਘ ਜੀ ਕੌਮੀ, ਕ੍ਰਿਪਾ ਕੀਤੀ ਉਚ ਵਿਦਿਆ ਪ੍ਰਦਾਨ ਕੀਤੀ ਜਿਸ ਕਰਕੇ ਕਿਸ ਸਮੇ ਔਣੇ ਪਰ ਮੈ ਤੁਹਾਡੀ ਸੇਵਾ ਕਰ ਸਕਦੀ ਹਾਂ, ਇਸਤਰਾਂ ਤੁਸੀਵੀ ਬਲਧਾਰੋ ਹਿੰਮਤ ਕਰੋ, ਇਹੋ ਜੇਹਾ ਸਤਿਗੁਰੂ ਫੇਰ ਨਹੀਂ ਲਭਨਾ ਭੁਲੀਆਂ ਨਾ ਰਹੋ ਤਕੜੀਆ ਹੋ ਜਾਓ ਇਹੋ ਹੀ ਕਰਤਾ ਧਰਤਾ ਹੈ ਭੁਲੇਖੇ ਵਿਚ ਨਾ ਜਾਣਾ ਮ ਤਾਂ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਦੀ ਕੋਟਾਨ ਕੋਟ ਧੰਨਵਾਦਨ ਹਾਂ।

ਆਓ ਮੇਰੀਓ ਪਿਆਰੀਓ ਭੈਣੋ ਅਜ ਅਸੀ ਬਸੰਤ ਪੰਚਮੀ ਦਾ ਦਿਹਾੜਾ ਕੋਈ ਨਿਯਮ ਧਾਰਨ ਕਰਦੀਆਂ ਹੋਈਆਂ ਮਨਾਈਏ ਸਤਿਗੁਰੂ ਜੀ ਦੇ ਹੁਕਮ ਦੀ ਪਾਲਨਾ ਕਰੀਏ ਤਦ ਹੀ ਸਾਡਾ ਬਸੰਤ ਪੰਚਮੀ ਦਾ ਦਿਹਾੜਾ ਮਨਾਇਆ ਸਫਲਾ ਹੋਵੇਗਾ, ਮੇਰੀ ਤਰਫੋਂ ਅਜ ਦੇ ਦਿਹਾੜੇ ਦੀ ਸਭ ਆਲਮ ਨੂੰ ਵਧਾਈ ਹੋਵੇ।

(ਵਲੋਂ:-ਜਸਬੀਰ ਕੌਰ ਸਪੁਤ੍ਰੀ ਸੁ: ਰਛਪਾਲ ਸਿੰਘ ਜੀ ਦੂਆ ਸਿਰਸਾ)

ਬਸੰਤ ਦਾ ਫੁੱਲਾਂ ਨੂੰ ਸੁਨੇਹਾ

ਤੁਸੀ ਖਿੜ ਪਵੋ ਸਾਰੇ ਫੁਲੋ ਵੇ, ਆਓ ਸਾਰੇ ਖੁਸ਼ੀ ਮਨਾ ਲਈਏ।
ਉਸ ਚੀਨੀ ਵਾਲੇ ਮਾਹੀਏ ਦੇ, ਰਲ ਮਿਲਕੇ ਮੰਗਲ ਗਾ ਲਈਏ।
ਕੀ ਪਤਾ ਨਹੀ ? ਉਸ ਮਾਹੀਏ ਦਾ, ਅਜ ਸ਼ੁਭ ਦਿਹਾੜਾ ਆਇਆਏ ?
ਪਾਪਾਂ ਵਿਚ ਡੁਬੀ ਦੁਨੀਆਂ ਨੂੰ, ਜਿਸ ਧਰਮ ਦਾ ਰਾਹ ਦਿਖਾਇਆਏ।

ਫੁਲਾਂ ਦਾ ਬਸੰਤ ਨੂੰ ਜਵਾਬ,

ਸਾਨੂੰ ਪਤਾ ਹੀ ਹੈ ਤਾਂ ਕਹਿੰਦੇ ਹਾਂ, ਅਜ ਚੀਨੀ ਵਾਲਾ ਆਇਆਏ।
ਉਹਦੇ ਸੋਹਣੇ ਦਰਸ਼ਨ ਕਰਨ ਲਈ, ਸਾਡੇ ਨੈਣਾਂ ਰਾਹ ਵਿਛਾਇਆਏ।
ਅਸੀ ਖਿੜ ਪਏ ਸਾਰੇ ਖੁਸ਼ੀ ਦੇ ਵਿਚ। ਸਾਡੀ ਦੂਣੀ ਸ਼ਾਨ ਸੁਹਾਈਏ,
ਆ ਹਾ "ਬਸੰਤੀ" ਰਾਣੀ ਜੀ, ਤੁਹਾਨੂੰ ਦਈਏ ਲੱਖ ਵਧਾਈਏ।

Sri Satguru Jagjit Singh Ji Elibrary NamdhariElibrary@gmail.com

[ਬੀਬੀ ਅਬਿਨਾਸ਼ ਹਿਮਾਂਚਲ ਪ੍ਰਦੇਸ ਮੰਡੀ

ਸਫਲ ਬਸੰਤ

ਆਹ ! ਕਿਹਾ ਸੁੰਦਰ ਸੁਹਾਵਨਾ ਦਿਨ ਹੈ ਪਤਾ ਨਹੀਂ ਲੋਕੀਂ ਕਿਧਰ ਜਾ ਰਹੇ ਹਨ ! ਕੀ ਕੋਈ ਅਜ ਮੇਲਾ ਹੈ ? ਨਰਿੰਦਰ ਨੇ ਆਪਣੀ ਵਡੀ ਭੈਣ ਕਮਲਾ ਕੋਲੋਂ ਪੁਛਿਆ।

ਅਜ ਬਸੰਤ ਪੰਚਮੀ ਹੈ, ਕਮਲਾ ਨੇ ਛੋਟੇ ਵੀਰ ਨਰਿੰਦਰ ਨੂੰ ਆਖਿਆ। ਵੀਰ ! ਅਜ ਉਹ ਭਾਗਾਂ ਵਾਲਾਦਿਨਹੈਜਿਸਦਿਨਮੇਰੇਚੀਨੀ ਵਾਲੇ ਪ੍ਰੀਤਮ ਨੇ ਸਾਡੇ ਦੇਸ਼ ਨੂੰ ਭਾਗ ਲਾਇਆ ਸੀ ਅਜ ਉਹਨਾਂ ਦਾ ਘਰ ਘਰ ਆਗਮਨ ਹੋ ਰਿਹਾ ਹੈ, ਲੋਕ ਅਜ ਉਹਨਾਂ ਦੇ ਪ੍ਰਗਟ ਹੋਣ ਦੀ ਖੁਸ਼ੀ ਮਨਾ ਰਹੇ ਹਨ।

ਨਰਿੰਦਰ—ਤੇ ਉਹਨਾਂਕੀ ਚੋਜ ਕੀਤੇ ਹਨ?

ਕਮਲਾ— ਕੀਹ ਕੀਹ ਦਸਾਂ ਮੈਂ ਉਹਨਾਂ ਦੇ ਚੋਜ, ਉਹਨਾਂ ਬੇਅੰਤ ਚੋਜ ਕੀਤੇ ਹਨ- ਮੇਰੇ ਵਿਚ ਤਾਂ ਐਨੀ ਸਮਰੱਥਾ ਹੀ ਨਹੀ ਕਿ ਉਹਨਾਂ ਦੀ ਮਹਿਮਾ ਦਸ ਸਕਾਂ, ਭਾਰਤ ਆਜ਼ਾਦ ਮੇਰੇ ਸਤਿਗੁਰਾਂ ਨੇ ਕਰਵ ਇਆ ਹੈ, ਗਊ ਦੇ ਗਲੇ ਤੋਂ ਛੁਰੀ ਚੀਨੀਵਾਲੇ ਪ੍ਰੀਤਮ ਨੇ ਲੁਹਾਈ, ਹੁਕਾ, ਮਾਸ ਸ਼ਰਾਬ, ਚੋਰੀ ਯਾਰੀ ਤੇ ਠਗੀ ਤੋਂ ਸਿਖਾਂ ਨੂੰ ਬਚਾਇਆ, ਸੁਚ ਸੋਧ ਰਖਵਾਈ ਤੇ ਨਾਮ ਦਸਿਆ। ਬਾਣੀ ਪੜ੍ਹਨ ਦੀ ਜਾਚ ਦਸੀ ਸਿਧੇ ਰਸਤੇ ਪਾਇਆ ਤੇ ਕੂਕਾ ਪੰਥ ਦੀ ਰਚਨਾਂ ਕੀਤੀ।

ਨਰਿੰਦਰ- ਅਜ ਕਲ ਤਾਂ ਮੈਂ ਕੋਈ ਸੋਧ ਨਹੀਂ ਵੇਖ ਰਿਹਾ, ਜਿਡੀ ਕਿ ਤੁਸੀਂ ਕਹਿ ਰਹੇ ਹੋ। ਕਈਆਂ ਨੂੰ ਮੈਂ ਹੋਟਲਾਂ ਤੋਂ ਰੋਟੀ ਖਾਂਦੇ ਵੇਖਦਾ ਹਾਂ, ਵਡੇ ਵਡੇ ਕਈ ਸਿਧੀਆਂ ਪਗਾਂ ਵਾਲੇ ਵੀ ਬਜ਼ਾਰੋਂ ਖਾ ਪੀ ਲੈਂਦੇ ਵੇਖੀ ਦੇ ਹਨ।

ਕਮਲਾ— ਨਰਿੰਦਰ ਜੀ ਨਹੀਂ ਜ਼ਰਾ ਸੁਣੋ, ਵੇਖੋ ਨਾ ਜੇਹੜੇ ਨਵੇਂ ਨੌਜਵਾਨ ਕੁੜੀਆਂ ਮੁੰਡ ਉਠੇ ਹਨ ਉਹ ਪੜ੍ਹ ਪੜ੍ਹਾਕੇ ਉਲ ਟੀ ਗੰਗਾ ਵਗਾ ਰਹੇ ਹਨ, ਅਸਲ ਵਿਚ ਮੇਰੇ ਚੀਨੀਵਾਲੇ ਪਾਤਸ਼ਾਹ ਦਾ ਹੁਕਮ ਨਹੀਂ ਕਿ ਕੋਈ ਸਿਧੀ ਪਗ ਵਾਲਾ ਹੋਟਲਾਂ ਤੋਂ ਖਾਵੇ ਪੀਵੇ, ਤੇ ਜੇਹੜੇ ਖਾਂਦੇ ਪੀਂਦੇ ਹਨ ਉਹਨਾਂ ਦੀ ਮਤ ਵੀ ਤਾਂ ਓਹੋ ਜਹੀ ਹੀ ਹੈ, ਓਹ ਏਥੇ ਹੀ ਬਸ ਨਹੀਂ ਫੈਸ਼ਨਾਂ ਵਿਚ ਵੀ ਓਹ ਰੁੜ੍ਹੇ ਜਾ ਰਹੇ ਹਨ। ਸਤਿਗੁਰਾਂ ਦੇ ਬਚਨਾਂ ਨੂੰ ਭੁਲਾਈ ਬੈਠੇ ਹਨ।

ਸਾਡੇ ਸਤਿਗੁਰਾਂ ਦਾ ਤਾਂ ਹੁਕਮ ਹੈ ਚਿਟੇ ਦੇਸੀ ਕਪੜੇ ਪਾਓ, ਚੂੜੀ ਵਾਲੀ ਸੁਥਨ ਭੈਣਾਂ ਪਾਣ, ਤੇ ਸਿਧੇ ਦਸਤਾਰੇ ਵੀਰ ਬੱਨ੍ਹਣ ਪਰ ਕਲਜੁਗੀ ਅਸਰ ਨਾਲ ਆਪੋ ਆਪਣੀਆਂ ਮਤਾਂ ਚਲ ਰਹੀਆਂ ਹਨ, ਜੇਹੜੇ ਬਚਨ ਮੰਨਦੇ ਹਨ ਓਹਨਾਂ ਦੀ ਤਾਂ ਗਲ ਹੀ ਉਪਮਾਂ ਤੋਂ ਰਹਿਤ ਹੈ।

ਵੇਖ ਖਾਂ ਨਰਿੰਦਰ ! ਅਪਣੀ ਮਾਤਾ ਜੀ ਵਲ ਹੁਣ ਉਹਨਾਂ ਦੀ ਉਮਰ ੬੦ ਵਰਿਹਾਂ ਤੋਂ ਵੀ ਉਪਰ ਹੈ, ਓਹਨਾਂ ਦੀ ਸੁਚ ਸੋਧ ਮਰਯਾਦਾ ਕਿਡੀ ਵਡੀ ਹੈ ਪਾਠ ਵੀ ਕਰਦੇ

ਹਨ ਨਾਮ ਵੀ ਜਪਦੇ ਹਨ।

ਹਾਂ ਹਾਂ ਭੈਣ ਜੀ ਉਹ ਤਾਂ ਠੀਕ ਏਸੇ ਤਰਾਂ ਕਰਦੇ ਹਨ ਕਈ ਸਤਿਗੁਰਾਂ ਦੀਆਂ ਸਾਖੀਆਂ ਵੀ ਸੁਨਾਂਦੇ ਰਹਿੰਦੇ ਹਨ।

ਕਮਲਾ— ਨਰਿੰਦਰ ਜੀ ਤੁਸੀਂ ਅਜੇ ਛੋਟੇ ਹੀ ਸੀ ਜਦੋਂ ਪਾਕਸਤਾਨ ਬਣਿਆ ਸੀ ਦੁਨੀਆਂ ਤੇ ਬੜੀ ਭੀੜ, ਤੇ ਬਿਪਤਾ ਆਨਪਈ ਸੀ ਓਦੋਂ ਅਸੀ ਸਾਰੇ ਹੀ ਰਲਕੇ ਮਾਲਾ ਫੇਰਨ ਲਗੇ। ਔਖੇ ਵੇਲੇ ਸਤਿਗੁਰ ਹੀ ਯਾਦ ਆਉਂਦਾ ਹੈ ਮਾਲਾ ਫੇਰਦਿਆਂ ਫੇਰਦਿਆਂ ਸਾਡ ਮਾਤਾ ਜੀ ਵਿਰਾਗੀ ਹੋ ਗਏ ਓਸੇ ਵੇਲੇ ਚੀਨੀ ਵਾਲੇ ਪਾਤਸ਼ਾਹ ਨੇ ਦਰਸ਼ਨ ਦਿਤਾ ਤੇ ਸਜੇ ਹੱਥ ਨਾਲ ਇਸ਼ਾਰਾ ਕੀਤਾ ਕਿ ਘਬਰਾਓ ਨ-ਐਡੀ ਮੇਹਰਹੋਈ ਕਿਸਾਡੀ ਸੋਧ ਮਰਯਾਦਾ ਵੀ ਕੈਮ ਰਹੀ ਤੇਅਸੀ ਰਾਜੀ ਖੁਸ਼ੀ ਏਥੇਸਕੇਤ ਆ ਪਹੁੰਚੇ ਸਤਿਗੁਰਾਂ ਦੀ ਸਾਡੇ ਤੇ ਕਿਰਪਾ ਹੀ ਰਹੀ ਵਾਲ ਵਿੰਗਾ ਵੀ ਨ ਹੋਇਆ—

"ਵੇਖ ਨਰਿੰਦਰ 'ੜ ਵਜੇ ਮਾਤਾ ਜੀ ਰੋਜ ਉਠਕੇ ਅਸ਼ਨਾਨ ਕਰਦੇ ਹਨ ਹਾੜ ਸਿਆਲ ਦੂਰ ਦੂਰ ਜਾਕੇ ਇਸ਼ਨਾਨ ਕਰਦੇ ਹਨ। ਮੈਂ ਕਈ ਵਾਰੀ ਆਖਿਆ ਕਿ ਤੁਸੀ ਐਡੇ ਹਨੇਰੇ ਵਿਚ ਨ ਜਾਇਆ ਕਰੋ-ਏਥੇ ਜਲ ਮੰਗਵਾ ਲਿਆ ਕਰੋ ਪਰ ਉਹ ਅਗੋਂ ਏਹੋ ਆਖਦੇ ਹਨ ਕਿ ਸਤਿਗੁਰਾਂ ਦੀ ਮਰਯਾਦਾ ਰਖੀਏ ਤੇ ਨਾਮ ਜਪੀਏ ਤਾਂ ਕੋਈ ਦੁਖ ਵੀ ਨਹੀ ਅਉਂਦਾ, ਕੁੜੀਏ, ਮੇਰੇ ਤਾਂ ਅੰਗ ਸੰਗ ਸਤਿਗੁਰ ਰਹਿੰਦੇ ਹਨ ਏਨਾਂ ਬਚਨ ਕਰਦੇ ਮਾਤਾ ਜੀ ਵੈਰਾਗੀ ਹੋ ਗਏ। "ਮੈਂ ਪੁਛਿਆ ਮਾਤਾ ਜੀ! ਕਿਸਤ੍ਰਾਂ ਅੰਗ ਸੰਗ ਹੁੰਦੇ ਹਨ?

ਬਚੀ ਜਦੋਂ ਮੈਂ ਅਸ਼ਨਾਨ ਕਰਨ ਤੁਰਦੀ ਹਾਂ ਚੀਨੀ ਵਾਲੇ ਮੇਰੀ ਬਾਂਹ ਫੜਕੇ ਬੌਲੀ ਤਕ ਲੈ ਜਾਂਦੇ ਹਨ ਤੇ ਏਸੇ ਤ੍ਰਾਂ ਘਰ ਛਡ ਕੇ ਆਪ ਲੋਪ ਹੋ ਜਾਂਦੇ ਹਨ।

ਮਾਤਾ ਜੀ! ਉਹਨਾਂਦਾ ਬਾਣਾ ਕੇਹੋ ਜੇਹਾ ਹੁੰਦਾ ਹੈ? ਪੁਤ੍ਰ, ਜਦੋਂ ਓਹ ਮੇਰੇਨਾਲ ਅੰਮ੍ਰਿਤ ਵੇਲੇ ਹੁੰਦੇ ਨੇ ਓਦੋਂ ਸੀਸ ਤੇ ਦਸਤਾਰਾ, ਗਲ ਦੁਆਲੇ ਪ੍ਰਨਾ, ਲੱਕ ਕਛਹਿਰਾ, ਪੈਰੀਂ ਪਉਏ ਸੱਜੇ ਹੱਥ ਵਿਚ ਸੋਟਾ ਤੇ ਖੱਬੇ ਹੱਥ ਨਾਲ ਮੈਨੂੰ ਫੜਿਆ ਹੁੰਦਾ ਹੈ।

ਸੋ ਨਰਿੰਦਰ ਜੀ ਠੀਕ ਜਾਣੋਂ—ਜੇਹੜੇ ਸੁਚੇ ਪਾਤਸ਼ਾਹ ਦੀ ਮਰਯਾਦਾ ਵਿਚ ਲੀਨ ਹਨ ਉਹਨਾਂ ਨੂੰ ਦਰਸ਼ਨ ਵੀ ਹੁੰਦੇ ਰਹਿੰਦੇ ਹਨ ਤੇ ਜਿਹੜੇ ਸਾਡੇ ਜਹੇ ਦਲਿਦਰੀ ਤੇ ਫੈਸ਼ਨਾਂ ਦੇ ਪੁਜਾਰੀ ਹਨ ਉਹਨਾ ਦੀ ਮਤ ਬੁਧ ਵੀ ਓਹੋ ਜਹੀ ਹੋ ਜਾਂਦੀ ਹੈ ਸੋ ਆਓ ਨਰਿੰਦਰ ਜੀ। ਅਸੀ ਵੀ ਸਤਿਗੁਰਾਂ ਅਗੇ ਅਰਦਾਸ ਕਰੀਏ ਕਿ ਸਚੇ ਪਾਤਸ਼ਾਹ ਸਾਨੂੰ ਵੀ ਸਮੱਤ ਦਾ ਦਾਨ ਬਖਸ਼ੋ ਤਾਹੀ ਸਾਡੀ ਬਸੰਤ ਮਨਾਈ ਸਫਲ ਹੋਵੇਗੀ।

[ਬੀਬੀ ਬਲਬੀਰ ਨਵੀਂ ਦਿਲੀ

ਸਤਿਗੁਰਾਂ ਦਾ ਸੰਦੇਸ਼ ਘਰ ਘਰ

ਪੁਚਾਣ ਦੀਲੋੜ ਹੈ

ਕਾਲਜਾਂ ਵਿਚ ਹੋਰ ਮਜਮੂਨਾਂ ਤੋਂ ਛੁਟ ਇਤਿਹਾਸ ਵੀ ਪੜ੍ਹਾਇਆ ਜਾਂਦਾ ਹੈ ਸਕੂਲਾਂ ਵਿਚ ਛੋਟੇ ਬੱਚੇ ਬਚੀਆਂ ਨੂੰ ਕਈ ਪ੍ਰਸਿਧ ਵਿਅਕਤੀਆਂ ਦੇ ਜੀਵਨ ਚਰਿਤ੍ਰ ਦਸੇ ਜਾਂਦੇ ਹਨ, ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀਦਾਜੀਵਨ ਕਿਸੇ ਖਾਸ ਕਿਤਾਬ ਵਿਚੋਂ ਵੀ ਨਹੀਂ ਮਿਲਦਾ—ਮੈ ਸਝਮਦੀ ਹਾਂ ਹਿੰਦੋਸਤਾਨ ਦੇ ਇਤਹਾਸਕਾਰਾਂ ਦਾ ਇਹ ਆਪਣੇ ਆਪ ਨਾਲ ਅਨਿਆਏ ਹੈ।

ਸਤਿਗੁਰਾਂ ਦਾ ਜੀਵਨ ਤਾਂ ਅੱਜ ਨਹੀਂ ਕੱਲ ਜੇ ਕੱਲ ਨਹੀਂ ਤਾਂ ਪ੍ਰਸੋਂ ਅਝਸਰ ਲਿਖਿਆ ਹੀ ਜਾਣਾਂ ਹੈ ਪਰ ਜਿਨਾਂ ਲੋਕਾਂ ਭਾਰਤੀ ਹੁੰਦਿਆਂ ਪੱਖ ਪਾਤ ਤੋਂ ਰਹਿਤ ਹੋਕੇ ਇਤਹਾਸ ਨਹੀ ਲਿਖਿਆ ਉਹ ਦੇਸ਼ ਤੇ ਕੌਮ ਦੇ ਦੇਣ ਦਾਰ ਹਨ।

ਏਹ ਗਲ ਸੂਰਜ ਵੰਗ ਰੋਸ਼ਨ ਹੋ ਜੁਕੀ ਹੈ ਕਿ ਵਿਆਹਾਂ ਦੀ ਗੁਰਮਤ ਰਸਮ ਸਤਿ–ਗੁਰਾਂ ਨੇ ਖੋਟੇ ਪਿੰਡ ਵਿਚ ਚਾਲੂ ਕੀਤੀ ਸੀ ਪਹਿਲੋਂ ਸਿਖਾਂ ਤੇ ਸਿਖ ਗੁਰੂਆਂ ਦੇ ਵਿਆਹ ਪੰਡਤ ਲੋਕ ਹੀ ਅਕਸਰ ਕਰਾਇਆ ਕਰਦੇ ਸਨ—ਮੇਰੇ ਖਿਆਲ ਵਿਚ ਇਹ ਗੱਲ ਕੋਈ ਹਾਨੀ ਕਾਰ ਨਹੀਂ ਕਿ ਸਾਡੇ ਗੁਰੂਆਂ ਦੇ ਵਿਆਹ ਵੇਦ ਰੀਤੀ ਨਾਲ ਹੋਏ—ਕਈ ਸਿਖ ਇਤਿਹਾਸਕਾਰ ਇਤਿਹਾਸ ਨੂੰ ਵਿਗਾੜਕੇ ਗੁਰੂ ਰਾਮ ਦਾਸ ਜੀ ਤੋਂ ਹੀ ਵਿਆਹ ਗੁਰਮਤ ਅਨੁਸਾਰ ਹੋਣਦਾ ਅਕਾਰਥ ਯਤਨ ਕਹਿ ਰਹੇ ਹਨ ਭਲਾ ਏਸ ਤੇ ਪ੍ਰਦਾ ਪਾਣਵਿਚ ਜੇ ਅਸੀਂ ਸਫਲਹੋ ਵੀਗਏਤ ਾਂ ਇਹਗਲ ਕਿਸਤਰਾਂ ਲੁਕਾਸਕਾਂਗੇਕਿ ਗੁਰੂ ਗੋਬਿੰਦਸਿੰਘ ਜੀਤੋਂ ਪਹਿਲਾਂ ਸਾਰੇ ਗੁਰੂਆਂ ਦੇ ਨਾਮ ਨਾਲ ਸਿੰਘ ਸ਼ਬਦ ਦਾ ਪ੍ਰਯੋਗ ਨਹੀਂ ਸੀ ਹੁੰਦਾ?

ਕੋਈਸਿਆਣਾਆਦਮੀ ਇਤਿਹਾਸਨੂੰ ਵਿਗਾ-ੜਨਦਾ ਯਤਨਨਹੀਂ ਕਰਦਾ ਸਗੋਂ ਇਤਿਹਾਸ ਕਾਰਾਂ ਦਾ ਇਤਿਹਾਸ ਓਦੋਂ ਹੀ ਪੂਰਨ ਇਤ-ਹਾਸ ਅਖਵਾ ਸਕਦਾ ਹੈ ਜੇ ਓਹ ਉਸ ਸਮੇਂ ਦੀਆਂ ਖਾਸ ਖਾਸ ਘਟਨਾਵਾਂ ਨੂੰ ਪੂਰੀ ਈਮ ਨ ਦਾਰੀ ਨਾਲ ਵਰਨਣ ਕਰਨ।

ਇਤਿਹਾਸ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ, ਸਤਿਗੁਰੂ ਰਾਮ ਸਿੰਘ ਤੇ ਸ੍ਰੀ ਸਤਿਗੁਰੂ ਹਰੀ ਜੀ ਦੇ ਵਿਆਹ ਵੀ ਪਿਛਲੀ ਰੀਤੀ ਅਨੁਸਾਰ ਹੋਏ ਦਸਦੇ ਹਨ, ਕੀ ਏਥੇ ਹੁਣ ਕੋਈ ਹਾਨੀ ਸਮਝੀ ਜ ਵੇਗੀ? ਅਸਲੀ ਓਹੋ ਇਤਹਾਸ ਹੀ ਪੂਰਨ ਇਤਿਹਾਸ ਸਮਝਿਆ ਜਾਂਦਾ ਹੈ ਜੋ ਠੀਕ ਤੇ ਸਚਾਈ ਯੁਕਤ ਲਿਖਿਆ ਹੋਵੇ।

ਬਾਹਰ ਦੇ ਇਤਹਾਸਕਾਰਾਂ ਨੂੰ ਤਾ ਅਸੀਂ ਏਹ ਸਮਝਕੇ ਕੁਝ ਕਹਿਣ ਦਾ ਹੱਕ ਨਹੀ ਰਖਦੇ ਕਿ ਉਹਨਾਂ ਨੂੰ ਸ਼ੈਦ ਸਤਿਗੁਰੂ ਰਾਮ ਸਿੰਘ ਬਾਬਤ ਅਜੇ ਘਟ ਵਾਕਬੀ ਹੋਵੇਗੀ ਜਿਸ ਲਈ ਉਹਨਾਂ ਏਦਰ ਧਿਆਨ ਨਹੀ ਦਿਤਾਪਰ ਪੰਜਾਬਤੇਖਾਸ ਕਰ ਸਿਖ ਇਤਹਾਸ ਕਾਰਾਂ ਨੇ ਜੋ ਬੇ ਇਨਸਾਫੀ ਨਾਮਧਾਰੀ ਇਤਿ ਹਾਸ ਦੇ ਮਸਲੇ ਵਿਚ ਕੀਤੀ ਹੈ ਓਹ ਕਦੀ

ਮਾਫ ਕਰਨ ਯੋਗ ਨਹੀਂ ।

ਸਤਿਗੁਰਾਂ ਦਾ ਇਤਹਾਸ ਐਸਾ ਸੁੰਦਰ ਤੇ ਪੰਜਾਬੀਆਂ ਦੇ ਗੌਰਵ ਨੂੰ ਉਚਾ ਕਰਨ ਵਾਲਾ ਇਤਿਹਾਸ ਹੈ ਜਿਸ ਬਿਨਾਂ ਅੰਗਰੇਜ਼ ਸਮੇਂ ਦਾ ਇਤਿਹਾਸ ਅਪੂਰਨ ਹੀ ਮੰਨਿਆ ਜਾਵੇਗਾ ।

ਮੈਂ ਪੰਜਾਬੀ ਤੇ ਖਾਸ ਕਰ ਸਿਖ ਇਤਿਹਾਸ ਕਾਰਾਂ ਨੂੰ ਸਲਾਹ ਦੇਵਾਂਗੀ ਕਿ ਉਹ ਪਖਪਾਤ ਤੋਂ ਰਹਿਤ ਹੋਕੇ ਨਾਮਧਾਰੀ ਲਹਿਰ ਤੇ ਵਿਚਾਰ ਕਰਨ, ਦੋ ਚਾਰ ਸਿਖਾਂ ਵਲੋਂ ਇਤਹਾਸ ਲਿਖਣ ਦਾ ਕੁਝ ਯਤਨ ਕੀਤਾ ਵੀ ਗਿਆ ਹੈ ਪਰ ਉਸ ਵਿਚ ਓਹਨਾਂ ਜਾਣ ਬੁਝਕੇ ਭੁਲਾਂ ਕੀਤੀਆਂ ਹਨ। ਇਕ ਇਤਹਾਸਕਾਰ ਨ ਤਾਂ "ਸਰਕਾਰੀ ਰਪੋਟਾਂ, ਮੁਖਬਰਾਂ ਤੇ ਝੂਠੇ ਗਵਾਹਾਂ ਦੀਆਂ ਗਲਾਂ ਸੱਚ ਮੰਨ ਲਏ ਅ ਹਨ ਪਰ ਪੁਰਾਤਨ ਇਤਿਹਾਸਾਂ ਤੇ ਪੁਰਾਣੇ ਬਜ਼ੁਰਗਾਂ ਦੀਆਂ ਗਵਾਹੀਆਂ ਝੂਠੀਆਂ ਸਾਬਤ ਕਰ ਦਿਤੀਆਂ ਹਨ ।"

ਇਕ ਇਤਹਾਸਕਾਰ ਨੇ ਗੁਰਮਤ ਵਿਆਹਾਂ ਦੀ ਰਸਮ ਦਾ ਸੇਹਰਾ ਨਿਰੰਕਾਰੀ ਸੰਪਰਦਾ ਦੇ ਬਾਨੀ ਨੂੰ ਦੇਣ ਦਾ ਵੀ ਜ਼ਿਕਰ ਕੀਤਾ ਹੈ। ਸਾਨੂੰ ਏਸ ਗਲ ਦਾ ਕੋਈ ਦੁਖ ਨਹੀਂ ਪਰ ਜੇ ਇਸ ਵਿਚ ਸਚਾਈ ਹੋਵੇ ਤਾਂ ਸਾਨੂੰ ਵੀ ਏਸ ਅਗੇਂ ਸਿਰ ਨਿਵਾ ਦੇਣਾਂ ਚਾਹੀਦਾ ਹੈ—ਪਰ ਜਦੋਂ ਅਸਾਂ ਠੀਕ ਤੌਰ ਤੇ ਇਤਿਹਾਸ ਅਤੇ ਪੁਰਾਣੇ ਬੰਦਿਆਂ ਦੀਆਂ ਸ਼ਹਾਦਤਾਂ ਪ੍ਰਾਪਤ ਕਰਦੇ ਹਾਂ ਤਾਂ ਨਾਮਧਾ—ਰੀਆਂ ਤੋਂ ਬਿਨਾਂ ਸਿੰਘ ਸਭਾ ਲਹਿਰ ਦੇ ਮੁਢ ਤਕ ਵੀ ਸਿਖਾਂ ਦੇ ਵਿਆਹ ਪੰਡਤ ਕਰਾਂਦੇ ਰਹੇ ਦੀਆਂ ਮਿਸਾਲਾਂ ਮਿਲਦੀਆਂ ਹਨ।

ਅਸਲ ਵਿਚ ਕੁਝ ਦੋਸ਼ ਸਾਡਾ ਵੀ ਆਖਿਆ ਜਾ ਸਕਦਾ ਹੈ, ਕਿਉਂਕਿ ਅਸੀਂ ਆਪਣਾ ਨਾਮਧਾਰੀ ਇਤਹਾਸ ਲੋਕਾਂ ਸਾਮਣੇ ਪੇਸ਼ ਨਹੀਂ ਕਰ ਸਕੇ। ਭਾਵੇਂ ਅੰਗਰੇਜ਼ ਦੀ ਕਰੜੀ ਨਿਗਰਾਨੀ ਕਾਰਨ ਐਸਾ ਹੋਣਾਂ ਅਸੰਭਵ ਵੀ ਕਿਹਾਜਾ ਸਕਦਾ ਹੈ ਪਰ ਰਾਜਨੀਤੀ ਤੋਂ ਬਿਨਾਂ ਵੀ ਸਾਡੇ ਕੋਲ ਬਹੁਤ ਕੁਝ ਸੀ ਜਿਸ ਨੂੰ ਲੋਕਾਂ ਸਾਮਣੇ ਆ ਜਾਣਾ ਚਾਹੀਦਾ ਸੀ, ਜਿਸ ਨਾਲ ਲੋਕਾਂ ਵਿਚ ਕਈ ਭੁਲੇਖੇ ਨਾ ਪੈਂਦੇ ਜੇਹੜੇ ਚਾਲਾਕ ਲੋਕਾਂ ਵਲੋਂ ਪਾਣ ਦਾ ਜਤਨ ਕੀਤਾ ਗਿਆ।

ਅੰਗਰੇਜੀ ਰਾਜ ਵਿਚ ਨਾਮਧਾਰੀਆਂ ਤੋਂ ਪਿਛੋਂ ਜਿਨੀਆਂ ਰਾਜਨੀਤਕ ਲਹਿਰਾਂ ਨੇ ਜਨਮ ਲਿਆ ਹੈ ਉਹਨਾਂ ਨੇ ਵਰ੍ਹਦੀਆਂ ਗੋਲੀਆਂ ਵਿਚ ਵੀ ਆਪਣੇ ਇਤਿਹਾਸ ਨੂੰ ਨਾਲੋ ਨਾਲ ਲੋਕਾਂ ਸਾਹਮਣੇ ਰਖਣ ਤੋਂ ਸੰਕੋਚ ਨਹੀਂ ਕੀਤਾ ਭਾਵੇਂ ਉਹਨਾਂ ਨੂੰ ਸਾਈਕਲੋ ਸਟਾਈਲ ਮਸ਼ੀਨਾਂ ਦੀ ਵੀ ਵਰਤੋਂ ਕਰਨੀ ਪਈ। ਅਨੇਕ ਪਾਰਟੀਆਂ ਦੇ ਇਤਹਾਸ ਸਾਡੇ ਸਾਹਮਣੇ ਚਮਕਾਂ ਮਾਰ ਰਹੇ ਹਨ। ਗਦਰੀ ਬਾਬਿਆ ਦਾ ਇਤਿਹਾਸ ਭਗਤ ਸਿਘ ਤੇ ਕਾਂਗਰਸ ਦੇ ਸਭ ਲੀਡਰਾਂ, ਗਾਂਧੀ ਜੀ—ਸੁਭਾਬ ਬਾਬੂ ਅਕਾਲੀ ਪਾਰਟੀ ਆਦਿ ਸਭ ਨੇ ਆਪਣੇ ਆਪਣੇ ਇਤਹਾਸ ਲੋਕਾਂ ਸਾਹਮਣੇ ਓਦੋਂ ਹੀ ਰਖ ਦਿਤੇ ਪਰ ਜਿਸ ਪਾਵਰ ਹਉਸ ਕੋਲੋਂ ਸਭ ਨੇ ਰੋਸ਼ਨੀ ਲਈ ਉਸ ਦੇ ਸੁੰਦਰ ਇਤਹਾਸ ਨੂੰ ਅਸਾਂ ਤੇ ਨ ਦੂਸਰੇ ਇਤਹਾਸਕਾਰਾਂ ਨੇ ਹੀ ਲਿਖਣ ਦਾ ਜਤਨ ਕੀਤਾ—

ਸਾਨੂੰ ਕਾਲਜ ਵਿਚ ਬਹੁਤ ਕੁਝ ਪੜ੍ਹਾਇਆ ਗਿਆ। ਬੁਧ ਈਸਾ ਦਇਆ ਨੰਦ

ਗਾਂਧੀ—ਬੋਸ ਰਾਜਿੰਦਰ ਪ੍ਰਸ਼ਾਦ ਤੇ ਹੋਰ ਕਈ ਮਹਾਂ ਪੁਰਸ਼ਾਂ ਦੇ ਜੀਵਨ ਪੜ੍ਹਾਏ, ਪਰ ਬੜੇ ਦੁਖ ਨਾਲ ਕਹਿਣਾਂ ਪੈਂਦਾ ਹੈ ਕਿ ਸਤਿਗੁਰਾਂ ਦਾ ਕੋਈ ਜਿਕਰ ਵੀ ਕਿਸੇ ਇਤਹਾਸ ਵਿਚ ਨਹੀ ਕੀਤਾ ਗਿਆ ਤੇ ਜੇ ਕਿਧਰੇ ਕੀਤਾ ਮਿਲਦਾ ਵੀ ਹੈ ਤਾਂ ਬੜਾ ਅਧੂਰਾ ਹੈ।

ਅਜ ਸਮਾਂ ਬੜਾ ਚੇਤੰਨਤਾ ਦਾ ਹੈ ਜੇਹੜੀਆਂ ਕੌਮਾਂ ਅਪਣੇ ਇਤਹਾਸ ਨੂੰ ਲੁਕਾਈ ਰਖਣਗੀਆਂ ਉਹ ਬਹੁਤ ਪਿਛੇ ਰਹਿ ਜਾਣਗੀਆਂ ਮਹਾਤਮਾਂ ਗਾਂਧੀ ਦੇ ਓਹ ਲਫਜ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ ਜੇਹੜੇ ਉਹਨਾਂ ਗੀਤਾ ਮਤਲਕ ਕਹੇ ਸਨ ਆਪਨੇ ਕਿਹਾ ਸੀ ਗੀਤਾ ਦੁਨੀਆਂ ਦੀਆਂ ਮਹਾਨ ਪੁਸਤਕਾਂ ਵਿਚੋਂ ਹੈ ਮੇਰੀ ਇਛਾ ਹੈ ਕਿ ਗੀਤਾ ਲੱਖਾਂ ਦੀ ਗਿਣਤੀ ਵਿਚ ਛਪਕੇ ਹਰੇਕ ਹੱਥ ਵਿਚ ਪਹੁੰਚ ਜਾਵੇ ਤੇ ਗੀਤਾ ਦੀ ਕੀਮਤ ਇਕ ਆਨੇ ਤੋਂ ਵਧੀਕ ਨਾ ਹੋਵੇ।

ਮਹਾਤਮਾ ਦਾ ਭਾਵ ਮੇਰੇ ਵੀਰ ਭੈਣਾ ਚੰਗੀ ਤ੍ਰਾਂ ਸਮਝ ਗਏ ਹੋਣਗੇ—ਏਸੇ ਤ੍ਰਾਂ ਈਸਾਈ ਮਿਸ਼ਨਰੀਆਂ ਬਾਬਤ ਵੀ ਏਹੋ ਕਿਹਾ ਜਾ ਸਕਦਾ ਹੈ—ਇਸਾਈਆਂ ਨੇ ਅਪਣੀ ਵਲੋਂ ਘਰ ਘਰ ਈਸਾ ਦਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਈਸਾਈਆਂ ਨੇ ਸਾਰੀ ਦੁਨੀਆਂ ਤੇ ਪ੍ਰਚਾਰ ਕੀਤਾ ਹੈ ਕਰੋੜਾਂ ਬੰਦੇ ਉਸ ਈਸਾ ਦਾ ਅਜ ਨਾਮ ਲੈਕੇ ਜੀਉ ਰਹੇ ਹਨ ਜਿਨਾਂ ਨੂੰ ਉਸ ਵੇਲੇ ਦੇ ਯਹੂਦੀਆਂ ਨੇ ਸੂਲੀ ਚਾੜਨ ਦਾ ਕੋਝਾ ਅਮਲ ਕੀਤਾ ਸੀ ਹੋਰ ਵੀ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਵੇ ਰਾਮਾ ਕਰਿਸ਼ਨਾਂ ਵਾਲੇ ਆਪਣੇ ਮਿਸ਼ਨ ਦਾ ਪ੍ਰਚਾਰ ਕਰ ਰਹੇ ਹਨ ਪਰ ਅਸਾਂ ਅਜੇ ਤਕ ਵੀ ਇਸ ਬੰਨੇ ਪੂਰਾ ਧਿਆਨ ਨਹੀ ਦਿਤਾ।

ਭਾਵੇਂ ਨਾਮਧਾਰੀ ਇਤਹਾਸ ਕਾਰਾਂ ਨੇ ਏਸ ਬੰਨੇ ਕਾਫੀ ਧਿਆਨ ਦਿਤਾ ਹੈ ਪੂਜਯ ਸ੍ਰੀ ਸੰਤ ਨਿਧਾਨ ਸਿੰਘ ਜੀ ਆਲਿਮ ਨੇ ਗੁਰੂ ਪਦ ਪ੍ਰਕਾਸ਼, ਸਿਖ ਧਰਮ ਤੇ ਮਾਸ-ਜੁਗ ਪਲਿਟ ਉ ਸਤਿਗੁਰੂ ਲਿਖਕੇ, ਤੇ ਸ੍ਰੀ ਚਕਰਵਰਤੀ ਜੀ ਨੇ ਬਸੰਤ ਅੰਕ ਪ੍ਰਕਾਸ਼ਤ ਕਰਕੇ ਤੇ ਹੋਰ ਪੁਸਤਕਾਂ ਲਿਖਕੇ ਕਾਫੀ ਉਦਮ ਕੀਤਾ ਹੈ ਪਰ ਸ਼ੋਕ ਹੈ ਕਿ ਨਾਮ-ਧਾਰੀ ਅਜ ਤਕ ਉਹਨਾਂ ਤੋਂ ਪੂਰਾ ਲਾਭ ਨਹੀਂ ਉਠਾ ਰਹੇ ਜੋ ਸਾਡੀ ਪੜ੍ਹਨ ਦੀ ਅਰੁਚੀ ਹੀ ਕਹੀ ਜਾ ਸਕਦੀ ਹੈ।

ਮੇਰੀਆਂ ਨਾਮਧਾਰੀ ਭੈਣਾਂ ਤਾਂ ਏਸ ਮਸਲੇ ਵਿਚ ਬਿਲਕੁਲ ਹੀ ਅਨਭਿਜ ਹਨ ਨਾਮ-ਧਾਰੀ ਭੈਣਾ ਦਾ ਫਰਜ ਹੈ ਕਿ ਉਹ ਅਪਣੇ ਨਾਮਧਾਰੀ ਇਤਹਾਸ ਨੂੰ ਪੂਰੇ ਗਹੁ ਨਾਲ ਪੜਨ ਅਪਣੇ ਅਖਬਾਰ ਨੂੰ ਵੀ ਚੰਗੀ ਤ੍ਰਾਂ ਧਿਆਨ ਨਾਲ ਪੜ੍ਹਿਆ ਕਰਨ ਤਾਕਿ ਆਪਣੇ ਬਚਿਆਂ ਨੂੰ ਵੀ ਨਾਮਧਾਰੀ ਸਿਖਿਆ ਦੇਕੇ ਨਾਮਧਾਰੀ ਬਣੇ ਰਖਣ ਵਿਚ ਉਹਨਾਦੀ ਸਹੈਤਾ ਕਰ ਸਕਣ ਤੇ ਜੇ ਅਸੀਂ ਹੀ ਏਸ ਬੰਨਿਓ ਕੋਰੀਆਂ ਰਹੀਆਂ ਤਾਂ ਅਸੀ ਅਪਣੇ ਬਚਿਆਂ ਤੇ ਹੋਰ ਸਾਥਣਾਂ ਨੂੰ ਕੀਹ ਸਮਝਾ ਸਕਾਂਗੀਆਂ।

ਸੋ ਹਰੇਕ ਨਾਮਧਾਰੀ ਤੇ ਗੈਰ ਨਾਮਧਾਰੀ ਇਤਹਾਸ ਕਾਰਾਂ ਨੂੰ ਏਸ ਬੰਨੇ ਛੇਤੀ ਧਿਆਨ ਦੇਣਾ ਚਾਹੀਦਾ ਹੈ ਤੇ ਨਾਮਧਾਰੀ ਵੀਰ ਤੇ ਭੈਣਾਂ ਨੂੰ ਅਪਣੇ ਇਤਹਾਸ ਤੋਂ ਵਾਕਬ ਹੋਕੇ ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਘਰ ਘਰ ਪਹੁਚਾਣਾ ਚਾਹੀਦਾ ਹੈ।

—:o:—

Sri Satguru Jagjit Singh Ji Elibrary NamdhariElibrary@gmail.com

[ਜਸਪਾਲ ਕੌਰ ਸਪੁਤ੍ਰੀ ਜਯੋਤੀ ਜੀ ਨਵੀ ਦਿਲੀ

ਚੀਨੀ ਵਾਲੇ ਪਾਤਸ਼ਾਹ

ਚੀਨੀ ਵਾਲਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਕਿਹਾ ਜਾਂਦਾ ਹੈ। ਕਿਓਂ ਕਿ ਇਨਾਂ ਦੀ ਇਕ ਚੀਨੀ ਘੋੜੀ ਸੀ। ਉਸ ਤੇ ਇਹ ਸਵਾਰੀ ਕਰਦੇ ਹੁੰਦੇ ਸਨ। ਇਸੇ ਕਰਕੇ ਇਨਾਂ ਨੂੰ ਚੀਨੀ ਵਾਲਾ ਵੀ ਕਿਹਾ ਜਾਂਦਾ ਹੈ। ਅਸੀਂ ਨਾਮਧਾਰੀ ਇਨ੍ਹਾਂ ਨੂੰ ਬਾਰ੍ਹਵਾਂ ਗੁਰੂ ਵੀ ਮੰਨਦੇ ਹਾਂ। ਇਨ੍ਹਾਂ ਦੇ ਮੈਂ ਸਾਖਿਆਤ ਦਰਸ਼ਨ ਨਹੀਂ ਕੀਤੇ ਪਰ ਸ੍ਰੀ ਵਰਿਆਮ ਸਿੰਘ ਚਿਤ੍ਰਕਾਰ ਜੀ ਦੀ ਕਲਾ ਦੁਆਰਾ ਰੂਪਮਾਨ ਹੋਈਆਂ ਹੋਈਆਂ ਤਸਵੀਰਾਂ ਦੇ ਦਰਸ਼ਨ ਕੀਤੇ ਹਨ। ਜਿਨਾਂ ਤੋਂ ਪਤਾ ਲਗਦਾ ਹੈ ਕਿ ਮੇਰੇ ਚੀਨੀ ਵਾਲੇ ਪਾਤਸ਼ਾਹ ਸ੍ਵਛ ਬਸਤਰਾਂ ਦੇ ਧਾਰਨੀ ਤੇ ਬੜੇ ਸਿਦੇ ਸਾਦ ਪਹਿਰਾਵੇ ਵਾਲੇ ਸਨ। ਨਾਮ ਬਾਣੀ ਨਾਲ ਉਨਾਂ ਦਾ ਮੁਬਾਰਕ ਚਿਹਰਾ ਬੜਾ ਤੇਜਸੱਵੀ ਸੀ।

ਆਪ ਇਕ ਕਿਰਤੀ ਰਾਮਗੜ੍ਹੀਏ ਦੇ ਘਰ ਪ੍ਰਗਟ ਹੋਏ ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਤੇ ਮਾਤਾ ਸੱਦਾ ਕੌਰ ਜੀ ਸਨ। ਆਪਨੇ ਮਹਾਰਾਜਾ ਰਣਜੀਤ ਸਿੰਘ ਦੀ ਫੋਜ ਵਿਚ ਨੌਕਰੀ ਵੀ ਕੀਤੀ। ਉਸ ਵੇਲੇ ਇਨ੍ਹਾਂ ਨੇ ਚੰਗੀਤਰਾ ਜਾਣ ਲਿਆ ਕਿ ਸਿਖ, ਰਾਜ ਵਿਚ ਪੈਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਵਾਲੇ ਸਿਖ ਨਹੀਂ ਰਹੇ। ਮਾਇਆ ਘਰ ਕਰ ਗਈ ਹੈ। ਨਾਮ ਬਾਣੀ ਵਿਸਰ ਗਿਆ ਹੈ। ਤੇ ਫੁੱਟ ਦਾ ਵ ਸ਼ਿਕਾਰ ਹੋਏ ਪਏ ਹਨ। ਇਹ ਕਾਰਨ ਸੀ ਕਿ ਸਿਖਾਂ ਦੀ ਹਾਰ ਹੋਈ ਤੇ ਅੰਗ੍ਰੇਜ਼ਾ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਸਤਿਗੁਰਾਂ ਨੂੰ ਇਹ ਗੱਲ ਚੰਗੀ ਨਾ ਲੱਗੀ।

ਉਨ੍ਹਾਂ ਨੇ ਅੰਗ੍ਰੇਜ਼ ਦੀ ਗੁਲਾਮੀ ਨੂੰ ਬੜੀ ਚੰਗੀਤਰਾਂ ਮਹਿਸੂਸਿਆ। ਇਸਦੀਆਂ ਜੜ੍ਹਾਂ ਵਢਣ ਲਈ ਕੋਸ਼ਸ਼ ਸ਼ੁਰੂ ਕਰ ਦਿਤੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਖੇਰੂੰ ਖੇਰੂੰ ਹੋਈ ਸਿਖ ਕੋਮ ਨੂੰ ਮੁੜ ਜਥੇਬੰਦ ਕੀਤਾ ਇਹ ਜਥੇ-ਬੰਦੀ 'ਕੂਕਾ ਲਹਿਰ' ਦੇ ਨਾ ਨਾਲ ਪ੍ਰਸਿਧ ਹੋਈ, ਉਨ੍ਹਾਂ ਨੇ ਹਦਾਇਤ ਕੀਤੀ ਕਿ ਸਵੇਰੇ ਉਠਕੇ ਨਾਮ ਸਿਮਰਨ ਕਰਿਆ ਕਰੋ। ਸਾਦੇ ਤੇ ਸਾਫ ਰਹੋ। ਚੋਰੀ ਨਹੀਂ ਕਰੋ। ਮਾਸ, ਸ਼ਰਾਬ ਤੇ ਤਮਾਕੂ ਆਦਿ ਨਸ਼ਿਆਂ ਵਾਲੀ ਚੀਜ਼ਾਂ ਨਾ ਵਰਤੋ। ਕੁੜੀਆਂ ਨੂੰ ਨਾ ਮਾਰੋ। ਸਗੋਂ ਇਨ੍ਹਾ ਨੂੰ ਮੁੰਡਿਆਂ ਦੇ ਬਰਾਬਰ ਸਮਝੋ ਪੜ੍ਹਾਓ ਤੇ ਸਿਖਿਆ ਦਿਓ। ਵੱਟਾ ਨਾ ਕਰੋ। ਤੇ ਨਾ ਹੀ ਕਿਸੇ ਬੱਚੀ ਦੇ ਪਸੇ ਲਵੋ। ਵਹਿਮ ਤੇ ਭਰਮਾਂ ਤੋਂ ਪਾਕ ਹੋ ਜਾਉ। ਇਕੋ ਅਕਾਲ ਪੁਰਖ ਨੂੰ ਮੰਨੋ। ਅੰਗ੍ਰੇਜ਼ ਦੀ ਕੋਈ ਚੀਜ਼ ਨਾ ਵਰਤੋ। ਅਰ-ਥਾਤ ਬਦੇਸ਼ੀ ਕਪੜਾ ਬਦੇਸ਼ੀ ਖੰਡ, ਅੰਗ੍ਰੇਜ਼ਾਂ ਦੀ ਵਿਦਿਆ ਤੇ ਇਨ੍ਹਾਂ ਦੀਆਂ ਕਚਹਿਰੀਆਂ ਆਦਿ ਕਿਸੇ ਵੀ ਚੀਜ਼ ਦੀ ਵਰਤੋਂ ਨਾ ਕਰੋ। ਉਨ੍ਹਾਂ ਨੇ ਚੰਗੀਤਰਾਂ ਸਮਝਾ ਦਿਤਾ ਕਿ ਜੇ ਅਸੀਂ ਅੰਗ੍ਰੇਜ਼ ਦੇ ਨਾਲ ਕਿਸੇ ਕਿਸਮ ਦੀ ਮਿਲਵਰਤੋਂ ਰੱਖਾਂਗੇ ਤਾਂ ਗੁਲਾਮੀ ਦੀਆਂ ਜ਼ੰਜੀਰਾਂ ਪੱਕੀਆਂ ਹੋਣਗੀਆਂ ਤੇ ਗੁਲਾਮ

Sri Satguru Jagjit Singh Ji Elibrary NamdhariElibrary@gmail.com

ਬੜੀ ਬੁਰੀ ਚੀਜ ਹੈ ਆਪ ਅਜ਼ਾਦੀ ਦੇ ਆਸ਼ਕ ਸਨ। ਇਸ ਲਈ ਉਨਾਂ ਨੇ ਅਜਾਦੀ ਦਾ ਪਰਚਾਰ ਕੀਤਾ। ਉਨ੍ਹਾਂ ਦੀ ਨਾ ਮਿਲ ਵਰਤਨ ਦੀ ਲਹਿਰ ਏਨੀ ਜੋਰਾਂ ਵਿਚ ਹੋ ਗਈ ਕਿ ਜਦ ਅੰਗ੍ਰੇਜ ਹਕੂਮਤ ਨੇ ਡਿਠਾ ਤਾਂ ਕੰਬ ਉਠੀ। ਉਸਨੂੰ ਇਸ ਤੋਂ ਬਹੁਤ ਡਰ ਲੱਗਾ। ਹਕੂਮਤ ਨੇ ਇਨਾ ਤੇ ਨਿਗਰਾਨੀ ਕਰਨੀ ਸ਼ੁਰੂ ਕਰ ਦਿਤੀ ਤੇ ਏਨੀ ਕਰੜਾਈ ਕੀਤੀ ਕਿ ਮੇਰੇ ਚੀਨੀ ਵਾਲੇ ਪਾਤਸ਼ਾਹ ਨੂੰ ਜਲਾਵਤਨ ਕਰ ਦਿਤਾ।

ਉਹ ਇਕ ਬੜੇ ਵਡੇ ਦੇਸ਼ ਰਖਕ ਸਨ। ਇਨਾਂ, ਨੇ ਆਪਣੀ ਸਾਰੀ ਆਯੂ ਦੇਸ਼ ਤੇ ਕੌਮ ਵਾਸਤੇ ਖਰਚ ਕਰ ਦਿਤੀ। ਉਹ ਇਕ ਮਹਾਨ ਨੇਤਾ ਸਨ ਜਿਨਾਂ, ਕੌਮ ਤੇ ਦੇਸ਼ ਨੂੰ ਉਤਾਂਹ ਉਠਾਂਣ ਵਾਸਤੇ ਜਤਨ ਕੀਤਾ।

ਬੜਾ ਚੰਗਾ ਹੋਵੇ ਤੇ ਖੁਸ਼ੀ ਦੀ ਗੱਲ ਹੋਵੇ ਜੇ ਅਸੀ ਚੀਨੀ ਵਾਲੇ ਪਾਤਸ਼ਾਹ ਦੇ ਪਾਏ ਪੂਰਨਿਆਂ ਤੇ ਚਲੀਏ ਤੇ ਉਸ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਤਪ ਕਰੀਏ।

ਕਾਸ਼! ਕਿ ਉਹ ਆਪ ਦਰਸ਼ਨ ਦੇਣ ਤੇ ਸਾਡੇ ਸਾਰਿਆਂ ਤੇ ਮਿਹਰ ਦਾ ਹੱਥ ਰਖਣ।

ਇੰਤਜ਼ਾਰ

[ਕਾਕਾ ਗੁਰਚਰਨ ਸਿੰਘ ਪੰਛੀ ਪਿੰਡ ਪਿਥੋ

ਫੇਰਾ ਇਕ ਵਾਰੀ ਦੇਸ ਵਿਚ ਪਾ, ਸਤਿਗੁਰੂ ਚੀਨੀ ਵਾਲਿਆ।
ਆਕੇ ਵੇਖ ਪੰਥ ਤੇਰਾ ਕਰਦਾ ਪੁਕਾਰ ਏ।—ਕਰਦਾ.................
ਤੇਰੀ ਇੰਤਜ਼ਾਰ ਵਿਚ ਰੋਂਦਾ ਜ਼ਾਰੋ ਜ਼ਾਰ ਏ।—ਰੋਂਦਾ...............
ਆਕੇ ਇਕ ਵਾਰੀ ਦਰਸ ਦਿਖਾ। ਸਤਿਗੁਰੂ ਚੀਨੀ ਵਾਲਿਆ......
ਕੀਤਾ ਕੀ ਕਸੂਰ ਅਸਾਂ ਸਾਨੂੰ ਕਿਉਂ ਵਿਸਾਰਿਆ।—ਸਾਨੂੰ...........
ਤੂੰਹੀ ਚੀਨੀ ਵਾਲੇ ਆਕੇ ਜਗ ਨੂੰ ਸੀ ਤਾਰਿਆ।—ਜੱਗ..............
ਜੇ ਕੋਈ ਹੋਈ ਏ ਤੇ ਬਖਸ਼ਖਤਾ। ਸਤਿਗੁਰੂ ਚੀਨੀ ਵਾਲਿਆ......
ਰਖੀਆਂ ਉਡੀਕਾਂ ਅਸਾਂ ਦਿਲ ਵਿਚ ਤੇਰੀਆਂ।—ਦਿਲ...........
ਕਿਉਂ ਨਹੀ ਪੰਛੀ ਚੀਨੀ ਦੀਆਂ ਵਾਗਾਂ ਅਜੇ ਮੋੜੀਆਂ।—ਵਾਗਾਂ.........
ਆਕੇ ਅਖੀਆਂ ਦੀ ਪਿਆਸ ਬੁਝਾ। ਸਤਿਗੁਰੂ ਚੀਨੀ ਵਾਲਿਆ......
ਫੇਰਾ ਇਕ ਵਾਰੀ ਦੇਸ ਵਿਚ ਪਾ, ਸਤਿਗੁਰੂ ਚੀਨੀ ਵਾਲਿਆ।

ਸਿਆਮ ਨਿਵਾਸੀ ਨਾਮਧਾਰੀ ਭੈਣਾਂ ਵਲੋਂ ਪ੍ਰੀਤਮ ਦੀ ਯਾਦ ਵਿਚ

ਬਾਰਾਂ ਮਾਂਹ

ਚੇਤਰ ਚਿਤ ਹੈ ਮੇਰਾ ਉਦਾਸ ਹੋਇਆ, ਸਚੇ ਪਾਤਸ਼ਾਹ ਦਰਸ ਦਿਖਾਓ ਆਕੇ।
ਲਗੀ ਤਾਂਘ ਡਾਢੀ ਸਾਡੇ ਦਿਲਾਂ ਅੰਦਰ, ਝੋਲੀ ਖੈਰ ਦੀਦਾਰ ਦਾ ਪਾਓ ਆਕੇ।
ਹੋਇਆ ਕੀ ਗੁਨਾਹ ਕਸੂਰ ਮੈਥੋਂ ? ਨਾਲ ਚਰਨਾਂ ਦੇ ਹੁਣ ਲਗਾਓ ਆਕੇ।
ਸ੍ਵਾਸ ਸ੍ਵਾਸ ਸੁਰਜੀਤ ਪਈ ਯਾਦ ਕਰਦੀ, ਚੀਨੀ ਵਾਲੇ ਜੀ ਦਰਸ ਦਿਖਾਓ ਆਕੇ।
[ਸੁਰਜੀਤ ਕੌਰ ਸੁਰਜੀਤ ਸੁਪਤਨੀ ਸ: ਦਰਸ਼ਨ ਸਿੰਘ ਗੋਰੋਵਾੜਾ

ਚੜ੍ਹਿਆ ਆਨ ਮਹੀਨਾ ਵਿਸਾਖ ਜਦੋਂ, ਅੰਬਾਂ ਵਿਚੋਂ ਵੀ ਹੈ ਰਸ ਚੋ ਪਿਆ।
ਐਪਰ ਵਸਦਾ ਤੂੰ ਪ੍ਰਦੇਸ ਪ੍ਰੀਤਮ, ਜਿਊੜਾ ਜਿੰਦ ਨਿਮਾਣੀ ਦਾ ਰੋ ਪਿਆ।
ਕਿਤ ਦਰ ਜਾਵਾਂ, ਕਿਥੇ ਜਾ ਢੂਡਾਂ ? ਦਿਲ ਨੂੰ ਅੰਦਰੋ ਅੰਦਰ ਹੀ ਖੋਹ ਪਿਆ।
ਆਜਾ ਰੋਗ ਮਿਟਾ ਜੁਦਾਈ ਵਾਲਾ, ਦਿਲ ਡਾਹਡਾ ਬੇਤਾਬ ਹੈ ਹੋ ਪਿਆ।
[ਵਲੋਂ ਗੁਰਚਰਨ ਮਿਲਾਪ ਸੁਪਤਨੀ ਸ: ਜਗਜੀਤ ਸਿੰਘ ਗੋਰੋਵਾੜਾ

ਜੇਠ ਜੋ ਜੋ ਬੀਤੀਆਂ ਨਾਲ ਮੇਰੇ, ਘਰ ਆਵੇਂ ਤਾਂ ਦਸਾਂ ਮੈਂ ਹਾਲ ਪ੍ਰੀਤਮ।
ਰਾਤ ਕਟਦੀ ਹਾਂ ਗਿਣ-ਗਿਣ ਤਾਰੇ, ਦਿਨ ਬੀਤਦਾ ਹਾਵਿਆਂ ਨਾਲ ਪ੍ਰੀਤਮ।
ਚੰਨ ਸੂਰਜ ਤੋਂ ਪੁਛ ਮੈਂ ਹਾਰ ਥੱਕੀ, ਪਤਾ ਲਿਆ ਹੀ ਨਹੀਂ ਰਵਾਲ ਪ੍ਰੀਤਮ।
ਹੋਈਆਂ ਮੁਦਤਾਂ ਵਿਚ ਪ੍ਰਦੇਸ ਬੈਠੇ, ਕਰੋ ਪਰਤਨੇ ਦਾ ਹੁਣ ਖਿਆਲ ਪ੍ਰੀਤਮ।
[ਹਰਮਿੰਦਰ ਕੌਰ ਸੁਪਤਨੀ ਸ: ਤ੍ਰਲੋਕ ਸਿੰਘ ਚਾਵਲਾ

ਹਾੜ ਹਾਰ ਗਈ ਨੈਣਾਂ ਦੀ ਜੋਤ ਮੇਰੀ, ਚੰਨ ਬਦਲੀ ਹੇਠ ਛੁਪ ਚਲਿਆ ਜੀ।
ਸ਼ਾਮ ਪਈ ਮੁੜ ਆਂਵਦੇ ਘਰ ਪੰਛੀ, ਤੂੰ ਸੁਖ ਸੁਨੇਹੜਾ ਨਾ ਘਲਿਆ ਜੀ।
ਹੋ ਬਾਵਰੀ ਪਈ ਵਾਜਾਂ ਮਾਰਨੀ ਹਾਂ, ਜਿਸ ਰਾਹੋਂ ਪ੍ਰੀਤਮ, ਗਡਾ ਚੱਲਿਆ ਜੀ।
ਹੁਣ ਮੋੜ ਵਾਗਾਂ ਚੀਨੀ ਵਾਲਿਆ ਜੀ, ਮਾਹੀ ਕਿਓਂ ਸਾਡਾ ਦਿਲ ਸੱਲਿਆ ਜੀ।
[ਬੀਬੀ ਰਤਨਜੀਤ ਕੌਰ ਸਪੁਤਰੀ ਸ: ਭਾਗ ਸਿੰਘ ਚਾਵਲਾ

Sri Satguru Jagjit Singh Ji Elibrary NamdhariElibrary@gmail.com

ਸਾਵਨ ਸਾਰ ਨਹੀਂ ਜਾਨਦੇ ਤੂੰ ਪ੍ਰੀਤਮ , ਰਾਤਾਂ ਅਸਾਂ ਨੇ ਕਿਵੇਂ ਬਿਤਾਈਆਂ ਨੇ।
ਨੈਣੋਂ ਵਰਸਦੇ ਛਮਾ ਛਮ ਨਾਲ ਸਾਡੇ ਜਿਵੇਂ ਸਾਵਨ ਨੇ ਝੜੀਆਂ ਲਾਈਆਂ ਨੇ।
ਸੂਲਾਂ ਤਿਖੀਆਂ ਹੈ ਬਨਗਇਆ ਸਾਵਣ , ਖੰੜ ਵਿਚ ਨਾ ਕਲੀਆਂ ਆਈਆਂ ਨੇ।
ਤੜਫਨ ਦਿਲਾਂ ਦੀ ਵਿਚੋਂ ਆਵਾਜ ਨਿਕਲੇ, ਲੰਮੀਆਂ ਹੋਣ ਨਾ ਹੋਰ ਜੁਦਾਈਆਂ ਨੇ।

[ਬੀਬੀ ਗੁਰਦੀਪ ਕੌਰ ਦੀਪ ਸਪੁਤ੍ਰੀ ਸ: ਈਸ਼ਰ ਸਿੰਘ ਦਲੇਰ

ਭਾਦੋਂ ਭਾਗ ਜਗਾ ਨਿਮਾਨੜੀ ਦੇ, ਯਾਦ ਤੇਰੀ ਹੁਣ ਪ੍ਰੀਤਮ ਸਤਾ ਰਹੀਏ।
ਪਈ ਜਾਗ ਕਲੇਜੜ ਪੀੜ ਮੇਰੇ, ਬ੍ਰਿਹਾਂ ਵਾਲੜੀ ਸੀਨਾ ਠਕਰਾ ਰਹਾਏ।
ਸੀਨਾ ਹੋਵੰਦਾ ਜਾਵੰਦਾ ਛਾਨ ਮੇਰਾ, ਜਿਵੇਂ ਲਕੜੀ ਨੂੰ ਘੁਣ ਖਾ ਰਹੀਏ।
ਚਾਰ ਦਿਨਾਂ ਦਾ ਦਿਸਦਾ ਖੇਲ ਪ੍ਰੀਤਮ, ਆ ਮਿਲ ਜਿੰਦੜੀ ਵਾਸਤੇ ਪਾ ਰਹੀਏ।

[ਮਿੰਦਰ ਕੌਰ ਸੁਪਤਨੀ ਸ: ਪਿਆਰਾ ਸਿੰਘ

ਅੱਸੂ ਆਸ ਚਰੋਕਨੀ ਲਾਈ ਬੈਠੀ, ਕਦੋਂ ਆਨਕੇ ਆਸ ਪੁਜਾਓਗੇ ਜੀ।
ਰਾਹ ਤਕਦੇ ਚਿਤ ਬੇ ਧੀਰ ਹੋਇਆ, ਕਦੋਂ ਆਨਕੇ ਧੀਰ ਬੰਧਾਓਗੇ ਜੀ।
ਝੇਰੇ ਮੁੜਨ ਦਾ ਪੂਰਾ ਕਰਾਰ ਹੋਇਆ, ਕਦੋਂ ਆਨਕੇ ਦਰਸ ਦਿਖਾਓਗੇ ਜੀ।
ਛੇਤੀ ਆਓ ਪ੍ਰੀਤਮ ਬੀਰ ਅਰਜ ਕਰਦੀ, ਹੁਣ ਕਦ ਤਕ ਤੁਸੀਂ ਤੜਫਾਓਗੇ ਜੀ।

[ਜਸਬੀਰ ਕੌਰ ਸੁਪਤਨੀ ਸ: ਹਰਬਿੰਦਰ ਸਿੰਘ ਚਾਵਲਾ

ਕਤਕ ਕੀਤੇ ਗੁਨਾਹ ਨੇ ਮੇਰਿਆਂ ਨੂੰ, ਬਖਸ਼ ਦੇਵੋ ਹੁਣ ਚਰਨੀ ਲਾ ਪ੍ਰੀਤਮ।
ਲਗੀ ਸਿਕ ਹੈ ਚਿਰਾਂ ਤੋਂ ਦਰਸ਼ਨਾਂ ਦੀ, ਸਿਕ ਲਾਹ ਦੇਵੋ ਫੇਰਾ ਪਾ ਪ੍ਰੀਤਮ।
ਛੇਤੀ ਮੁੜਨ ਦਾ ਕਰ ਇਕਰਾਰ ਗਏ ਸੀ, ਬੈਠੀ ਰਾਹ ਤੇ ਨੈਣ ਵਿਛਾ ਪ੍ਰੀਤਮ।
ਮੇਰੇ ਦਿਲ ਦੀ ਧੜਕ ਦੀ ਸੜਕ ਉਤੇ, ਆਵੋ ਭੈਣੀ, ਚੀਨੀ ਦੁੜਾ ਪ੍ਰੀਤਮ।

[ਗੁਰਬਚਨ ਕੌਰ ਸੁਪਤਨੀ ਤੀਰਥ ਸਿੰਘ 'ਖਾਲਸਾ'

ਮਘਰ ਮਾਹ ਨਾਵਾਂ ਚੜਿਆ ਆਨ ਕੋਕੇ, ਅਠੇ ਬੀਤ ਗਏ ਔਂਸੀਆਂ ਪਾਂਦਿਆ ਜੀ।
ਆਇਆ ਸੁਖ ਸੁਨੇਹੜਾ ਨਾ ਕੋਈ, ਹੋਈਆਂ ਮੁਦਤਾਂ ਕਾਗ ਉਡਾਂਦਿਆਂ ਜੀ।
ਸਾਰਾ ਦਿਨ ਲੰਘੇ ਵਿਚ ਹਾਵਿਆਂ ਦੇ, ਤਾਰੇ ਗਿਣ ਗਿਣ ਰਾਤਾਂ ਲੰਘਾਂਦਿਆਂ ਜੀ।
ਅਜੇ ਆਏ ਨਾ ਮੁੜਕੇ ਦੇਸ ਪ੍ਰੀਤਮ, ਬੀਤੇ ਸਾਲ ਕਈ ਵਾਸਤੇ ਪਾਂਦਿਆਂ ਜੀ।

[ਪ੍ਰਕਾਸ਼ ਕੌਰ ਸੁਪਤਨੀ ਸ: ਗੁਰਬਖਸ਼ ਸਿੰਘ 'ਪ੍ਰੀਤਮ'

Sri Satguru Jagjit Singh Ji Elibrary NamdhariElibrary@gmail.com

ਪੋਹ ਪਾ ਵਿਛੋੜਾ ਤੂੰ ਅਸਾਂ ਤਾਂਈਂ, ੱਡ ਬੈਠਕੇ ਗਏ ਪ੍ਰਦੇਸ ਪ੍ਰੀਤਮ।
ਵੈਹਣ ਰੁਕ ਗਏ ਨਦੀਆਂ ਨਾਲਿਆਂ ਦ ਐਸਾ ਲਈ ਜੁਦਾਈ ਦਾ ਭੇਸ ਪ੍ਰੀਤਮ।
ਛੇਤੀ ਮੁੜਨ ਦਾ ਜਾਕੇ ਅਸਾਂ ਤਾਂਈਂ, ਨਿਤ ਲੰਘਦ ਰਹੇ ਸੰਦੇਸ਼ ਪ੍ਰੀਤਮ।
ਸਦਾ ਆਉਸੀਆਂ ਲੀਕਦੇ ਰਾਹ ਉਤੇ, ਜਿਸ ਰਾਹ ਗਏਂ ਛਡਕੇ ਦੇਸ ਪ੍ਰੀਤਮ।

[ਪਵਿਤ੍ਰ ਕੌਰ ਸੁਪਤਨੀ ਸ: ਰਛਪਾਲ ਸਿੰਘ ਨਰੂਲਾ

ਮਾਘ ਮੰਗਦੀ ਇਕੋ ਦੀਦਾਰ ਤੇਰਾ ਨਹੀਂ ਮੰਗਦੀ ਹੀਰੇ ਜਵਾਹਰ ਤੈਥੋਂ।
ਨਾਂ ਮੈ ਮੰਗਦੀ ਮਹਿਲ ਕੋਈ ਰਹਿਣ ਖਾਤਰ, ਸਦਾ ਕੌਰ ਦੇ ਨੰਦ ਕੁਮਾਰ ਤੈਥੋਂ।
ਜਿਸ ਝਲਕ ਨੂੰ ਤਰਸਦਾ ਜੱਗ ਸਾਰਾ, ਉਸ ਝਲਕ ਦੀ ਮੰਗ ਝਲਕਾਰ ਤੈਥੋ।
ਝੋਲੀ ਅੱਡ ਖੋਲਤੀ ਹਾਂ, ਖੈਰ ਪਾਦੇ, ਜਿਹੜੀ ਮੰਗਦੀ ਪਈ ਨਿਰੰਕਾਰ ਤੈਥੋ।

[ਕਰਤਾਰ ਕੌਰ ਸੁਪਤਨੀ ਸ. ਤਖਤ ਸਿੰਘ ਜਰਗਰ

ਫਗਣ ਪਾ ਫੇਰਾ ਫੇਰ ਵਤਨਾਂ ਨੂੰ, ਸਾਨੂੰ ਹੋ ਜਾਏ ਤੇਰਾ ਦੀਦਾਰ ਪ੍ਰੀਤਮ।
ਦੂਰ ਹੋ ਜਾਏ ਬ੍ਰਿਹੋਂ ਦੀ ਰਾਤ ਸਾਡੀ, ਹੋਕੇ ਚੀਨੀ ਜੇ ਆਵੇ ਸਵਾਰ ਪ੍ਰੀਤਮ।
ਬੂਟਾ ਆਸ ਵਾਲਾ ਹਰਾ ਹੋਏ ਸਾਡਾ, ਹੋਏ ਖੁਸ਼ੀ ਨਾਲ ਬਾਗੋ ਬਹਾਰ ਪ੍ਰੀਤਮ।
ਸਧਰ ਹੋ ਜਾਏ ਪੂਰੀ ਨਿਮਾਣੀਆਂ ਦੀ, ਮੁਕ ਜਾਏ ਉਡੀਕ ਦੀ ਲਾਰ ਪ੍ਰੀਤਮ।

[ਬੀਬੀ ਸੁਰਪਵਿਤ੍ਰ ਕੌਰ ਸਪੁਤ੍ਰੀ ਸ: ਦਰਸ਼ਨ ਸਿੰਘ ਗੋਰੋਵਾੜਾ

ਖੌਰੇ ਆ ਜਾਏ ਮਾਹੀ ਕਿ . ਕਿਧਰੋਂ, ਵਿਚ ਚੁਰਸਤੇ ਖਲੋ ਰਹੀ ਹਾਂ ਮੈਂ।
ਅਖੀਆਂ ਸਭ ਬਣਾਕੇ ਰੋਮਾਂ ਨੂੰ, ਵਾਟ ਪਿਆਰੇ ਦੀ ਜੋ ਰਹੀ ਹਾਂ ਮੈਂ।
ਹੰਝੂਆਂ ਨਾਲ ਚਰਨ ਧੋਆਂਗੀ, ਤਾਂਹੀਂ ਜੀ ਭਰਕੇ ਰੋ ਰਹੀ ਹਾਂ ਮੈਂ।
ਤਾਂਘ ਮੇਰੀ ਨੂੰ ਲੋਕ ਕੀ ਜਾਨਣ, ਸਮਝਦੇ ਨ੍ਹੇਰ ਢੋ ਰਹੀ ਹਾਂ ਮੈਂ।

[ਹਰਬੰਸ 'ਮਾਨ' ਨਰੋਬੀ'

[ਬੀ. ਕੇ. ਬਹਿਲ ਐਮ. ਏ. ਬੀ. ਟੀ. ਪਟੇਲ ਨਗਰ ਦਿਲੀ

ਸ੍ਰੀ ਗੁਰੂ ਰਾਮ ਸਿੰਘ ਜੀ ਗੁਰੂ ਕਿਉਂ ?

ਤੇ ਕਿਵੇਂ ?

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਦੇ ਧਾਰਮਕ ਸਰੀਰ ਵਿਚ ਇਨਕਲਾਬੀ ਰੂਹ ਭਰਕੇ ਲੋੜ ਅਨੁ-ਸਾਰ ਸਿਖੀ ਤੋਂ ਸਿੰਘੀ ਵਿਚ ਬਦਲ ਦਿਤਾ ਸੀ। ਇਹ ਕੰਮ ਕਰਕੇ ਆਪਨੇ ਸਮੇਂ ਦੀ ਬਾਦਸ਼ਾਹੀ ਹਕੂਮਤ ਨਾਲ ਟੱਕਰ ਲੈਣ ਲਈ ਅਕਾਲ ਤਖਤ ਦੀ ਸਥਾਪਣਾ ਕਰ ਸਿੱਖਾਂ ਹੱਥ ਤਲਵਾਰ ਪਕੜਾਈ ਤਾਂ ਜੋ ਉਹ ਜੱਬਰ ਤੇ ਤਸ਼ੱਦਦ ਦਾ ਮੁਕਾਬਲਾ ਕਰ ਸਕਣ। ਇਸ ਮਹਾਨ ਕੰਮ ਦੇ ਸਿਟੇ ਵਜੋਂ ਸਿਖ ਧਰਮ ਜੋ ਕਿ ਨਿਰੋਲ ਧਾਰਮਿਕ ਲੀਹਾਂ ਤੇ ਚਲਦਾ ਆ ਰਿਹਾ ਸੀ, ਰਾਜਨੀਤਕ ਪੱਥ ਤੇ ਤੁਰ ਪਿਆ ਤੇ ਆਪਣਾਂ ਰਾਜ ਕਾਇਮ ਕਰਨ ਵਿਚ ਕਾਮਯਾਬ ਹੋ ਗਿਆ। ਸਿਖ ਧਰਮ ਜਿਸ ਮੰਤਵ ਨੂੰ ਮੁਖ ਰਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਸੀ ਸਿਖ ਰਾਜ ਦੀ ਅਧੋਗਤੀ ਨਾਲ ਮੁੜ ਆਪਣੀ ਅਸਲੀ ਰਾਹ ਨੂੰ ਛਡਕੇ ਕੁਰਾਹੇ ਪੈਕੇ ਧਾਰਮਕ ਕੁਰੀਤੀਆਂ ਤੇ ਵਹਿਮਾਂ ਵਿਚ ਫਸ ਗਿਆ। "ਸਿਖ ਤਕਰੀਬਨ ਗੁਰ ਸਿਖੀ ਆਚਰਣ ਨੂੰ ਛੱਡਕੇ ਆਪਣੇ ਮੂੰਹ ਮੁਲਾਹਜਿਆਂ ਵਿਚ ਫਸਕੇ ਗੁਰਮਤ ਵਲੋਂ ਮੂੰਹ ਫੇਰਕੇ ਕੇਵਲ ਆਪਣੇ ਨਿਜੀ ਮਾਣ ਦੀ ਖਾਤਰ ਗੁਰਮਤ ਮਰਯਾਦਾ ਨੂੰ ਤੋੜ ਚੁਕੇ ਸਨ। ਗੁਰਮਤ ਦੀ ਵਿਰੋਧੀ ਸਪਿਰਟ ਮਨਮੱਤਾ ੧੭੯੦ ਤੋਂ ਲੈਕੇ ੧੮-੮੦-੮੫ ਤਕ ਸਿਖ ਧਾਰਮਕ ਸਰੀਰ ਵਿਚ ਪ੍ਰਵੇਸ਼ ਕਰੀ ਰਹੀ ਤੇ ਇਸਦੇ ਪ੍ਰਭਾਵ ਹੇਠ ਹੀ ਸਿਖ ਧਰਮ ਵਿਚ ਇਸਦੇ ਚਲਾਉਣ ਸਮੇਂ ਦੀ ਦਸ਼ਾ ਮੁੜ ਆ ਗਈ ਸੀ

ਕਲਿ ਕਾਤੀ ਰਾਜੇ ਕਾਸਾਈ
ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚਿ ਚੰਦਰਮਾ
ਦੀਸੈ ਨਾਹੀ ਕਹ ਚੜ੍ਹਿਆ।
ਹਉ ਭਾਲ ਵਿਕੁੰਨੀ ਹੋਈ।

ਇਸ ਸਮੇ ਵਿਚ ਕੁਝ ਰਹਿਤਨਾਮੇ ਨਵੇਂ ਘੜੇ ਗਏ ਜਿਵੇਂ ਕਿ ਭਾਈ ਭਗਵਾਨ ਸਿੰਘ ਜੀ ਰਹਿਤਨਾਮੀਏ ਦੇ "ਰਹਿਤ ਦਰਪਣ" ਤੋਂ ਪਤਾ ਚਲਦਾ ਹੈ ਤੇ ਕੁਝ ਰਹਿਤਨਾਮੇਂ ਜਾਣ ਬੁਝਕੇ ਵੀ ਵਿਗਾੜੇ ਗਏ। ਇਸ ਤਰਾਂ ਨਵੇਂ ਬਣੇ ਆਗੂਆਂ ਨੇਂ ਸਿਖਾਂ ਨੂੰ ਮੁੜ ਉਸੇ ਮਨਮਤ ਵਿਚ ਲਿਜਾ ਵਾੜਿਆ ਜਿਥੋਂ ਕਿ ਪਹਿਲਾਂ ਦਸ ਗੁਰੂ ਸਾਹਿਬਾਂ ਨੇ ਬੜੀ ਮੁਸ਼-ਕਲ ਇਨ੍ਹਾਂ ਨੂੰ ਕਢਿਆ ਸੀ।"*

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਕੇ ਸਿਖ ਧਰਮ ਵਿਚ ਇਨਕਲਾਬੀ ਅੰਗ ਨੂੰ ਸਜੀਤ ਰਖਣ ਲਈ ਰਹਿਤਨਾਮੇ ਲਿਖਵਾਏ ਤਾਂ ਜੋ ਸਿਖ ਇਨ੍ਹਾਂ ਰਹਿਤ ਬਹਿਤ ਦੇ ਨੇਮਾਂ ਦੇ

*ਪੰਜਾਬ ਦੀਆਂ ਲਹਿਰਾਂ ਕ੍ਰਿਤ ਸ਼ਮਸ਼ੇਰ ਸਿੰਘ ਅਸ਼ੋਕ ਪੰਨਾ ੨੧ ਐਡੀਸ਼ਨ ੧੯੫੪

Sri Satguru Jagjit Singh Ji Elibrary NamdhariElibrary@gmail.com

ਧਾਰਨੀ ਹੁੰਦੇ ਹੋਏ ਆਦਰਸ਼ਕ ਧਾਰਮਕ ਜੀਵਨ ਤੋਂ ਦੂਰ ਨਾ ਜਾਣ ਤੇ ਸਿਖੀ ਨੂੰ ਪੂਰਨ ਭਾਂਤ ਸਜੀਵਤ ਰਖਣ। ਇਸ ਰਹਿਤ ਮਰਯਾਦਾ ਦੇ ਸਦਕੇ ਹੀ ਸਿਖ ਰਾਜ ਸਥਾਪਤ ਹੋਇਆ। ਇਸ ਰਾਜ ਦੀ ਅਧਗਤੀ ਦਾ ਕਾਰਣ ਵਧੇਰੇ ਕਰਕੇ ਸਿਖਾਂ ਦਾ ਰਹਿਤ ਮਰਯਾਦਾ ਛਡਕੇ ਮਨਮਤ ਵਿਚ ਪ੍ਰਵੇਸ਼ ਕਰਨਾ ਹੀ ਸੀ। ਇਸੀ ਮਨਮਤ ਦੇ ਚਕਰ ਵਿਚ ਘੁਮੇਰੇ ਖਾਂਦੇ ਹੋਏ ਆਤਮਕ ਪੱਖ ਵਿਚ ਹੀਣੇ ਹੋਕੇ ਆਪਣੀ ਆਤਮਕ, ਧਾਰਮਕ ਤੇ ਕੌਮੀ ਅਣਖ ਨੂੰ ਭੁਲਕੇ ਖੁਦਗਰਜੀ ਦੀ ਭੱਠੀ ਵਿਚ ਪੈ ਗਏ। ਸਿਖਾਂ ਵਿਚ ਦਸਮ ਪਾਤਸ਼ਾਹ ਦੀ ਸਾਂਝੀ ਖਾਲਸੇ ਵਾਲੀ ਸਪਿਰਟ ਖਤਮ ਹੋਕੇ ਆਪਣੀਆਂ ਸਰਦਾਰੀਆਂ ਦੇ ਚੱਕਰ ਅਰੰਭ ਹੋ ਗਏ ਤੇ ਸਿਖਧਰਮ ਹਰ ਪਖ ਵਿਚ ਨਿਵਾਣ ਵਲ ਬਹਿ ਗਿਆ। ਇਸਦੇ ਧਾਰਮਕ ਪੱਖ ਨੂੰ ਨਿਰੰਕਾਰੀ ਲਹਿਰ ਨੇ ਮੁੜ ਸੁਰਜੀਤ ਕਰਨਾ ਚਾਹਿਆ ਜੋ ਕਿ ਸਿਖ ਧਾਰਮਕ ਸ਼ਰੀਰ ਵਿਚ ਕੇਵਲ ਇਕ ਪਖੀ ਜੀਵਨ ਭਰਨ ਦਾ ਉਪਰਾਲਾ ਸੀ। ਇਹ ਧਾਰਮਕ ਪੱਖ ਤਾਈਂ ਸੀਮਤ ਜਤਨ ਸਿਖੀ ਸਰੀਰ ਵਿਚ ਦਸਮ ਪਾਤਸ਼ਾਹ ਦੀ ਖਾਲਸਈ ਰੂਹ ਭਰਨ ਵਿਚ ਅਸਮਰਥ ਸਿਧ ਹੋਇਆ। ਇਸ ਪੂਰਨ ਜੀਵਨ ਨੂੰ ਸਿਖਾਂ ਵਿਚ ਮੁੜ ਲਿਆਉਣ ਦਾ ਕੰਮ ਸ੍ਰੀ ਗੁਰੂ ਰਾਮ ਸਿੰਘ ਜੀ ਨਾਮਧਾਰੀ ਨੇਤਾ ਨੇ ਕੀਤਾ। ਆਪਨੇ ਮੁੜ ਖਾਲਸਈ ਸਪਿਰਟ ਨੂੰ ਇਸ ਹਦ ਤੋੜੀ ਭਰਿਆ ਕਿਉਹਨੇ ਸਿਰਫ ਸਿਖਾਂ ਵਿਚ ਹੀ ਨਹੀਂ ਸਗੋਂ ਭਾਰਤੀ ਸੁਤੰਤਰਤਾ ਦੀ ਧੈਲੀ ਵਿਚ ਵੀ ਇਕ ਬੀਜ ਦਾ ਕੰਮ ਸਾਰਿਆ। ਸੋ ਆਪਦੇ ਇਨਕਲਾਬੀ, ਧਾਰਮਕ ਤੇ ਸਦਾਚਾਰਕ ਅੰਸ਼ ਨੇ ਦਸਮ ਪਾਤਸ਼ਾਹ ਦੇ ਪਰਭਾਵ ਤੋਂ ਵੀ ਇਕ ਕਦਮ ਅਗਾਂਹ ਪੁਟਿਆ। ਇਸ ਮਹਾਨਨੇਤਾ ਦੇ ਉਚੇ ਜੀਵਨ ਇਤਿਹਾਸ ਵਿਚ ਦ੍ਰਿਸ਼ਟੀ ਸੁਟਣ ਤੇ ਪਤਾ ਚਲਦਾ ਹੈ ਕਿ ਆਪ ਸਿਖ ਗੁਰੂ ਸਾਹਿਬਾਂ ਦੀ ਪਾਲ ਵਿਚ ਖੜੇ ਲਗਦੇ ਹਨ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਬਿ: ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਨੀਂਹ ਰਖੀ, ਐਨ ਉਸੀ ਵੈਸਾਖੀ ਵਾਲੇ ਦਿਹਾੜੇ ਬਿਕਰਮੀ ਸੰਮਤ ੧੯੧੪ ਵਿਚ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਆਪਣੇ ਮਹਾਨ ਸੰਤ ਖਾਲਸਾ ਦੀ ਨੀਂਹ ਐਨ ਉਸੀਤਰ੍ਹਾਂ ਰਖੀ। ਸ੍ਰੀ ਕਲਗੀਧਰ ਜੀ ਦੇ ਪੰਜਾਂ ਪਿਆਰਿਆਂ ਦੀ ਯਾਦ ਮੁੜ ਪੰਜਾਂ ਸੰਤ ਖਾਲਸਿਆਂ ਨੂੰ ਨਾਮ ਦੇਣ ਉਪਰੰਤ ਅੰਮ੍ਰਿਤ ਛਕਾਕੇ ਤਾਜ਼ੀ ਕੀਤੀ। ਦਸਮੇਸ਼ ਜੀ ਦੀ ਤਰਾਂ ਆਪਨੇ ਸੰਤ ਖਾਲਸਿਆਂ ਲਈ ਰਹਿਤ ਮਰਯਾਦਾ ਸਥਾਪਤ ਕੀਤੀ ਤੇ ਸਿਖਾਂ ਨੂੰ ਇਸਦੇ ਪਰਚਾਰਨ ਦੀ ਆਗਿਆ ਦਿਤੀ। ਇਹ ਰਹਿਤ ਮਰਯਾਦਾ ਸ੍ਰੀ ਕਲਗੀਧਰ ਜੀ ਦੀ ਰਹਿਤ ਮਰਯਾਦਾ ਤੋਂ ਕੁਝ ਵਧੇਰੇ ਇਨਕਲਾਬੀ ਅੰਸ਼ ਰਖਦੀ ਹੈ।

ਇਸ ਰਹਿਤ ਮਰਯਾਦਾ ਦੇ ਧਾਰਮਕ ਤੇ ਸਦਾਚਾਰਕ ਪੱਖ ਵਿਚ "ਮਾਸ, ਸ਼ਰਾਬ, ਚੋਰੀ, ਯਾਰੀ, ਤੇ ਝੂਠ ਬੋਲਣ" ਤੋਂ ਪਰਹੇਜ਼ ਬਿਆਜ ਨਾ ਲੈਣਾ, ਜਿਨਸ ਦੇਕੇ ਸਵਾਈ ਜਾਂ ਡਿਉੜੀ ਨਾ ਲੈਣੀ ਸਰਬ ਸ਼ਕਤੀਵਾਨ ਅਕਾਲ ਪੁਰਖ ਤੋਂ ਛੁਟ ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਮਾਣਤਾ ਨਹੀਂ ਕਰਨੀ, ਖੰਡੇ ਦੀ ਪਹੁਲ ਦਾ ਅੰਮ੍ਰਿਤ ਛਕਣਾ, ਸਿਧੇ

ਦਸਤਾਰ ਰਖਣੀ, ਗਊ ਰਖਿਆ, ਪੰਜਾਂ ਕਕਾਰਾਂ ਦੀ ਮਰਯਾਦਾ ਪਾਲਣਾਂ, ਅੰਮ੍ਰਿਤ ਵੇਲੇ ਸਣੇ ਕੇਸੀਂ ਇਸਨਾਨ ਕਰਨਾ ਤੇ ਨਾਮ ਬਾਣੀ ਜਪਣੀ, ਅਹਿੰਸਾ ਦਾ ਪਾਲਣ ਕਰਨਾ" ਦੇ ਅੰਸ਼ਾਂ ਨੂੰ ਪਰਾਤਨ ਰਹਿਤ ਮਰਯਾਦਾ ਵਿਚ ਇਵੇਂ ਪਉਦੇ ਹਾਂ-

ਪ੍ਰਥਮ ਰਹਿਤ ਯਹਿ ਜਾਣ,
ਖੰਡੇ ਕੀ ਪਾਹੁਲ ਛਕੇ.
ਕੱਛ ਕਿਰਪਾਨ ਨਾ ਕਬਹੁੰ ਤਿਆਗੈ।
ਸਨਮੁਖ ਲਰੈ ਨ ਰਣ ਤੇ ਭਾਗੈ
ਪਰਨਾਰੀ ਜੂਆ ਅਸਤ,
ਚੋਰੀ ਮਦਰਾ ਪਾਣ,
ਪਾਂਚ ਐਬ ਯਹਿ ਜਗਤ ਮੈਂ,
ਤਜੈ ਸੁ ਸਿੰਘ ਸਜਾਨ।
ਵਾਹਗੁਰ ਬਿਨ ਕਹੈ ਜੁ ਪਾਵੈ।
ਵੇਸ਼ਯਾ ਦਵਾਰ ਸਿਖ ਜਾਵੈ।
ਪਰ ਇਸਤਰੀ ਸਿਉਂ ਨੇਹੁ ਲਗਾਵੈ।
ਗੋਬਿੰਦ ਸਿੰਘ ਵਹੁ ਸਿਖ ਨਾ ਭਾਵੈ।*

ਕੁੜੀਆਂ ਮਾਰਨ, ਵੇਚਣ, ਵੱਟੇ ਦੇ ਸਾਕ ਤੇ ਬਾਲ ਵਿਆਹ ਦੀ ਉਕਾ ਹੀ ਮਨਾਹੀ ਦਾਜ ਲੈਣ ਦੇਣ ਦੀ ਨਖੇਧੀ ਤੇ ਵਿਧਵਾ ਵਿਆਹ ਦੀ ਖੁਲ ਆਦਿਕ ਸਮਾਜਕ ਪੱਖ ਦੇ ਅੰਸ਼ ਵੀ ਸ੍ਰੀ ਗੁਰੂਰਾਮ ਸਿੰਘ ਜੀ ਨੇ ਅਪਣੀ ਰਹਿਤ ਮਰਯਾਦਾ ਵਿਚ ਸ਼ਾਮਲ ਕੀਤੇ ਜੋ ਪੁਰਾਤਨ ਰਹਿਤ ਮਰਯਾਦਾ ਵਿਚ ਇਵੇਂ ਮਿਲਦੇ ਹਨ:।

ਗੁਰੂ ਕਾ ਸਿਖ ਸ਼ਰਾਬ ਨ ਪੀਵੈ, ਕੁੜੀ ਮਾਰ ਨਾਲ ਨਾ ਵਰਤੇ ਕਨਿਜਾ ਦਾ ਪੈਸਾ ਨਾ ਖਾਏ।
ਨਾਕ ਕਾਨ ਨਾ ਛੇਦੇ ਅਖੰਡ ਰਹੇ।
ਅਨੰਦ ਬਿਨਾ ਵਿਆਹ ਨਾ ਕਰੇ।

ਪਰ ਰਾਜਨੀਤਕ ਪਖ ਵਿਚ ਸ੍ਰੀ ਗੁਰੂ ਸਾਹਿਬ (ਸ੍ਰੀ ਗੁਰੂ ਰਾਮ ਸਿੰਘ ਜੀ) ਨੇ ਦਸਮੇਸ਼ ਜੀ ਦੀ ਮਰਯਾਦਾ ਤੋਂ ਕੁਝ ਹੋਰ ਵਾਧੇ ਕੀਤੇ। ਆਪਨੇ ਪੂਰੀ ਤਰਾਂ ਨਾਲ ਬਦੇਸੀ ਸਰਕਾਰ ਦਾ ਵਿਰੋਧ ਕਰਨ ਲਈ ਸਰਕਾਰੀ ਵਿਦਿਆ, ਨੌਕਰੀ, ਅਦਾਲਤਾਂ, ਡਾਕ ਆਦਿਕ ਦਾ ਪੂਰਨ ਬਾਈਕਾਟ ਕੀਤਾ ਇਹ ਇਨ੍ਹਾਂ ਦੇ ਸੰਤ ਖਾਲਸਾ ਵਿਚ ਦਸਮੇਸ਼ ਜੀ ਦੁਆਰਾ ਸਜੇ ਖਾਲਸੇ ਨਾਲੋਂ ਇਸ ਪੱਖ ਵਿਚ ਵਧੇਰੇ ਪਰਭਾਵ ਸ਼ਾਲੀ ਕਦਮ ਸਿਧ ਹੋਇਆ। ਜਿਥੇ ਕਿ ਦਸਮੇਸ਼ ਜੀ ਨੇ ਮਨਖੀ ਏਕਤਾ, ਕੌਮੀ ਭਵਿਖ ਉਸਾਰੀ ਤੇ ਆਦਰਸ਼ਕ ਕਾਈ ਚਾਰਕ ਸੁਧਾਰ ਨੂੰ ਮੁਖ ਰਖਕੇ ਖਾਲਸੇ ਨੂੰ ਸਾਜਿਆ ਲੇਕਿਨ ਇਸਤਰੀ ਨੂੰ ਖਾਲਸਈ ਗੁਣ ਦੇ ਧਾਰਨ ਕਰਨ ਤੋਂ ਬਾਂਝਿਆਂ ਰਖਿਆ ਉਥੇ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਨੂੰ ਅੰਮ੍ਰਤ ਛਕਾ ਕੇ ਖਾਲਸਈ ਸਪਿਰਟ ਭਰਪੂਰ ਬਣਾਇਆ ਤੇ ਇਸਤਰੀ ਉਧਾਰ ਅੰਸ਼ ਆਪਣੀ ਰਹਿਤ ਮਰਯਾਦਾ ਵਿਚ ਸ਼ਾਮਲ ਕਰਕੇ ਦਸਮੇਸ਼ ਜੀ ਦੁਆਰਾ ਗੁਰ ਸਿਖੀ ਦੀ ਇਨਕਲਾਬੀ ਸਪਿਰਟ ਨੂੰ ਸਿਖ ਸਮਾਜ ਵਿਚ ਪੂਰਨ ਭਾਂਤ ਪਰਚਾਰਿਆ। ਇਹ ਆਪਦੇ ਪੂਰਨ ਸਿਖ ਸਮਾਜ ਨੂੰ ਇਨਕਲਾਬੀ ਬਣਾਉਣ ਦਾ ਜਤਨ ਸੀ। ਸੋ ਆਪਨੇ ਕੇਵਲ ਇਕ ਪੱਖੀ ਮੰਤਵ ਨੂੰ ਨਹੀ ਲਿਆ ਤੇ ਆਪਦੇ ਕੰਮ ਅਰੰਭਣ ਸਮੇਂ ਦੋ ਪਾਸੀ ਮੰਤਵ ਸੀ। ਜਿਥੇ ਦਸਮੇਸ਼

* ਪੰਜਾਬ ਦੀਆਂ ਲਹਿਰਾਂ ਕ੍ਰਿਤ ਸ਼ਮਸ਼ੇਰ ਸਿੰਘ ਅਸ਼ੋਕ ਪੰਨੇ ੧੩ ਤੋਂ ੧੫ਐਡੀਸ਼ਨ੧੯੫੪

Sri Satguru Jagjit Singh Ji Elibrary NamdhariElibrary@gmail.com

ਜੀ ਦਾ ਕੰਮ ਵਧੇਰੇ ਕਰਕੇ ਨੌ ਗੁਰੂ ਸਾਹਿਬਾਂ ਦੇ ਜਤਨਾਂ ਨਾਲ ਧਾਰਮਕ ਤੇ ਸਦਾਚਾਰਕ ਪੱਖ ਵਿਚ ਕਾਫੀ ਹਦ ਤਕ ਸੁਧਾਰਿਆ ਜਾ ਚੁਕਾ ਸੀ ਤੇ ਸਿਖਾਂ ਵਿਚ ਕੇਵਲ ਇਨ ਕਲਾਬੀ ਸਿਖੀ ਅੰਸ਼ ਭਰਨ ਦੀਲੋੜ ਸੀ ਉਥੇ ਸੀ ਗੁਰੂ ਸਾਹਿਬ ਜੀ ਦੀ ਟੱਕਰ ਇਕ ਪਾਸੇ ਧਾਰਮਕ ਤੇ ਸਦਾਚਾਰਕ ਪੱਖ ਵਿਚ ਅਨ-ਮਤੀਆਂ ਤੇ ਮਨਮਤੀਆਂ ਨਾਲ ਸੀ ਤੇ ਦੂਜੇ ਪਾਸੇ ਸਮੇਂ ਦੀ ਅੰਗਰੇਜ਼ੀ ਸਰਕਾਰ ਨਾਲ ਸੀ।

ਦਸਮ ਪਾਤਸ਼ਾਹ ਨੇ ਸਿਖੀ ਸਪਿਰਟ ਲਈ ਵਹਿਮਾਂ ਤੇ ਕੁਰੀਤੀਆਂ ਵਿਚ ਫਸੇ ਲੋਕਾਂ ਨੂੰ ਖਾਲਸਾ ਪੰਥ ਸਾਜਕੇ ਇਹ ਭਾਸ਼ਨ ਦਿਤਾ :–

"ਕੋਈ ਵੀ ਸ਼ਾਸਤਰਾਂ ਵਿਚ ਕਹੇ ਗਏ, ਪੂਜਾ ਦੇ ਸਥਾਨਾਂ ਤੇ ਰੀਤਾਂ ਨੂੰ ਨ ਮੰਨੇ। ਰਾਮ ਕ੍ਰਿਸ਼ਨ, ਬ੍ਰਹਮਾ, ਦੁਆਰਾ ਆਦਿ ਅਵਤਾਰਾਂ ਦੀ ਪੂਜਾ ਨਾ ਕਰੇ ਪਰੰਤੂ ਗੁਰੂ ਨਾਨਕ ਤੇ ਦੂਜੇ–ਸਿਖ ਗੁਰੂਆਂ ਤੇ ਭਰੋਸਾ ਰਖੇ।"‡

ਪਰ ਸ੍ਰੀ ਗੁਰੂ ਸਹਿਬ ਜੀ ਨੇ ਸੰਤ ਖਾਲਿਸਆਂ ਨੂੰ ਆਗਿਆ ਦਿਤੀ ਕਿ।'

"ਮੜੀ ਮਸਾਣੀ ਢਹਿਕੇ
ਕਰਿ ਦਿਓ ਮਾਦਾਨਾ,

ਜੋ ਆਪ ਦੇ ਅਦੇਸ਼ ਅਨੁਸਾਰ ਨਾਮ–ਧਾਰੀਆਂ ਨੂੰ ਮੜੀਆਂ ਮਸਾਣੀਆਂ ਤੇ ਕਬਰਾਂ ਦੀਢਾਹ ਭੰਨ ਬਦਲੇ ਉਸ ਸਮੇਂ ਦੀ ਸਰਕਾਰ ਵਲੋਂ ਕਈ ਸਜਾਵਾਂ ਦਿਤਾਆਂ ਗਈਆਂ ਤੇ ਜ਼ੁਰਮਾਨੇ ਵੀ ਕੀਤੇ ਗਏ।, †

ਆਪ ਦੀ ਦੂਜੇ ਬੰਨੇ ਅੰਗਰੇਜ਼ੀ ਸ੍ਰਕਾਰ ਨਾਲ ਟੱਕਰ ਤੇ ਰਾਜਨੀਤੀ ਦੀਆਂ ਮੁਰਦਾ ਹੱਡੀਆਂ ਵਿਚ ਰੂਹ ਫੂਕ ਦਿਤੀ। ਆਪ ਦਾ ਅੱਗਰਜ਼ੀ ਸਰਕਾਰ ਵਿਰੁਧ ਚੁਕਿਆ ਕਦਮ ਬਹੁ ਪੱਖੀ ਸੀ। ਇਸ ਵਿਚ ਆਰਥਕ ਪਖ ਵਿਚ ਨਾ ਮਿਲਵਰਤੋਂ ਤੇ ਸੁਦੇਸ਼ੀ ਦਾ ਧਾਰਨ ਕਰਨਾ, ਸਮਾਜਕ ਪੱਖ ਵਿਚ ਕੌਮੀ ਗਠ ਜੋੜ ਤੇ ਸਿਖ ਫੌਜੀ ਜੀਵਨ ਸੰਚਾਰ, ਮੁਖੀ ਉਦੇਸ਼ ਸਨ। ਆਪ ਦੁਆਰਾ ਚਲਾਇਆ ਰਾਜ ਪ੍ਰਬੰਧ ਤੇ ਵਿਸ਼ੇਸ਼ ਕਰਕੇ ਕੂਕਾ ਪੋਸਟਲ ਸਿਸਟਮ ਆਪ ਦੀ ਵਿਰੋਧੀ ਅੰਗਰੇਜ਼ੀਸਰਕਾਰਦੁਆਰਾ ਵੀ ਸਲਾਹਿਆ ਗਿਆ ਸੀ! ਆਪ ਦੇ ਇਸ ਕਦਮਾਂ ਨੇ ਦੇਸ਼ ਦੀ ਸੁਤੰਤ੍ਰਾ ਦੇ ਮਹਾਨ ਸੰਗ੍ਰਾਮ ਦੀਆ ਨੀਹਾਂ ਬਨ੍ਹੀਆਂ ਗਾਂਧੀ ਜੀ ਨੇ ਇੰਡੀਅਨ ਨੈਸਨਲ ਕਾਂਗਰਸ ਵਿਚ ਇਨਕਲਾਬੀ ਅੰਸ ਭਰਕੇ ਸਿਧੀ ਟੱਕਰ ਲਈ। ਤੇ ਉਹਨਾ ਦੇ ਸੁਤੰਤ੍ਰਤਾ ਪਰਾਪਤੀ ਲਈ ਵਰਤੇ ਸਾਧਨਾਂ(ਨਾਮਿਲਵਰਤੋਂ ਸ੍ਵਦੇਸੀ ਪਿਆਰ)ਦਾ ਵੀ ਸ੍ਰੀ ਗੁਰੂ ਸਹਿਬ ਜੀ ਦੁਆਰਾ ਹੀ ਬੀਜਿਆ ਗਿਆ ਸੀ। ਇਸ ਦਾ ਫਲ ਅੱਜ ਸਾਡੇ ਸਾਹਮਣੇ ਫਲੀ ਭੂਤ ਹੋਇਆ ਵਿਖਾਈ

(ਬਾਕੀ ਦੇਖੋ ਸਫਾ ੮੩)

‡ "ਲੈਟ ਨੋ ਵਨ ਸ਼ੁਡ ਪੇ ਹੀਡ ਟੂ ਦੀ ਗੋਂਜਿਜ਼ ਐਂਡ ਅਦਰ ਪਲੇਸਿਜ ਆਫ ਵਰਸ਼ਿਪ ਵਿਚ ਆਰ ਸਮੇਕਨ ਆਫ ਵਿਧ ਰਾਵਰੈਂਸ ਇੰਨ ਦੀ ਸ਼ਾਸਤ੍ਰਾਜ਼ਾ, ਐਡੋਰ ਇਨਕਾਰਨੇਸ਼ਨਜ਼ ਸੱਚ ਐਜ਼ਰਾ, ਕ੍ਰਿਸ਼ਨ, ਬ੍ਰਹਮਾ, ਦੁਰਗਾ ਬੱਟ ਬਲੀਵ ਇੰਨ ਗੁਰੂ ਨਾਨਕ ਐਂਡ ਅਦਰ ਸਿਖ ਗੁਰੂਜ਼ਾ" (ਸਿਖ ਰੀਲੀਜਨ ਬਾਈ ਮੈਕਾਲਫ, ਵੌਲੀਊਮ) ਪੰਜਵੀਂ ਛੇਵੀਂ ਪੰਨਾ ੬੩

† ਪੰਜਾਬ ਦੀਆਂ ਲਹਿਰਾਂ ਕ੍ਰਿਤ ਸ਼ਮਸ਼ੇਰ ਸਿੰਘ ਅਸ਼ੋਕ ਐਡੀਸ਼ਨ ੧੯੫੪ ਪੰਨਾ ੧੨੯

ਸ੍ਰ: ਗੁਰਬਖਸ਼ ਸਿਘ ਸ਼ੌਕ ਅਫਰੀਕਾ

ਅਰਜੋਈ

ਹੇ ਸੂਰਗ ਦੀ ਅਮਰ ਜਜੋਤਿ ! ਹੇ ਆਕਾਸ਼–ਚੰਨ ਨਾਲੋਂ ਲੱਖਾਂ ਗੁਣਾਂ ਸੁੰਦਰ, ਸੀਤਲ ਤੇ ਪ੍ਰਕਾਸ਼ ਮਈ ! ਤੈਨੂੰ ਕੋਟਾਨ ਕੋਟ ਨਮਸਕਾਰ !

ਧੰਨ ਤੂੰ, ਧੰਨ ਤੇਰੀ ਭਾਗ ਭਰੀ ਭੈਣੀ, ਧੰਨ ਜਨਨੀ ਤੇ ਜਨਇਤਾ ਪਿਤਾ ਅਤੇ ਬੰਧੂ ਤੇਰੀ ਅਲੰਕਾਰਾਂ 'ਚ ਚੱਲਣ ਵਾਲੀ ਚੀਨੀ, ਤੇਰੀ ਮਾਲਾ, ਰੜਵਾ, ਚਰਨ ਪਾਦਿਕਾ ਸ਼ੁਭ ਧੰਨ ਹਨ। ਹੇ ਅਨੰਤ ਕਲਾ ਦੇ ਠਾਕਰ, ਦੁਆਦਸ ਗੁਰਾ ! ਧੰਨ ਤੇਰਾ ਪ੍ਰਕਾਸ਼ ਉਤਸਵ ਜਿਨ੍ਹੇ ਨਿਮਾਣੀ ਬਸੰਤ ਨੂੰ ਏਨਾਂ ਮਾਣ ਦਿਤਾ ਕਿ ਜਦ ਤਾਂਈ ਦੁਨੀਆਂ ਰਹੇਗੀ, ਬਸੰਤ ਦਾ ਨਾਓਂ ਭੀ ਚਮਕਦਾ ਰਹੇਗਾ। ਤੇਰੇ ਸੁਭ ਦਿਨ ਦੀ ਖੁਸ਼ੀ ਵਿਚ ਕਲੀਆਂ ਹੱਸੀਆਂ, ਫੁੱਲਖਿੜ ਖਿੜਾਏ, ਬਨ ਮਹਿਕੇ ਕੋਇਲਾਂ ਨੇ ਕੂਕ ੨ ਕੀਰਤਨ ਕੀਤਾ ਤੇ ਬੁਲਬੁਲਾਂ ਨੇ ਬਸੰਤ ਦੇ ਸਦਾ ਸੁਹਾਗਨ ਸੋਹਣ ਲਈ ਬੇਨਤੀਆਂ ਕੀਤੀਆਂ। ਧਰਤੀ ਤੇ ਇਹ ਪਹਿਲਾ ਦਿਨ ਸੀ ਜਦ ਵਿਮਾਨਾਂ ਵਿਚ ਬੈਠੇ ਆਕਾਸ਼ ਦੇ ਦੇਵਤਿਆਂ ਨੇ ਭੀ ਇਕ ਵਾਰ ਤੇਰੇ ਦਰਸ਼ਨ ਦੀ ਲਾਲਸਾ ਕੀਤੀ।

ਅਨਾਥਾਂ ਨਾਥ ! ਇਹ ਸੱਚ ਹੈ ਕਿ ਤੂੰ ਨਿਰਾਕਾਰ ਰੂਪ ਵਿਚ ਹਰ ਵੇਲੇ ਸਾਡੇ ਅੰਗ ਸੰਗ ਹੈਂ। ਪਰੰਤੂ ਸਾਡੀ ਸਰਗੁਣ ਸਰੂਪ ਵੇਖਣ ਦੀ ਚਾਹ ਭੀ ਤਾਂ ਵਿਅਰਥ ਨਹੀਂ। ਅਤੇ ਕੀ ਇਹ ਚਾਹ ਭੀ ਤੇਰੀ ਆਪਣੀ ਪ੍ਰੇਰਨਾ ਨਹੀਂ ? ਕੀ ਇਕ ਸਿੱਖ ਦਾ ਆਦਰਸ਼ ਆਪਣੇ ਗੁਰੂ ਦੇ ਪਰਤੱਖ ਦਰਸ਼ਨ ਨਹੀਂ ?

ਤਾਂਤੇ ਆ ! ਆ ਦੀਨ ਦਯਾਲ–ਸਾਡੀ ਮਰਯਾਦਾ ਦੀ ਕਚਿਆਈ ਤੇ ਸੁੱਚ ਸੋਧ ਦੀ ਅਣਗਹਿਲੀ ਵਲਾਂ ਧਿਆਨ ਨ ਦਿੰਦਾ ਹੋਇਆ, ਸਾਡੇ ਪਾਠ, ਵਰਨੀਆਂ ਤੇ ਪ੍ਰਯੋਗ ਸਦੀਵੀ ਕਾਰ ਕਰ !

ਹੇ ਜਗਤ ਪਿਤਾ ! ਇਸ ਮਨੁਸ਼ਾ ਜਨਮ ਦੀ ਸਫਲਤਾ ਹੈ ਹੀ ਤੇਰਾ ਦੀਦਾਰ ! ਦਾਤਾ ! ਤੇਰੀ ਕ੍ਰਿਪਾ ਦੁਆਰਾ ਅਜ ਘਰ ੨ ਨਾਮ ਧਾਰਾ ਬਹਿ ਰਹੀ ਹੈ। ਤੇਰਾ ਹਰੀ ਰੂਪ ਪਰਤਾਪ ਹਰੀ ਹਰ ਪ੍ਰਾਨੀ ਮਾਤਰ ਦੇ ਰਿਦੇ ਗਿਆਨ ਗੰਗਾ ਪ੍ਰਵਾਹਿਤ ਕਰਨ ਦੇ ਯਤਨ ਵਿਚ ਤਤਪਰ ਹੈ।

ਚੀਨੀ ਦੇ ਹੇ ਅਲੌਕਿਕ ਅਸਵਾਰ ! ਭਾਰਤ ਮਾਤਾ ਦੇ ਗੌਰਵ, ਬਾਵੀ ਕੁਲ ਦੇ ਮਾਨ ਅਤੇ ਨਾਨਕ ਮਿਸ਼ਨ ਦੀ ਸ਼ਾਨ ਤੂੰ ਬੁਧ ਦੀ ਸ਼ਾਂਤੀ, ਤੁਲਸੀ, ਸੂਰ, ਮੀਰਾਂ, ਦੀ ਭਗਤੀ, ਪਰਤਾਪ ਦੀ ਬਹਾਦਰੀ ਕਰਨ ਦੀ ਦਿਆਲਤਾ, ਰਾਮ ਦੀ ਮਰਯਾਦਾ ਅਤੇ ਕ੍ਰਿਸ਼ਨ ਦਾ ਗਿਯਾਨ ਲੈਕੇ ਅਵਤਰਿਆ। ਬੱਸ ਹੁਣ ਆ ਤੇ ਢਿਲ ਨ ਕਰ ਤੇਰੇ ਪ੍ਰਯਤਨਾਂ ਦੁਆਰਾ ਪ੍ਰਾਪਤ ਹੋਈ ਭਾਰਤ ਦੀ ਸੁਤੰਤ੍ਰਤਾ ਅਧੂਰੀ ਹੈ ਅਤੇ ਅਧੂਰਾ ਹੈ ਸ਼ੌਕ ਦਾ ਜੀਵਨ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ।

ਚੀਨੀ ਵਾਲੇ ਪਾਤਸ਼ਾਹ ।



ਅੰਮ੍ਰਿਤਸਰ ਰਾਮ ਬਾਗ਼ ਦਰਵਾਜ਼ੇ ਦੇ ਬਾਹਰ ਗਊ ਰਖਸ਼ਾ ਬਦਲੇ ਨਾਮਧਾਰੀ ਸ਼ਹੀਦ ਬੋਹੜ ਨਾਲ ਆਪਣੀ ਹਥੀਂ ਰੇਸ਼ਮ ਦੇ ਰੱਸਿਆਂ ਨਾਲ ਫਾਂਸੀ ਦੇ ਝੂਟੇ ਲੈ ਰਹੇ ਹਨ ।



ਪਿਛਲੇ ਸਾਲ ਸ੍ਰੀ ਪੰਡਤ ਜਵਾਹਰ ਲਾਲ ਜੀ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ
ਯਾਤ੍ਰਾ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਆਏ।

ਰਛਪਾਲ ਸਿੰਘ ਬੇ-ਵਤਨ ਅਨੰਦ ਪ੍ਰਬਤ ਦਿਲੀ

ਚਲੋ ਪੁਛੀਏ ਅੱਜ ਬਸੰਤ ਨੂੰ

ਚਲੋ ਪੁਛੀਏ ਅੱਜ ਬਸੰਤ ਨੂੰ—ਤੂੰ ਤੇ ਗਈਏਂ ਆ।
ਆਪਣੇ ਸਾਥ ਨੂੰ ਕਿਉਂ ਨਿਖੇੜਿਆ, ਜ਼ਰ ਸਾਨੂੰ ਏਹ ਸਮਝਾ।
ਤੂੰ ਜਿਸ ਦੇ ਨਾਲ ਸੈਂ ਸੋਭਦੀ, ਉਹ ਨੂੰ ਛਡਿਆਈ ਅੱਜ ਭੁਲਾ।
ਉਹਨੇ ਪਾਣੀ ਪਾ ਕੇ ਪ੍ਰੇਮ ਦਾ, ਤੇਰਾ ਬੂਟਾ ਦਿਤਾ ਸੀ ਲਾ।
ਹੁਣ ਜੋਬਨ ਤੈਨੂੰ ਆਗਿਆ, ਤੂੰ ਲਿਆ ਨੀ ਰੰਗ ਵਟਾ।
ਉਨ ਗੁੰਦ ਗੁੰਦ ਹਾਰ ਫੁਲਾਂ ਦੇ, ਤੇਰੇ ਗਲ ਵਿਚ ਦਿਤੇ ਪਾ।
ਉਹ ਨੂੰ ਵੇਸ਼ ਕੇਹੜੇ, ਵਿਚ ਛਡਕੇ, ਆਪ ਗਈਏਂ ਆ।
ਨੀ ਤੱਕ ਤੱਕ ਉਸ ਦੇ ਰਾਹਾਂ ਨੂੰ, ਅਸਾਂ ਅੱਖਾਂ ਲਈਆਂ ਥਕਾ।
ਨੀ ਬਾਝ ਪੀਆ ਦੇ ਭੈੜੀਏ, ਨ ਏਡੇ ਫੈਸ਼ਨ ਲਾ।
ਨ ਪਹਿਨ ਬਸੰਤੀ ਕਪੜੇ, ਨ ਐਵੇਂ ਰੰਗ ਰੁਲਾ।
ਨ ਲਾਕੇ ਹਾਰ ਸ਼ਿੰਗਾਰ ਤੂੰ, ਲੋਕਾਂ ਨੂੰ ਪਈ ਵਿਖਾ।
ਤੂੰ ਖੁਸ਼ੀਆਂ ਮਾਨ ਨ ਐਡੀਆਂ, ਤੈਨੂੰ ਕਾਹਦਾ ਅਜ ਉਮਾਹ।
ਨੀ ਬੈਠ ਵਕਤ ਨੂੰ ਕੱਢ ਲੈ ਜ਼ਰਾ ਮਨ ਦੇ ਸ਼ੌਂਕ ਘਟਾ।
ਅੜੀਏ! ਸਾਡੇ ਦਿਲ ਨੂੰ ਸਾੜ ਨਾ, ਨ ਮੋਇਆਂ ਨੂੰ ਤੜਫਾ।
ਨ ਵੇਖ ਵੇਖਕੇ ਹੱਸ ਤੂੰ, ਸਾਨੂੰ ਹੋਰ ਨ ਅਜ ਰੁਆ।
ਨੀ ਸਾਡਾ ਪੀਆ ਬੈਠਾ ਪ੍ਰਦੇਸ ਵਿਚ, ਸਾਨੂੰ ਕਹਦਾ ਚੜ੍ਹਿਆ ਚਾ।

ੴ—ੴ—ੴ

(੯੧ ਸਫੇ ਦੀ ਬਾਕੀ)

ਪੈਂਦਾ ਹੈ। ਇਸ ਮਹਾਨ ਸੰਗਰਾਮ ਦੀਆਂ ਨੀਹਾਂ ਆਪ ਨੇ ਹੀ ਪਾਈਆਂ ਭਾਵੇਂ ਜਨਤਾ ਉਨਾਂ ਤੋਂ ਪੂਰੀ ਤਰਾਂ ਜਾਣੂ ਨਹੀਂ। ਸੋ ਸ੍ਰੀ ਗੁਰੂ ਸਹਿਬ ਜੀ ਦੀ ਗੁਰੂ ਵਿਅਕਤੀ ਸਿਰਫ਼ ਸਿਖ ਧਰਮ ਵਿਚ ਹੀ ਨਹੀਂ ਸਗੋਂ ਭਾਰਤੀ ਸੁਤੰਤ੍ਰਤਾ ਦੇ ਖੇੜੇ ਵਿਚ ਵੀ ਇਕ ਚਾਨਣ-ਮੁਨਾਰੇ ਦੇ ਰੂਪ ਵਿਚ ਖੜੀ ਹੈ। ਧਾਰਮਕ ਰੂਪ ਵਿਚ ਹੀ ਨਹੀਂ ਸਗੋਂ ਇਤਿਹਾਸਕ ਤੇ ਰਾਜਨੀਤਕ ਪਖ ਵਿਚ ਪਤਨ ਹੋ ਚੁਕੇ ਸਿਖਾਂ ਅੰਦਰ ਇਕ ਅਵਤਾਰ ਧਾਰਕੇ ਮੁੜ ਧਾਰ-ਮਕ ਤੇ ਖਾਲਸਈ ਖੇੜਾ ਲਿਆਂਦਾ। ਐਸੀ ਮਹਾਨ ਕਰਨੀ ਵਾਲੀ ਵਿਅੱਕਤੀ ਦੀ ਸਨ-ਮਾਣਤਾ ਜੇਕਰ ਸਿਖ ਧਰਮਾਂ ਵਿਚ ਗੈਰ ਫਿਰਕੂ ਹੋਕੇ ਗੁਰੂ ਰੂਪ ਵਿਚ ਨਾ ਕੀਤੀ ਜਾਵੇ ਤਾਂ ਇਕ ਬਹੁਤੀ ਦੁਖਦਾਈ ਗੱਲ ਹੈ।

Sri Satguru Jagjit Singh Ji Elibrary NamdhariElibrary@gmail.com

[ਅਮਰ ਭਾਰਤੀ

ਆਪਣੇ ਨਿਸ਼ਾਨੇ ਤੇ ਕੰਮਾਂ ਨੂੰ

ਸੋਧਣ ਦੀ ਲੋੜ

ਦੇਸ ਕਾਲ ਅਨੁਸਾਰ ਸਾਡੀਆਂ ਲੜਾਈਆਂ ਵੀ ਰੂਪ ਤੇ ਢੰਗ ਬਦਲ ਦੀਆਂ ਰਹਿਦੀਆਂ ਹਨ। ਪਿਛਲੇ ਸਮਿਆਂ ਦੀਆਂ ਦੁਨੀਆਂ ਭਰ ਦੀਆਂ ਅਜ਼ਾਦੀ ਦੀਆਂ ਲੜਾਈਆਂ ਜਾਂ ਸਮਾਜ ਸੁਧਾਰਾਂ ਲਈ ਲੜੀਆਂ ਗਈਆਂ ਲੜਾਈਆਂ ਉਤੇ ਜੇ ਝਾਤੀ ਮਾਰੀਏ, ਤਾਂ ਉਨਾਂ ਦਾ ਬਾਹਰੀ ਰੂਪ ਧਾਰਮਕ ਜਾਪਦਾ ਹੈ।

ਅਰਬ ਵਿਚ ਮੁਹੰਮਦ ਸਾਹਬ, ਯੂਰਪ ਵਿਚ ਈਸਾ ਮਸੀਹ ਏਸ਼ੀਯਾ ਵਿਚ ਕ੍ਰਿਸ਼ਨ-ਬੁਧ ਆਦਿ ਇਹ ਸਾਰੇ ਹੀ ਮਹਾਂ ਪੁਰਖ ਆਪਣੇ ਵੇਲੇ ਦੇ ਰਾਜਸੀ ਨੇਤਾ ਰਹੇ ਹਨ ਔਰ ਸਾਰੇ ਹੀ ਬਾਦ ਵਿਚ ਪੈਕੰਬਰ ਤੇ ਅਵ-ਤਾਰ ਬਣਾ ਦਿਤੇ ਗਏ।

ਏਸੇ ਰੌਸ਼ਨੀ ਵਿਚ ਅਸੀਂ ਆਪਣੇ ਦੇਸ ਦੀਆਂ (ਪਿਛਲੀਆਂ ਕੁਝ ਸਦੀਆਂ ਦੀਆਂ ਲੜਾਈਆਂ ਵਲ ਵੇਖੀਏ ਤਾਂ ਉਨ੍ਹਾਂ ਦਾ ਰੰਗ ਰੂਪ ਵੀ ਇਕਪਖੀ ਧਾਰਮਕ ਜਿਹਾ ਬਣਿਆਂ ਦਿਸਦਾ ਹੈ ਗੁਰੂ ਨਾਨਕ ਗੁਰੂ ਅਰਜਨ ਦੇਵ ਗੁਰੂ ਗੋਬਿੰਦ ਸਿੰਘ ਤੇ ਗੁਰੂਰਾਮ ਸਿੰਘ ਜੀ ਦੇ ਸਾਰੇ ਕੰਮਾ ਨੂੰ ਆਮ ਤੌਰ ਤੇ ਧਾਰਮਕ ਰੰਗਣ ਮਿਲੀ ਹੋਈ ਹੈ ਪਰ ਉਨਾਂ ਦੇ ਜਿਨੇ ਵੀ ਉਲੇਖ ਜੋਗ ਕੰਮ ਹਨ, ਜਿਨ੍ਹਾਂ ਨੂੰ ਯਾਦ ਕਰਦਿਆਂ ਹੀ ਉਨ੍ਹਾਂ ਦੀ ਮਹਾਨਤਾ ਵੱਲ ਧਿਆਨ ਚਲਾ ਜਾਂਦਾ ਹੈ,—ਓਹ ਸਾਰੇ ਹੀ ਰਾਜਸੀ ਜਾਂ ਸਮਾਜਕ ਸੁਧਾਰਾਂ ਦੇ ਲਖਾਇਕ ਹਨ। ਇਨ੍ਹਾਂ ਵਿਚੋਂ ਕਿਸੇ ਨੇ ਵੀ ਅੱਜ ਦੇ ਅਰਥਾਂ ਵਾਲੀ ਧਾਰਮਕ ਲੜਾਈ ਨਹੀਂ ਲੜੀ ਸਭਨਾ ਨੇ ਸੁਧਾਰਾਂ ਤਬਦੀਲੀਆਂ ਤੇ ਅਜ਼ਾਦੀ ਦੀ ਲੜਾਈ ਹੀ ਲੜੀ। ਈਸਾ, ਮੁਹੰਮਦ ਬੁਧ ਕ੍ਰਿਸ਼ਨ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਸਭਨਾ ਦੇ ਕਾਰਨਾਮੇ ਸਾਡੇ ਸਾਹਮਣੇ ਹਨ। ਗੁਰੂ ਨਾਨਕ ਬਾਰੇ ਕੋਈ ਕਹਿ ਸਕਦਾ ਹੈ ਕਿ ਉਹ ਸਿਰਫ ਹਿੰਦੂਆਂ ਦੇ ਹੀ ਗੁਰੂ ਸਨ? (ਸਿਖੀ ਰੂਪ ਤਾਂ ਚਲਿਆ ਹੀ ਬਾਦ ਵਿਚ ਹੈ) ਗੁਰੂਅਰਜਨਦੇਵ ਬਾਰੇ ਕੋਈਕਿਵੇਂਕਹੇਗਾਕਿ ਉਹਸਿਰਫਸਿਖਾਂ ਦੇ ਧਾਰਮਕ ਗੁਰੂ ਹੀ ਸਨ? ਜਿਨ੍ਹਾਂ ਨੇ ਹਿੰਦੁਸਤਾਨ ਦੇ ਚੁਣੇ ਹੋਏ ਕਵੀਆਂ, (ਚਾਹੇ ਓਹ ਹਿੰਦੂ ਸਨ ਜਾਂ ਮੁਸਲਮਾਨ, ਚੁਮਾਰ ਸਨ ਜਾਂ ਛੀਂਬੇ ਤੇ ਨਾਈ) ਦੀ ਰਚਨਾ ਸੰਗ੍ਰਹ ਕਰਕੇ 'ਆਦਿ ਬੀੜ' ਬਣਾ ਦਿਤੀ। ਹਰਿ ਮੰਦਿਰ ਦੀ ਨੀਂਹ ਹੀ ਮੁਸਲਮਾਨ ਪੀਰ ਕੋਲੋਂ ਰਖਵਾਈ। ਤੇ ਗੁਰੂ ਗੋਬਿੰਦ ਸਿੰਘ ਬਾਰੇ ਵੀ ਇਹੋ ਸਤਿ ਹੈ ਕਿ ਉਹ ਸਿਰਫ ਹਿੰਦੂਆਂ ਦੀ ਰਖਿਆ ਲਈ ਹੀ ਨਹੀਂ ਸਨ ਲੜਦੇ (ਭਾਵੇਂ ਅੱਜ ਇਸ ਗਲ ਦੀ ਕਿਨੀ ਵੀ ਵਕਾਲਤ ਕੀਤੀ ਜਾ ਰਹੀ ਹੈ) ਜੇ ਇੰਜ ਹੁੰਦਾ ਤਾਂ ਦੋ ਕੁਜੀਆਂ ਵਿਚ ਹਥ

ਪਾਉਣ ਵਾਲੀ ਗਲ, ਇਕ ਵੇਲੇ ਔਰੰਗਜੇਬ ਦੇ ਵਿਰੁਧ ਪਹਾੜੀ ਹਿੰਦੂ ਰਾਜਿਆਂ ਨਾਲ ਸਾਂਝਾ ਮੋਰਚਾ, ਤੇ ਦੂਜੇ ਵੇਲੇ (ਜਦੋਂ ਪਹਾੜੀ ਰਾਜਆਂ ਨੂੰ ਆਪਣੀਆਂ ਗਦੀਆਂ ਬਾਰੇ ਚਿੰਤਾ ਪੈਦਾ ਹੋ ਗਈ ਤੇ ਉਹ ਮੁਸਲਮਾਨ ਔਰੰਗਜ਼ੇਬ ਨਾਲ ਜਾ ਮਿਲੇ) ਉਨ੍ਹਾਂ ਹੀ ਪਹਾੜੀ ਰਾਜਿਆਂ ਵਿਰੁਧ ਜੰਗ ਤੇ ਮੁਸਲਮਾਨ ਪੀਰ ਬੁਧੂ ਸ਼ਾਹ ਦੀ ਮਦਦ, ਨਬੀ ਤੇ ਗਨੀ ਦੀ ਸਹਾਇਤਾ ਨਾਲ ਦੁਸ਼ਮਨ ਦੇ ਘੇਰੇ ਚੋਂ ਨਿਕਲਨਾ, ਭਾਈ ਘਨਈਯੇ ਵਾਲਾ ਕਿੱਸਾ, ਇਹ ਸਭ ਗਲਾਂ ਦਸਦੀਆਂ ਹਨ ਕਿ ਉਹ ਕੋਈ ਨਿਰੋ ਪੂਰੀ ਧਾਰਮਕ ਲੜਾਈ ਨਹੀਂ ਸਨ ਲੜ ਰਹੇ, ਸਗੋਂ ਰਾਜਸੀ ਹਿਤਾਂ ਲਈ ਕਦੀ ਆਪਣੇ ਨਾਲ ਰਹੇ ਹੋਏ ਮਸੰਦਾਂ ਤਕ ਨੂੰ ਵੀ ਸਾੜ ਸਕਦੇ ਸਨ।

(ਅਸਲ ਵਿਚ ਦੇਸ਼ ਦੀ ਹਰ ਔਕੜ ਨੂੰ ਦੂਰ ਕਰਨਾਂ ਹੀ ਉਹ ਆਪਣਾ ਧਰਮ ਸਮਝਦੇ ਸਨ, ਅਜ ਦੇ ਮਜ਼ਬਾਂ ਨੇ ਧਰਮ ਦੀ ਰੂਪ ਰੇਖਾ ਹੀ ਬਦਲ ਦਿਤੀ ਹੈ।)

ਇਸੇ ਹੀ ਦ੍ਰਿਸ਼ਟੀਕੋਨ ਤੋਂ ਗੁਰੂ ਰਾਮ ਸਿੰਘ ਜੀ ਬਾਰੇ ਵਿਚਾਰ ਕਰਨੀ ਹੈ। ਅਸਾਂ ਆਪਣੇ ਮਹਾਂ ਪੁਰਖਾਂ ਨੂੰ ਜਿਨਾਂ ਜਿਆਦਾ ਧਾਰਮਕ ਤੇ ਫਿਰ ਸਿਰਫ ਮਨੁਖੀ ਅਬਾਦੀ ਦੀ ਛੋਟੀ ਤੋਂ ਛੋਟੀ ਇਕਾਈ ਦਾ ਨੁਮਾਂਇਦਾ ਬਣਾ ਦਿਤਾ। ਉਨਾਂ ਦੀ ਮਹਾਨਤਾ ਓਨੀ ਹੀ ਸੁੰਗੜਦੀ ਚਲੀ ਗਈ। ਅਜ ਗੁਰੂ ਨਾਨਕ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਤਕ ਦੇ ਵਾਰਸ, ਸਿਰਫ ਸਿਖ ਹੀ ਆਪਣੇ ਆਪਨੂੰ ਸਮਝਦੇ ਹਨ ਹੋਰ ਕਿਸੇ ਦਾ ਉਨ੍ਹਾਂ ਤੇ ਕੋਈ ਦਾਹਵਾ ਨਹੀਂ, ਤੇ ਜੇ ਮੰਨਦੇ ਵੀ ਹਨ ਤਾਂ ਹਿੰਦੂ ਧਰਮ ਦੇ ਰਖਿਅਕ ਦੇ ਨਾਤੇ, ਮਨੁਖਤਾ ਦੇ ਰਖਿਅਕ ਦੇ ਨਾਤੇ ਨਹੀਂ। ਗੁਰੂ ਰਾਮ ਸਿੰਘ ਜੀ ਨੂੰ ਵੀ ਕਈਆਂ ਵਲੋਂ ਏਸੇ ਤਰਾਂ ਸਿਖਾਂ ਦੀ ਇਕ ਛੋਟੀ ਜਿਹੀ ਇਕਾਈ ਨੁਮਾਂਇਦਾ ਬਣਾ ਦਿਤਾ ਗਿਆ ਹੈ। ਕੀ ਸੀ ਉਨ੍ਹਾਂ ਦੀ ਤਹਿਰੀਕ! ਕੀ ਸੀ ਉਸਦਾ ਰੂਪ, ਕਿਵੇਂ ਉਹਨਾਂ ਦੀ ਲੜਾਈ ਲੜੀ ਗਈ, ਤੇ ਉਨਾਂ ਦਾ ਨਿਸ਼ਾਨਾ ਕੀ ਸੀ? ਇਸ ਗੱਲ ਵਲ ਬੜਾ ਘਟ ਧਿਆਨ ਦਿਤਾ ਜਾ ਰਿਹਾ ਹੈ, ਮਾਨੋ ਜਿਨ੍ਹਾਂ ਕੰਮਾਂ ਕਰਕੇ ਓਹ ਇਤਿਹਾਸਕ ਵਿਭੂਤੀ ਬਣੇ ਉਨ੍ਹਾਂ ਨੂੰ ਵਿਸਾਰ ਕੇ ਕੇਵਲ ਉਨਾਂ ਦੀ ਕੁਝ ਧਾਰਮਕ ਰਸਮਾਂ ਨੂੰ ਹੀ ਉਨ੍ਹਾਂ ਦੀ ਸਾਰੀ ਕੀਰਤੀ ਬਣਾ ਦਿਤਾ ਹੈ। ਪਰ ਨਹੀਂ, ਅਜ ਅਸਾਂ ਵਿਗਿਆਨ ਦੇ ਯੁਗ ਵਿਚ ਜੀਊ ਰਹੇ ਹਾਂ, ਤੇ ਸਾਨੂੰ ਵਿਗਿਆਨਕ ਦ੍ਰਿਸ਼ਟੀ ਕੋਨ ਤੋਂ ਵੀ ਉਹਨਾਂ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

ਹਿੰਦ ਵਿਚ ਉਸ ਵੇਲੇ ਥਾਂ ਥਾਂ ਬਗਾਵਤਾਂ ਫੁਟ ਰਹੀਆਂ ਸਨ, ਕਿਤੇ ਸੰਥਾਲ ਬਗਾਵਤ ਹੋ ਰਹੀ ਸੀ ਤੇ ਕਿਤੇ ਨੀਲ ਵਿਦਰੋਹ, ਹਥਿਆਰ ਬੰਦ ਟਕਰਾਂ ਓਦੋਂ ਨਿਤ ਦਾ ਕੰਮ ਸਨ ਪਰ ਫਿਰ ਵੀ ਸਭ ਥਾਂਈ ਲੜਾਈ ਦੇ ਰੂਪ ਤੇ ਢੰਗ ਵਖਰੇ ਵਖਰੇ ਸਨ।

ਪੰਜਾਬ ਲਗਾਤਾਰ ਲੜਾਈ ਵਿਚੋਂ ਲੰਘ ਕੇ ਆ ਰਿਹਾ ਸੀ ਅੰਗਰੇਜ਼ ਦਾ ਸਿਕਾ ਨਵਾਂ ਨਵਾਂ ਹੀ ਜਮਿਆ ਸੀ, ਲੋਕ ਹੰਭੇ ਹੋਏ ਸਨ। ਅਜਿਹੇ ਵੇਲੇ ਇਕ ਲੰਮੀ ਜੱਦੋ ਜਹਿਦ ਚਲਾਓਣ ਲਈ ਲੋਕਾਂ ਨੂੰ ਤਿਆਰ ਕਰਨਾ ਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ। ਦੂਜੇ ਸੂਬਿਆਂ ਵਿਚ ਲੜਾਈ ਦਾ ਰੂਪ ਜੇ ਆਬਿਆਨਿਆਂ ਤੇ ਟੈਕਸਾਂ ਵਿਰੋਧੀ ਸੀ ਤਾਂ ਏਧਰ ਉਸਦਾ ਰੂਪ ਅੰਗਰੇਜ਼ੀ ਮਾਲ ਦਾ ਬਾਈਕਾਟ

ਰੇਲ ਡਾਕਖਾਨਿਆਂ ਤੇ ਅੰਗਰੇਜ਼ ਦੀਆਂ ਕੱਢੀਆਂ ਨਹਿਰਾਂ ਤੱਕ ਦੇ ਬਾਈਕਾਟ ਦੇ ਰੂਪ ਵਿਚ ਸਾਹਮਣੇ ਆਇਆ। ਹਾਲਾਂ ਓਦੋਂ ਬੁਚੜਾਂ ਦੇ ਖਿਲਾਫ ਕੋਈ ਲੜਾਈ ਨਹੀਂ ਸੀ ਫਿਰ ਵੀ ਅੰਗਰੇਜ਼ੀ ਮਾਲ ਦਾ ਪੂਰਨ ਬਾਈਕਾਟ ਕਰਨ ਦੀ ਲਹਿਰ ਚਲਾਈ ਗਈ। ਲੋਕਾਂ ਨੂੰ ਨਾਮਧਾਰੀ ਲਹਿਰ ਵਲ ਖਿਚਣਦੇ ਦਿਨਾਂ ਵਿਚ ਅਜਿਹੀ ਕਿਸੇ ਗੱਲ ਦਾ ਸੰਕੇਤ ਨਹੀ ਮਿਲਦਾ ਜਿਸਤੋਂ ਇਸ ਲਹਿਰ ਦੇ ਇਕ ਦਮ ਧਾਰਮਕ ਹੋਣ ਬਾਰੇ ਪਤਾ ਲਗੇ ਪਰ ਇਹ ਜਰੂਰ ਪਤਾ ਲਗਦਾ ਹੈ ਕਿ ਲੋਕਾਂ ਨੂੰ ਬਦੇਸ਼ੀ ਬਾਈਕਾਟ ਕਰਨ ਤੇ ਆਪਣੀ ਪੰਜਾਬੀ ਭਾਸ਼ਾ ਤੇ ਦੇਸੀ ਮਾਲ ਦੀ ਵਰਤੋਂ ਤੇ ਜ਼ੋਰ ਦਿਤਾ ਜਾਂਦਾ ਸੀ।

ਨਾਮਧਾਰੀ ਅੰਦੋਲਨ ਜੇ ਨਿਰਾ ਧਾਰਮਿਕ ਹੀ ਸੀ ਤਾਂ ਅੰਗ੍ਰੇਜ਼ਾਂ ਨੂੰ ਉਸਤੋਂ ਖ਼ਤਰਾ ਕਿਉ ਪੈਦਾ ਹੋਇਆ? ਇਹ ਸਚਾਈ ਤਾਂ ਹਰ ਕੋਈ ਜਾਣਦਾ ਹੈ ਕਿ ਅੰਗ੍ਰੇਜ਼ਾਂ ਦੀ ਨੀਤੀ ਪਾੜੋ ਤੇ ਰਾਜ ਕਰੋ ਦੀ ਸੀ। ਫਿਰ ਜੇ ਨਾਮਧਾਰੀਆਂ ਦੇ ਕੰਮਾਂ (ਬੁਚੜ ਬਧ)ਨਾਲ ਧਾਰਮਕ ਖਿਚੋਤਾਨ ਵਧਦੀ ਸੀਤਾਂ ਅੰਗ੍ਰੇਜ ਕਿਓਂ ਘਬਰਾ ਗਏ? ਦੇਸੀ ਰਿਆਸਤਾਂ ਦੇ ਮਹਾਰਜੇ ਰਈਸ ਜੈਲਦਾਰ ਆਦਿ ਕਿਉਂ ਅੰਗ੍ਰੇਜ ਹਾਕਮਾਂ ਨੂੰ ਸਫਾਰਸ਼ਾਂ ਕਰਦੇ ਸਨ ਕਿ ਨਾਮਧਾਰੀਆਂ ਨਾਲ ਵਧ ਤੋਂ ਵਧ ਸਖਤੀ ਕੀਤੀ ਜਾਏ, ਹਾਲਾਂ ਪਟਿਆਲੇ ਦੇ ਮਹਾਰਾਜ ਸਹਿਬ ਸਿਖ ਸਨ (ਸ਼ਾਇਦ ਗਊ ਨਾਂ ਹੀ ਖਾਂਦੇ ਹੋਣ) ਪਰ ਫਿਰ ਵੀ ਪਟਿਆਲਾ, ਮਲੇਰ ਕੋਟਲਾ ਤੇ ਅੰਗ੍ਰੇਜ਼ ਹਾਕਮਾਂ ਦੀ ਸੋਚ ਤੇ ਅਮਲ ਇਕ ਹੋ ਗਿਆ ਤੇ ਨਾਮਧਾਰੀਆਂ ਨੂੰ ਫੌਜਾਂ ਵਿਚੋਂ ਕਢ ਦਿਤਾ ਗਿਆ ਤੇ ਓਨਾਂ ਦੀਭਰਤੀ ਬੰਦ ਕਰ ਦਿਤੀ ਗਈ। ਜੇ ਨਾਮਧਾਰੀ ਸਿਰਫ਼ ਧਾਰਮਕ ਲੜਾਈ ਹੀ ਲੜਦੇ ਹੁੰਦੇ ਤਾਂ ਅੰਗਰੇਜ਼ ਹਾਕਮ ਮੁਸਲਿਮ ਲੀਗ ਤੇਸ੍ਰੀ ਗੋਲਵਾਲਕਰ ਦੇ ਰਸ਼ਟ੍ਰੀਯਾ ਸੰਘ ਵਾਂਗ ਉਨਾਂ ਨੂੰ ਅਪਣੇ ਹਿਤਾਂ ਲਈ ਵਰਤਦੇ ਪਰ ਹੋਇਆ ਇਹ ਕਿ ਇਨਾਂ ਨੂੰ ਤੋਪਾਂ ਅਗੇ ਉਡਾ ਦਿਤਾ ਗਿਆ ਗੁਰੂ ਜੀ ਨੂੰ ਜਲਾਵਤਨ ਕਰ ਦਿਤਾ ਗਿਆ।

ਇਕ ਹੋਰ ਸਵਾਲ ਹੈ ਕਿ ਕੀ ਨਾਮਧਾਰੀ ਅੰਦੋਲਨ ਜੇ ਨਾਮ ਬਾਣੀ ਤੱਕ ਹੀ ਸੀਮਤ ਸੀ ਤਾਂ ਫਿਰ ਨਾਮਧਾਰੀਆਂ ਨੂੰ ਕਸ਼ਮੀਰ ਵਿਚ ਫੌਜੀ ਤਾਲੀਮ ਲੈਣ ਲਈ ਘਲਨਾ, ਨੇਪਾਲ ਨਾਲ ਸੰਧੀ ਨਾਵੇਂ, ਹੀਰਾ ਸਿੰਘ ਦਾ ਸਮੁੰਦ ਖਾਨ ਨਾਲ ਵੰਧ ਜੁਧ ਤੇ ਸਮੁੰਦ ਖਾਨ ਜਿਹੇ ਵਧੇ ਹੋਏ ਸੂਰਮੇ ਦਾ ਹੀਰਾ ਸਿੰਘ ਹਥੋਂ ਮਾਰੇ ਜਾਣਾਂ ਸਾਬਤ ਕਰਦਾ ਹੈ ਕਿ ਨਾਮਧਾਰੀ ਹਰ ਕੰਮ ਵਿਚ ਨਿਪੁੰਨ ਸਨ। ਅਤੇ ਏਨੇ ਜਥੇਬੰਦ ਸਨ ਕਿ ਮਲੇਰ ਕੋਟਲੇ ਵਿਚ ਅੰਗ੍ਰੇਜ਼ਾਂ ਤੇ ਦੇਸ਼ੀ ਰਾਜਿਆਂ ਨੇ ਤੋਪਾਂ ਤੋਂ ਬਿਨਾਂ ਓਨਾਂ ਸਾਹਮਣੇ ਜਾਣਾਂ ਖ਼ਤਰਨਾਕ ਸਮਿਝਿਆ ਇਸ ਤੋਂ ਇੰਜ ਲਗਦਾ ਹੈ ਕਿ ਜਿਥੇ 'ਅੰਗ੍ਰੇਜ਼ ਤੇ ਰਾਜੇ" ਲੋਕਾਂ ਵਿਚ ਦਹਿਸ਼ਤ ਭਰਨੀ ਚਾਹੁੰਦੇ ਸਨ ਉਥੇ ਉਨਾਂ ਦਾ ਆਪਣਾ ਡਰ ਵੀ ਪ੍ਰਤੱਖ ਸੀ ਕਿ ਲੋਕ ਬਗ਼ਾਵਤ ਕਰ ਦੇਨ ਤੇ ਲੈਣੀਆਂ ਦੀਆਂ ਦੇਣੀਆਂ ਪੈ ਜਾਂਣ।

ਅੰਤ ਤੇ ਜੇ ਕਿਹਾ ਜਾਏ, ਕਿ ਅੰਗ੍ਰੇਜ਼ਾਂ ਨੇ ਕਿਸੇ ਵੀ ਧਾਰਮਕ ਨੇਤਾ ਨੂੰ ਕਦੀ ਏਸਤਰਾਂ ਜਲਾਵਤਨ ਨਹੀ ਕੀਤਾ ਤੇ ਨਾਂਹੀ ਕਿਸੇ ਧਾਰਮਕ ਲਹਿਰ ਨੂੰ ਏਸਤਰਾਂ ਦਬਾਇਆ ਹੈ ਜਿਵੇਂ ਨਾਮਧਾਰੀ ਲਹਿਰ ਨੂੰ ਤਾਂ

Sri Satguru Jagjit Singh Ji Elibrary NamdhariElibrary@gmail.com

ਗਲਤ ਨਹੀ ਹੋਵੇਗਾ। ਸੋ ਅਜ ਵੀ ਨਾਂਮ ਧਾਰੀਆਂ ਦੇ ਸਾਮਣੇ ਸਤਿਗੁਰਾਂ ਦਾ ਉਹੋ ਸਿਧਾ ਰਾਹ ਹੈ ਤੇ ਉਸੇ ਅਪਣੇ ਚਿਰ ਪਛਾਣੂ ਰਾਹ ਤੇ ਤੁਰਨ ਦੀਲੋੜ ਹੈ ਉਹ ਉਦੇਸ਼ ਅਜੇ ਪੂਰਾ ਨਹੀਂ ਹੋਇਆ ਬੇਸ਼ਕ ਅੰਗ੍ਰੇਜ਼ ਚਲਗਏ ਹਨ ਪਰ ਅੰਗ੍ਰੇਜ਼ਾਂ ਦੀਆਂ ਦਿਤੀਆਂ ਬੰਦੂਕਾਂ ਅਜਵੀ ਇਕ ਇਕ ਦਿਨ ਵਿਚ ਦਰਜਨਾਂ ਬੇ ਗੁਨਾਂਹਾਂ ਨੂੰ ਭੁੰਨ ਰਹੀਆਂ ਹਨ। ਬੰਬਈ ਵਿਚ ਦੋ ਤਿਨਾਂ ਦਿਨਾਂ ਵਿਚ ਹੀ ਪੰਜਾਹ ਕੁ ਦੇ ਕਰੀਬ ਆਦਮੀਆਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ ਹੈ ਤੇ ਸੈਂਕੜੇ ਜ਼ਖਮੀ ਹੋ ਗਏ ਹਨ। ਹਜਾਰਾਂ ਜੇਲ੍ਹਾਂ ਵਿਚ ਬੰਦਹਨਉਹ ਲੋਕ ਵੀ ਅਪਣੇ ਹਕਾਂ ਲਈ ਲੜ ਰਹੇ ਹਨ। ਅਸੀ ਵੀ ਲੜ ਰਹੇ ਹਾਂ, ਗਊਬਧ ਹੋ ਰਿਹਾਹੈ ਭੁਖਤੇ ਗਰੀਬੀ ਲੋਕਾਂ ਦਾਲਹੂਪੀਂਦੀ ਜਾ ਰਹੀ ਹੈ। ਟੈਕਸ ਵਧ ਰਹੇਹਨ. ਬੇਕਾਰੀ ਵਧ ਰਹੀ ਹੈ ਅਤੇ ਤਕਰੀਰਾਂ ਤੇ ਗੋਲੀਆਂ ਨਾਲ ਲੋਕਾਂ ਦੇ ਢਿਡ ਭਰ ਜਾ ਰਹੇ ਨੇ ਅਜਿਹੀ ਹਾਲਤ ਵਿਚ ਅਪਣੇ ਨਿਸ਼ਾਨੇ ਤੇ ਕੰਮਾਂ ਨੂੰ ਸੋਧਣ ਦੀ ਲੋੜ ਹੈ।

(ਭੂਸ਼ਣ ਸਿੰਘ ਜੀ 'ਕੰਵਲ, ਨੈਰੋਬੀ ਅਫਰੀਕਾ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ !

ਸੋਹਣਾਂ ਚੰਦ ਤੋਂ ਮੁਖੜਾ, ਮੱਟਕ ਇਸ ਦੀ ਨਿਰਾਲੀ ਹੈ।
ਪਲਕ ਦੀ ਝਲਕ ਇਸ ਦੀ ਨੇ ਰਿਦੈ ਮੈਂ ਠੰਢ ਡਾਲੀ ਹੈ।
ਖੰਡਾ ਸੀਸ ਇਸਦੇ ਦਾ ਜੁਲਮ ਨੂੰ ਖੰਡ ਕਰਦਾ ਸੀ।
ਮੁਰਦੇ ਦੀ ਖੁਸ਼ਕ ਰਗ ਦੇ ਵਿਚ ਅੰਮ੍ਰਿਤ ਦਾ ਰਸ ਭਰਦਾ ਸੀ।
ਏਹ ਵਾਲੀ ਦੋ ਜਹਾਨਾਂ ਦਾ ਗਊਆਂ ਦਾ ਜੋ ਪਾਲੀ ਹੈ।
ਉਜੜੇ ਬਾਗ ਸਿਖੀ ਨੂੰ ਬਚਾਇਆ ਬਣਕੇ ਮਾਲੀ ਹੈ।
ਏਹ ਸੂਰਜ ਹੈਆਜ਼ਾਦੀ ਦਾ ਜੋਪੈਹਲੇ ਪਹਿਲ ਚੜ੍ਹਿਆ ਸੀ।
ਮੰਦਲ "ਕੂਕ" ਦਾ ਜਿਸ ਨੇ ਭੈਣੀ ਵਿਚ ਮੜ੍ਹਿਆ ਸੀ।
ਮਾਰੀ ਚੋਬ ਉਸ ਤੇ ਜਦ ਕਾਇਰ ਨੂੰ ਕੈਹਰ ਆਇਆ ਸੀ।
ਮਿਲਕੇ ਦੇਸ਼ ਦਰੋਹੀਆਂ ਨੇ, ਹਥੋਂ ਹੀਰਾ ਗਵਾਇਆ ਸੀ।
ਅਜੇ ਵੀ ਸਮਝਕੇ ਲੋਕੋ ਪਵੋ ਜਾ ਸ਼ਰਨ ਭੈਣੀ ਵਿਚ।
ਬਖਸ਼ਾ ਲਓ ਭੁਲ ਆਪਣੀ ਨੂੰ ਪ੍ਰਸਕੇ ਚਰਨ ਭੈਣੀ ਵਿਚ।
ਸਤਿਗੁਰੂ ਰਾਮ ਸਿੰਘ ਹੀ 'ਰਾਮ' ਦੀ ਰਮਣ ਜਿਜੋਤੀ ਹੈ।
ਕੋਹਿ ਨੂਰ ਤੋਂ ਵਧਕੇ, ਸ਼ੇਸ਼ ਮਣਿ ਮੁਕਟ ਮੋਤੀ ਹੈ।
'ਕੰਵਲ' ਵੀ ਭਾਗ ਸ਼ਾਲੀ ਹੈ ਜੋ ਚੁੰਮੇ ਚਰਨ ਨਿਤ ਇਸਦੇ।
ਆਣਕੇ ਸ਼ਰਨ ਜੋ ਡਿਗਦੇ ਕਰਮ ਦੇ ਰੋਗ ਹਨ ਮਿਸਦੇ।

Sri Satguru Jagjit Singh Ji Elibrary NamdhariElibrary@gmail.com

[ਨਿਰੰਜਨ ਸਿੰਘ 'ਜਯੋਤੀ'

ਸਰਬ ਸ਼੍ਰੋਮਨੀ ਰਹਿਨੁਮਾ

ਦੇਸ਼ ਤੇ ਕੌਮ ਨੂੰ ਉਨ੍ਹਾਂ ਵਿਅਕਤੀਆਂ ਤੇ ਕੇਵਲ ਮਾਨ ਤੇ ਫ਼ਖ਼ਰ ਹੀ ਹਾਸਲ ਨਹੀ ਹੁੰਦਾ ਸਗੋਂ ਨਾਜ਼ ਵੀ ਹੁੰਦਾ ਹੈ, ਜਿਹੜੀਆਂ ਆਪਣਾਂ ਆਪ ਉਸ ਨੂੰ ਉੱਨਤ ਕਰਨ ਦੇ ਦਾਅ ਉਤੇ ਲਾ ਦੇਂਦੀਆਂ ਹਨ। ਅਰਥਾਤ ਆਪਣੀ ਸਾਰੀ ਉਮਰ ਉਸ ਲਈ ਵਕਫ਼ ਕਰ ਦੇਂਦੀਆਂ ਹਨ। ਹਰ ਮਿੰਟ ਹਰ ਘੜੀ ਉਸ ਦੀ ਬਿਹਤਰੀ ਲਈ ਹੀ ਸੋਚਦੀਆਂ ਹਨ ਤੇ ਹਰ ਹਰਕਤ ਤੇ ਢੰਗ ਐਸੇ ਆਸ਼ੇ ਦੀ ਪੂਰਤੀ ਲਈ ਵਰਤਦੀਆਂ ਹਨ। ਇਥੋਂ ਤਕ ਕਿ ਜੇ ਲੋੜ ਪੈ ਜਾਵੇ ਤਾਂ ਆਪਣੇ ਆਪ ਤਕ ਕੁਰ-ਬਾਨ ਕਰ ਦੇਂਦੀਆਂ ਹਨ ਸਾਡੇ ਸਾਹਮਣੇ ਅਨੇਕਾਂ ਹੀ ਮਿਸਾਲਾਂ ਮੌਜੂਦ ਹਨ, ਜਿਨਾਂ ਨੇ ਆਪਣੇ ਦੇਸ਼ ਤੇ ਕੌਮ ਬਦਲੇ ਮੌਤ ਨੂੰ ਹੱਸਦਿਆਂ ਹੱਸਦਿਆਂ 'ਜੀ ਆਇਆਂ' ਆਖਿਆ। ਜੇ ਉਨਾਂ ਦੇ ਨਾਂ ਤੇ ਕਾਰਨਾਮੇ ਲਿਖਣ ਲਗੀਏ ਤਾਂ ਦਫਤਰ ਹੀ ਭਰੇ ਜਾ ਸਕਦੇ ਹਨ।

ਵੈਸੇ ਤਾਂ ਹਰ ਬਸ਼ਰ ਆਪਣੇ ਆਪ ਨੂੰ ਉੱਨਤ ਕਰਨ ਲਈ ਆਪਣੀ ਉਸਾਰੀ ਲਈ, ਰਾਹ ਦੀਆਂ, ਅਨੇਕਾਂ ਰੁਕਾਵਟਾਂ ਨੂੰ ਦੂਰ ਕਰਦਾ ਹੋਇਆ ਅਨੇਕਾਂ ਤਕਲੀਫਾਂ ਸਹਿ ਕੇ ਵੀ ਅਨੇਕਾਂ ਯਤਨ ਕਰਦਾ ਹੈ ਤੇ ਆਪਣੀ ਮੰਜ਼ਲ ਤੇ ਪਹੁੰਚਦਾ ਹੈ ਨਾਮਨਾਂ ਖਟਦਾ ਹੈ ਤੇ ਉਸਦੀ ਪ੍ਰਸਿਧਤਾ ਹੁੰਦੀ ਹੈ। ਪਰ ਹੈ ਇਹ ਕੇਵਲ ਉਸਦੇ ਆਪਣੇ ਲਈ ਹੀ, ਉਸ ਇਕਲੇ ਨੂੰ ਹੀ ਇਸਦਾ ਫਾਇਦਾ ਹੋ ਸਕਦਾ ਹੈ ਦੇਸ਼ ਤੇ ਕੌਮ ਨੂੰ ਨਹੀ, ਪਰ ਕਈ ਮਹਾਨ ਭਾਵ ਇਹੋ ਜਿਹੇ ਵੀ ਹੁੰਦੇ ਹਨ। ਜੋ ਅਪਣੀ ਨਿਜੀ ਤਰੱਕੀ ਦਾ ਕੋਈ ਖਿਆਲ ਨਹੀ ਕਰਦੇ ਉਸ ਵਲੋਂ ਅਵੇਸਲੇ ਹੋਕੇ ਸਗੋਂ ਉਸ ਦਾ ਧਿਆਨ ਹੀ ਛਡ ਦੇਂਦੇ ਹਨ। ਉਹ ਇਹ ਚੰਗੀ ਤਰਾਂ, ਜਾਣ ਲੈਂਦੇ ਹਨ ਕਿ ਸਾਡਾ ਦੇਸ਼ ਪਛੜਿਆ ਹੋਇਆ ਹੈ ਜਾਂ ਗੁਲਾਮ ਹੈ। ਇਸ ਵਿਚ ਨਿਜੀ ਤਰੱਕੀ ਦਾ ਕੋਈ ਲਾਭ ਨਹੀ। ਜੇ ਕਰ ਸਾਰਾ ਦੇਸ਼ ਹੀ ਹਨੇਰੇ ਵਿਚੋਂ ਨਿਕਲ ਆਵੇ ਅਤੇ ਇਸਦੀ ਗੁਲਾਮੀ ਵੀ ਦੂਰ ਹੋ ਜਾਵੇ ਤਾਂ ਉਸ ਵਿਚ ਜ਼ਿਆਦਾ ਅਨੰਦ ਹੈ। ਤੇ ਉਹ ਹੀ ਅਸਲੀ ਤਰੱਕੀ ਹੈ। ਇਸ ਲਈ ਉਹ ਆਪਣੀ ਕਿਸੇ ਵੀ ਨਿਜੀ ਗ਼ਰਜ਼ ਦੀ ਪਰਵਾਹ ਨਾ ਕਰਦਿਆਂ ਹੋਇਆ ਆਪਣੀ ਜੀਵਨ ਰੂਪੀ ਨਈਆ ਨੂੰ ਇਨਾਂ ਤਕਲੀਫਾਂ ਵਿਚ ਠੇਲ ਦੇਂਦੇ ਹਨ। ਜਾਂ ਇਉਂ ਕਹਿ ਲਉ ਕਿ ਉਹ ਦੇਸ ਜਾਂ ਕੌਮ ਰੂਪੀ ਬੇੜੀ ਦੇ ਮਲਾਹ ਬਣ ਜਾਂਦ ਹਨ —ਚਪੂ ਹੱਥ ਫੜ ਲੈਂਦੇ ਹਨ ਤੇ ਠਿਲ ਪੈਂਦੇ ਹਨ ਸ਼ਹੁ ਸਾਗਰ ਵਿਚ ਉਹ ਆਪਣਾ ਲਖਸ਼ ਨਿਸ਼ਾਨਾ ਹੀ ਬਣਾਲੈਂਦੇ ਹਨ ਕਿ ਇਸ ਨੂੰ ਪਾਰ ਕਿਨਾਰੇ ਪੁਚਾਣਾ ਹੈ ਭਾਵ ਇਸ ਦੀਆਂ ਕਮਜ਼ੋਰੀਆਂ ਦੂਰ ਕਰ-ਨੀਆਂ ਹਨ ਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕਟਣਾ ਹੈ। ਉਹ ਰਾਹ ਵਿਚ ਆਏ ਤੂਫਾਨਾਂ ਤੋਂ ਨਹੀ ਘਬਰਾਉਂਦੇ ਕਿਸੇ ਅਪਤੀ ਤੋਂ

Sri Satguru Jagjit Singh Ji Elibrary NamdhariElibrary@gmail.com

ਨਹੀ ਡਰਦੇ ਤੇ ਚਲੀ ਜਾਂਦੇ ਹਨ ਆਂਗਹ ਹੀ ਅਗਾਂਹ ਆਪਣੀ ਮੰਜ਼ਲ ਵਲ, ਪਿਛਾਂ ਵਲ ਝਾਤ ਨਹੀ ਮਾਰਦੇ ਸਗੋਂ ਉਨਾਂ ਦਾ ਹਰ ਕਦਮ ਪਹਿਲੇ ਨਾਲੋਂ ਹੋਰ ਅਗਰੇ ਹੀ ਅਗੇਰੇ ਹੁੰਦਾ ਹੈ। ਉਹ ਮੁੜਨਾਂ ਨਹੀ ਜਾਣਦੇ ਓਹ ਤਖਤ ਜਾਂ ਤਖ਼ਤਾ ਹੀ ਪ੍ਰੜ੍ਹੇ ਹੋਏ ਹੁੰਦੇ ਹਨ। ਇਸ ਲਈ ਕਿਸੇ ਝਖੜ ਵਿਚ ਉਨਾਂ ਦਾ ਅੰਤ ਭਾਂਵੇ ਹੋ ਜਾਵੇ ਪਰ ਪਿਛਾਂ ਵਲ ਧਿਆਨ ਨਹੀ ਕਰਦੇ। ਸੁ ਇਹੋ ਜਿਹੇ ਮਲਾਹ ਲੈ ਜਾਂਦੇ ਹਨ ਆਪਣੇ ਦੇਸ਼ ਤੇ ਕੌਮ ਦੀ ਬੇੜੀ ਨੂੰ ਪਾਰ ਕਿਨਾਰੇ ਤੇ ਫਿਰ ਕਰਦੇ ਹਨ ਆਪਣੇ ਲਖ਼ਸ਼ ਦੀ ਪੂਰਤੀ ਆਪਣੀਆਂ ਰੀਝਾਂ ਨੂੰ ਰੂਪਮਾਨ। ਉਹ ਦੇਸ਼ ਫਿਰ ਧ੍ਰੈਂਤ੍ਰਤਾ ਦੇ ਝੂਟੇ ਝੂਟਦੇ ਹੋਏ ਉਨਤੀ ਦੀ ਸਿਖ਼ਰ ਛੂਹਦੇ ਹਨ। ਕੀ ਫਿਰ ਉਹ ਦੇਸ਼ ਤੇ ਕੌਮ ਉਨਾਂ, ਮਾਹਨ ਭਾਵਾਂ ਤੇ ਜਾਂ ਉਨਾਂ ਮਲਾਹਵਾਂ ਤੇ ਕੋਈ ਮਾਂਨ ਜਾਂ ਫਖਰ ਨਾ ਕਰੇ? ਨਹੀ, ਸਗੋਂ ਜਿੰਨਾ ਵੀ ਨਾਜ਼ ਕਰੇ ਉਨਾਂ ਹੀ ਥੋੜਾ ਹੈ ਤੇ ਏਨਾਂ ਆਦਰ ਤੇ ਸਤਿਕਾਰ ਕਰਦ ਹਨ ਕਿ ਉਨਾਂ ਨੂੰ ਆਪਣੀ ਕੌਮ ਦਾ ਬਪੂ ਬਣਾ ਦੇਂਦੇ ਹਨ। ਇਹੋ ਜਿਹੇ ਹੀ ਸਨ ਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ। ਜਿਨਾਂ ਨੇ ਭਾਰਤ ਦੀ ਬੜੀ ਨੂੰ ਬੰਨੇ ਲਾਉਣ ਲਈ ਬੀੜਾ ਚੁਕਿਆ ਤੂਫਾਨ ਅਏ ਪਰ ਆਪ ਨੂੰ ਡੁਲਾ ਨਾ ਸਕੇ। ਆਪ ਅਗੇ ਹੀ ਅਗੇ ਵਧਦੇ ਚਲੇ ਗਏ।

ਇਤਿਹਾਸ ਵਲ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਸਨੇ ਸਨੇ ਹਰ ਦੇਸ਼ ਵਿਚ ਦੇਸ਼ ਦੀ ਕਾਇਆਬਦਲਣਵਾਲੇਅਨੇਕਾਂਮਹਾਂਪੁਰਸ਼ ਆਏ। ਕਈਆਂ ਨੇ ਸਦਾ ਚਾਰਕ ਤੇ ਧਾਰਮਿਕ ਤੌਰ ਤੇ ਮਨੁਖ ਨੂੰ ਉਚਾ ਕੀਤਾ। ਚੰਗੇ ਮਨੁਖ ਬਣਨ ਦੀ ਜਾਚ ਦੱਸੀ। ਜਿਹੜ ਰੂਹਾਨੀ ਆਗੂਆਂ ਦੇ ਨਾਵਾਂਨਾਲ ਪ੍ਰਸਿਧਹੋਏ।ਜਿਨ੍ਹਾਂਨੂੰ ਵਲੀ ਪੀਰ ਸੰਤ ਭਗਤ ਜਾਂ ਗੁਰ ਆਦਿਕ ਸ਼ਬਦਾਂ ਨਾਲ ਸਨਮਾਨਿਆ ਗਿਆ। ਕਈਆਂ ਨੇ ਸਮੁਚੇ ਸਮਾਜਕ ਢਾਚਿਆਂ ਨੂੰ ਹੀ ਬਦਲਣ ਦੀ ਕੋਸ਼ਸ਼ ਕੀਤੀ। ਕਈ ਰਾਜਸੀ ਮੈਦਾਨ ਵਿਚ ਕੁਦ ਪਏਤੇਦੇਸ਼ ਨੂੰਜਾਨ ਹੂਲਕੇ ਵੀ ਜਕੜੇ ਜਾ ਰਹੇ ਪ੍ਰਾਧੀਨਤਾ ਦੇ ਬੰਧਨਾਂ ਤੋ ਛੁਟਕਾਰਾ ਦਵਾਇਆ। ਜਾਂ ਬੰਧਨਾਂ ਨੂੰ ਕੱਟ ਦੇ ਕੱਟਦੇ ਆਪ ਕੱਟੇ ਗਏ। ਜਿਨ੍ਹਾਂ ਦੇ ਨਾਂ ਸਿਤਾਰਿਆ ਵਤ ਰੋਸ਼ਨ ਹੋ ਗਏ। ਜਿਨ੍ਹਾਂ ਨੂੰ ਸ਼ਹੀਦਾਨਿ ਵਤਨ ਜਾਂ ਰਾਜਸੀ ਨੇਤਾਵਾਂਦੀਆਂ ਡਿਗਰੀਆ ਦਿਤੀਆਂ ਗਈਆਂ ਸੁ ਜਿਹੋ ਜਿਹਾ ਕਿਸੇ ਨੇ ਆਪਣੇ ਦੇਸ਼ ਤੇ ਕੌਮ ਵਾਸਤੇ ਕਰਤਵ ਕੀਤੇ ਉਹੋ ਜਿਹਾ ਹੀ ਆਦਰ ਤੇ ਸਤਿਕਾਰ ਉਸ ਦੇਸ਼ ਤੇ ਕੌਮ ਨੇ ਉਹਨਾਂ ਨੂੰ ਦਿਤਾ ਤੇ ਉਹੋ ਜਿਹੇ ਹੀ ਯੋਗ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ।

ਉਪਰਦਸੀਆਂ ਸਾਰੀਆਂ ਗੱਲਾਂ ਨਾਲੋਂ ਸਤਿਗੁਰੂ ਰਾਮ ਸਿੰਘ ਜੀ ਵਿਚ ਇਕ ਖਾਸ ਵਿਲਖਣਤਾ ਸੀ ਬੜੀ ਭਾਰੀ ਵਡਿਤਣ ਤੇ ਉਚੇਰੀ ਮਹਾਨਤਾ ਉਹ ਇਹ ਕਿ ਉਹਨਾਂ ਨੇ ਨਾਂ ਕੇਵਲ ਸਦਾਚਾਰਕ,ਧਾਰਮਿਕ ਜਾਂ ਸਮਾਜਕ ਤੌਰ ਤੇ ਹੀ ਕੌਮ ਨੂੰ ਚੁਕਿਆ ਸਗੋਂ ਹਰ ਪਹਿਲੂ ਭਾਵ ਸਦਾਚਾਰਕ ਧਾਰਮਿਕ ਸਮਾਜਿਕ ਤੇ ਰਾਜਨੀਤਕ ਤੋਂ ਦੇਸ਼ ਤੇ ਕੌਮ ਨੂੰ ਰੌਸ਼ਨੀ ਪ੍ਰਦਾਨ ਕੀਤੀ। ਜਿਸ ਲਈ ਉਹ ਸਰਬੰਗੀ ਰੌਸ਼ਨੀ ਦੇਣ ਕਰਕੇ ਸਰਬ ਸ੍ਰਿਸ਼ਟ ਤੇ ਸਰਬ ਸ਼ਰੋਮਣੀ ਹਨ। ਉਹ ਸੁਧਾਰਕ ਵੀ ਸਨ ਸਤਿਗੁਰੂ ਵੀ ਸਨ ਤੇ ਨੇਤਾ ਵੀ।

ਜੇ ਇਸ ਦੀ ਪੁਸ਼ਟੀ ਲਈ ਹੋਰ ਵਧੇਰੇ ਵਿਚਾਰ ਕਰੀਏ ਤਾਂ ਪਤਾ ਚਲਦਾ ਹੈ ਕਿ ਜੇਰ ਪੁਰਾਣ ਸਮੇਂ ਵਿਚ ਸਮਰਾਟ ਅਸ਼ੋਕ ਂ ਵੀ ਪਹਿਲੇ ਮਹਾਤਮਾ ਬੁਧ ਹੋਏ। ਆਪ ਇਕ ਰਾਜਕੁਮਾਰ ਸਨ। ਉਹਨਾਂ ਦਾ ਕੀ ਵਾਸਤਾ ਲੋਕਾਂ ਦੀਆਂ ਪੀੜਾ ਨਾਲ, ਪਰ ਆਪ ਇਹੋ ਜਿਹੇ ਨਰਮ ਦਿਲ ਸਨ ਕਿ ਸਹਿ ਨਾ ਸਕੇ ਜਨਤਾ ਦੀ ਹਾਲਤ ਨੂੰ। ਰਾਜ ਭਾਗ ਛਡ ਦਿਤਾ। ਘੋਰ ਤਪਿਸਆ ਕੀਤੀ। ਅਹਿੰਸਾ ਪਰਮੋਂ ਧਰਮਾ ਦਾ ਪਰਚਾਰ ਕਰਦਿਆਂ ਦਸਿੱਆ ਕਿ ਕੋਈ ਜੀਵ ਨਾ ਮਾਰੋ ਤੇ ਕਿਸੇ ਦੀ ਆਤਮਾਂ ਨੂੰ ਨਾ ਦੁਖਾਓ ਲੋਕਾਂ ਨੂੰ ਸਦਾ ਚਾਰਕ ਤੇ ਧਾਰਿਮਕ ਤੌਰ ਤੇ ਸੂਝ ਕੀਤਾ ਤੇ ਉਨ੍ਹਾਂ ਦੀ ਆਤਮਾਂ ਨੂੰ ਰੂਹਾਨੀ ਤੌਰ ਤੇ ਉਚਾ, ਏਸ਼ੀਆ ਦੇ ਅਧੇ ਤੋਂ ਵੀ ਜ਼ਿਆਦਾ ਦੇ ਵਸਨੀਕ ਉਨ੍ਹਾਂ ਦੇ ਮੱਤ ਦੇ ਧਾਰਨੀ ਹੋ ਗਏ। ਹਜ਼ਰਤ ਈਸਾ ਵੀ ਚੰਗੇ ਮਨੁਖ ਬਣਨ ਦੀ ਪ੍ਰੇਰਨਾ ਦੇਂਦੇ ਹੋਏ ਸੂਲੀ ਤੇ ਟੰਗੇ ਗਏ। ਸਾਰਾ ਯੂਰਪ ਤੇ ਹੋਰ ਕਈ ਮੁਲਕ ਉਨ੍ਹਾਂ ਤੇ ਨਾਜ਼ ਕਰਦੇ ਹੋਏ ਉਨ੍ਹਾਂ ਦੇ ਅਨੁਸਾਰੀ ਹੋ ਗਏ। ਸੁ ਇਨ੍ਹਾਂ ਨੇ ਵੀ ਧਾਰਮਕ ਤੌਰ ਤੇ ਹੀ ਰਹਿਨਮਾਈ ਦਿਤੀ। ਇਨ੍ਹਾਂ ਨਾਲ ਹੀ ਹਜ਼ਰਤ ਮੁਹੰਮਦ ਸਾਹਿਬ ਮੁਸਲਮਾਨੀ ਮਤ ਦੇ ਸੰਚਾਲਕ ਸਨ। ਉਨ੍ਹਾਂ ਨੇ ਵੀ ਧਾਰਮਕ ਪਾਸਾ ਹੀ ਲਿਆ।

ਜਾਰਜ ਵਾਸ਼ਿੰਗਟਨ ਆਈਨ ਸਟਾਈਨ ਸ਼ਿਵਾ ਜੀ ਸੁਲਤਾਨ ਟੀਪੂ ਮਹਾਤਮਾਂ ਗਾਂਧੀ ਨੇਤਾ ਜੀ ਆਦਿਕਾਂ ਨੇ ਹਾਕਮ ਕੌਮਾ ਨਾਲ ਟੱਕਰ ਲਈ ਤੇ ਪ੍ਰਧੀਨਤਾ ਦੇ ਸੰਗਲ ਤੋੜਨ ਦੇ ਯਤਨ ਕੀਤੇ। ਕਾਰਲਮਾਰਕਸ ਨੇ ਸਮੁੱਚੇ ਢਾਂਚੇ ਨੂੰ ਬਦਲਣ ਲਈ ਵੀਚਾਰ ਰੱਖੇ। ਜਿਨ੍ਹਾਂ ਨੂੰ ਲੈਨਨ ਸਟਾਲਿਨ ਤੇ ਰੂਸ ਵਿੱਚ ਰੂਪ ਮਾਨ ਕੀਤਾ।

ਹੋਰ ਪੜਤਾਲ ਕੀਤਿਆਂ ਇਹੋ ਹੀ ਪਤਾ ਚਲਦਾ ਹੈ ਕਿ ਇਨ੍ਹਾਂ ਉਪਰ ਦੱਸੀਆਂ ਮੋਟੀਆਂ ਮੋਟੀਆਂ ਹਸਤੀਆ ਵਾਂਗ ਹੋਰ ਕਈਆ ਨੇ ਵੀ ਕੇਵਲ ਇਕ ਇਕ ਪਾਸੇ ਵਲੋਂ ਹੀ ਕੋਮਾਂ ਮੁਲਕਾਂ ਨੂੰ ਉਚਿਆਨ ਦੀ ਕੋਸ਼ਸ਼ ਕੀਤੀ। ਦੂਜੇ ਪੱਖਾਂ ਨੂੰ ਨਹੀਂ ਛੜਿਆ।

ਕੇਵਲ ਸਾਡੇ ਗੁਰੂ ਸਾਹਿਬ ਹੀ ਬਾਕੀ ਇਹੋ ਜਿਹੇ ਰਹਿ ਜਾਂਦੇ ਹਨ। ਜਿਨ੍ਹਾਂ ਨੇ ਹਰ ਪਾਸੇ ਤੋਂ ਜਨਤਾ ਨੂੰ ਉਠਇਆ ਗੁਰੂ ਨਾਨਕ ਜੀ ਨੇ ਘਰ ੨ ਜਾ ਕੇ ਸਚ ਦਾ ਪਰਚਾਰ ਕੀਤਾ ਤੇ ਦਸਿਆ ਕਿ ਇਕੋ ਪ੍ਰਮਾਤਮਾ ਹੀ ਸਰਬ ਗੁਣ ਨਿਪੁੰਨ ਹੈ। ਉਸ ਦਾ ਹੀ ਸਿਮਰਨ ਕਰੋ।

'ਸਭਿ ਮੈਂ ਜੋਤਿ ਜੋਤਿ ਹੈ ਸੋਇ।
ਤਿਸਦੈ ਚਾਨਿਣ ਸਭਿ ਮਹਿ ਚਾਨਣ ਹੋਇ।

ਤੇ ਏਕ ਪਿਤਾ ਏਕਸ ਕੇ ਹਮ ਬਾਰਕ, ਅਨੁਸਾਰ ਅਸੀਂ 'ਚਾਰ ਵਰਨ ਕੇ ਏਕੋ ਭਾਈ' ਹਾਂ! ਜਿਸ ਕਰਕੇ ਉਨ੍ਹਾਂ ਨੇ

ਸਭੇ ਸਾਂਝੀ ਵਾਲ ਸਦਾਇਨ।
ਕੋਇ ਨਾ ਦਿੱਸੇ ਬਾਹਿਰਾ ਜੀਓ।

ਦਾ ਹੋਕਾ ਦਿਤਾ। ਤੇ ਰਾਜਿਆਂ ਨੂੰ ਵੀ 'ਕਲਿ ਕਾਤੀ ਰਾਜੇ ਕਸਾਈ, ਕਹਿ ਕੇ ਨਿੰਦਿਆ ਤੇ ਸਹੀ ਰਸਤੇ ਲਿਆਓਣ ਦੀ ਕੋਸ਼ਸ਼ ਕੀਤੀ। ਆਪ ਜੀ ਨੇ ਹਰ ਇਕ ਨੂੰ ਯੁਕਤੀ ਸਹਿਤ ਤੇ ਸ਼ਾਤਮਈ ਢੰਗ ਨਾਲ ਹੀ ਸਮਝਾਇਆ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਕੋਈ ਹੀਲਾ ਕਾਰਗਰ ਹੁੰਦਾ ਨਾਂ ਵੇਖਿਆ ਤਾਂ ਸ਼ਮਸ਼ੀਰ ਨੂੰ ਹੱਥ ਵਿਚ ਫੜ ਲਿਆ। ਬਸ ਫੇਰ ਕੀ ਸੀ ਜੋ ਕਰਨੀ ਵਿਚ ਪੂਰੇ ਸਨ। ਉਹ ਤੇਗ ਦੇ ਮੈਦਾਨ ਵਿਚ ਵੀ

Sri Satguru Jagjit Singh Ji Elibrary NamdhariElibrary@gmail.com

ਵੀ ਸੂਰੇ ਹੀ ਨਿਕਲੇ। ਸਹੀ ਅਰਥਾਂ ਵਿਚ ਅਮਲੀ ਤੌਰਤੇਚਾਰ ਵਰਨ ਕੇ ਏਕੋਭਾਈ' ਬਣਾ ਦਿੱਤਾ। ਤੇ ਜਾਲਮਾ ਦੇ ਨਾਲ ਟੱਕਰਾ ਦਿਤਾ। ਮਰ ਕੇ ਜੀਊਣ ਦੀ ਜਾਚ ਦੱਸ ਦਿੱਤੀ।

ਪਰ ਗੁਰੂ ਰਾਮ ਸਿੰਘ ਜੀ ਦਾ ਸਮਾਂ ਦਸ਼ਮੇਸ਼ ਜੀ ਦੇ ਸਮੇਂ ਨਾਲੋਂ ਵਖਰਾ ਸੀ। ਉਸ ਸਮੇਂ ਤਾਂ ਜ਼ਾਲਮ ਦੇ ਜ਼ੁਲਮ ਤੋਂ ਜਨਤਾ ਦੁਖੀ ਸੀ। ਪਰ ਅੰਗ੍ਰੇਜ਼ ਦੀ ਹਕੂਮਤ ਤਾਂ ਮਿਠਾ ਚੋਣ ਵਰਗੀ ਸੀ ਘੁਣ ਵਾਂਗ ਅੰਦਰੋ ਅੰਦਰ ਖਾਈ ਜਾਣਾ ਤੇ ਬਾਹਰ ਪਤਾ ਵੀ ਨਾ ਲਗਣਾ। ਪੰਜਾਬ ਵਿਚ ਵਡੇ ਵਡੇ ਸਰਦਾਰ ਤੇ ਕਈ ਹੋਰ ਲੋਕ ਸਰਕਾਰ ਦੀ ਮਦਦ ਕਰਨ ਤੇ ਜਗੀਰਾਂ ਆਦਿਕ ਲੈਣ ਵਿਚ ਰੁਝ ਹੋਏ ਸਨ। ਖੁਦ ਗਰਜ਼ੀ ਦਾ ਦੌਰ ਦੋਰਾ ਸੀ ਜਿਸ ਕਰਕ ਫੁਟ ਪਈ ਹੋਈ ਸੀ ਕੱਲਾ ਕੱਲਾ ਅਪਨੀ ਤੂਤੀ ਵਜਾਈ ਫਿਰਦਾ ਸੀ ਇਸ ਸਮੇ ਇਹਨਾਂ ਵਡਿਕਿਆਂ ਵਿਚੋਂ ਕਿਨ੍ਹੂੰ ਖਿਆਲ ਆਵੇ ਕਿ ਅੰਗ੍ਰੇਜ ਦੀ ਗੁਲਾਮੀ ਪੈਰੋ ਪੈਰ ਪੱਕੀ ਹੋ ਰਹੀ ਹੈ। ਅੰਗ੍ਰੇਜ਼ ਦੇ ਖਿਲਾਫ ਨਫਰਤ ਪੈਦਾ ਹੋਣ ਦੇ ਬਜਾਏ ਉਸ ਦੇ ਗੁਣ ਗਿਣ ਗਿਣ ਕੇ ਗਾਏ ਜਾਂਦੇ ਚਿਰੰਜੀਤਹੋਣਦੀਆਂਸੁਖਾਂਮੰਗੀਆਂ ਜਾਂਦੀਆਂ। ਸੁ ਇਹੋ ਜਿਹੀ ਹਾਲਤ ਵਿਚ ਬੜਾ ਔਖਾ ਸੀ ਕਿ ਕਿਵੇਂ ਜਨਤਾ ਨੂੰ ਜਗਾਇਆ ਜਾਵੇ ਤੇ ਅੰਗ੍ਰੇਜ਼ ਦੇ ਮੁਕਾਬਲੇ ਤੇ ਖੜਾ ਕੀਤਾ ਜਾਵੇ।

ਅਜ਼ਾਦੀ ਦੀ ਪਹਿਲੀ ਲੜਾਈ ਜੋ ੧੮੫੭ ਵਿਚ ਅੰਗ੍ਰੇਜ਼ ਨਾਲ ਹਥਿਆਰ ਬੰਦ ਹੋ ਕੇ ਲੜੀ ਗਈ, ਉਸਦੀ ਅਸਫਲਤਾ ਦੇ ਕਾਰਨ ਕੌਣ ਜ਼ੁਰਅਤ ਕਰ ਸਕਦਾਸੀ ਉਤਾਂ ਉਠਣਦੀ' ਜਦ ਮਿਰਹੀ ਉਡਾਏਜਾਣਦਾਡਰ ਹੋਵੇ। ਇਸਦੇ ਨਾਲ ਹੀ ਲੋਕੀ ਕੀ, ਸਿਖ ਵੀ ਅਚਰਨਕ ਤੌਰ ਤੇ ਗਿਰ ਗਏ ਸਨ ਕੁਕਰਮਾਂ ਤੇ ਵਹਿਮਾਂ ਵਿਚ ਫਸ ਗਏ ਸਨ। ਧਾਰਮਿਕ ਮਰਯਾਦਾ ਦਾ ਨਾਮੋ ਨਿਸ਼ਾਨ ਨਹੀਂ ਸੀ। ਧਾਰਮਕ ਪੁਸਤਕਾਂ ਤੇ ਗ੍ਰੰਥ ਸਾਹਿਬਾਂ ਨੂੰ ਅਲਮਾਰੀਆਂ ਵਿਚ ਪਿਆਂ ਸੀਉਂਕ ਖਾ ਰਹੀ ਸੀ ਤੇ ਮੜ੍ਹੀਆਂ ਨੂੰ ਪੂਜਦੇ ਸਨ। ਮੁਕਦੀ ਗੱਲ ਕਿ ਦਸਮੇਸ਼ ਵਾਲੀ ਸਿਖੀ ਅਲੋਪ ਹੋ ਗਈ ਹੋਈ ਸੀ।

ਸੁ ਇਹੋ ਜਿਹੇ ਭਿਆਨਕ ਸਮੇਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੌਂਸਲਾ ਤੇ ਦਲੇਰੀ ਕੀਤੀ ਤੇ ਸੋਚਿਆ ਕਿ ਹੁਣ ਕਿਸੇ ਹੋਰ ਤਰਾਂ ਦੇ ਪ੍ਰੋਗਰਾਮ ਦੀ ਲੋੜ ਹੈ। ਜਿਸ ਤੇ ਨਾ ਹਿੰਗ ਲਗੇ ਨਾ ਫਟਕੜੀ ਪਰ ਰੰਗ ਵੀ ਦੂਣਾ ਹੋ। ਆਪ ਜੀ ਨੇ ਨਿਝੱਕ ਤੇ ਨਿਡਰ ਹੋ ਕੇ ਲੋਕਾਂ ਵਿਚ ਆਪਣੇ ਖਿਆਲਾਂ ਦਾ ਪਰਚਾਰ ਸ਼ੁਰੂ ਕਰ ਦਿਤਾ। ਅਪਨੇ ਸਦਾਚਾਰਕ ਤੌਰ ਤੇ ਉਨਤ ਕਰਨ ਲਈ ਮਾਸ ਸ਼ਰਾਬ ਚੋਰੀ ਯਾਰੀ ਅਤੇ ਝੂਠ ਦੀ ਮਨਾਹੀ ਕਰਦਿਆਂ ਸਭ ਨੂੰ ਸਾਫ ਰਹਿਣੀ ਬਹਿਣੀ ਦੀ ਪ੍ਰੇਰਨਾ ਦਿਤੀ। ਤੇ ਨਾਲ ਕੁੜੀਆਂ ਮਾਰਨ ਵੇਚਣ ਵਟੇ ਕਰਨ ਬਾਲ ਵਿਆਹ ਤੇ ਦਾਜ ਦੀ ਨਿਖੇਧੀ, ਵਿਧਵਾ ਵਿਆਹ ਦੀ ਖੁਲ੍ਹ ਬਲਦ ਖੱਸੀ ਨਹੀ ਕਰਨੇ ਤੇ ਇਸਤ੍ਰੀ ਨੂੰ ਮਰਦ ਦੇ ਬਰਾਬਰ ਸਮਝਣਾ ਦੀ ਸਮਾਜਕ ਤੌਰ ਤੇ ਆਗਿਆ ਕੀਤੀ। ਧਾਰਮਿਕ ਅਚਰਨ ਲਈ ਅੰਮਰਿਤ ਵੇਲੇ ਉਠਣਾਂ ਨਾਮ ਜਪਣਾਂ ਬਾਣੀ ਪੜਨੀ ਗਊ ਰੱਖਿਆ ਯਗ ਹੋਮ ਤੇ ਅਹਿੰਸਾ ਦੀ ਪਾਲਣਾਂ ਦੇ ਨਿਯਮ ਬਣਾਏ।

ਏਨਾਂ ਕੁਝ ਕਰਨ ਦੇ ਨਾਲ ਲੋਕ

ਜਥੇਬੰਦ ਹੋਏ ਰਾਜਨੀਤਕ ਤੌਰ ਤੇ ਅੰਗ੍ਰੇਜ਼ ਨਾਲ ਪੂਰਨ ਨਾਮਿਲਵਰਤਨ ਸੁਰੂ ਕਰ ਦਿਤੀ ਸਰਕਾਰੀ ਨੌਕਰੀ ਨਹੀ ਕਰਨੀ ਸਰਕਾਰੀ ਵਿਦਿਆ ਨਹੀ ਪੜਨੀ ਅੰਗ੍ਰੇਜ਼ਾਂ ਦੀਆਂ ਕਚਹਿਰੀਆਂ ਵਿਚ ਨਹੀ ਜਾਣਾਂ ਮੁਕਦਮਿਆਂਦੇਫੈਸਲੇ ਆਪਣੀਆਂ ਪੰਚਾਇਤਾਂ ਵਿਚ ਕਰਨੇ ਬਦੇਸੀ ਖੰਡ ਕਪੜਾ ਤੇ ਹੋਰ ਚੀਜਾਂ ਦੀ ਵਰਤੋਂ ਨਹੀ ਕਰਨੀ ਰੇਲ ਤੇ ਨਹੀ ਚੜਨਾ ਇਥੋਂ ਤਕ ਕਿ ਡਾਕ ਦਾ ਮਹਿਕਮਾਂ ਵੀ ਸਤਿਗੁਰਾਂ ਨੇ ਆਪਣਾਂ ਹੀ ਚਾਲੂ ਕਰ ਲਿਆ,ਸਾਹਿਬਾਂ ਦੇਇਸ ਪ੍ਰੋਗਰਾਮ ਨੂੰ ਟਾਕਰੇ ਦੀ ਹਕੂਮਤ ਵੀ ਕਹਿਆ ਜਾਂਦਾ ਹੈ।

ਸੁ ਕਿਸੇ ਉਸ ਕੌਮ ਜਿਸ ਦੇ ਰਾਜ ਵਿਚ ਕਦੀ ਸੂਰਜ ਨਾ ਡੁਬਦਾ ਹੋਵੇ ,ਦੀ ਹਕੂਮਤ ਵਿਚ ਮੁਤਵਾਜ਼ੀ ਹਕੂਮਤ ਕਾਇਮ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀ। ਬੜਾ ਜਾਨ ਜੋਖੋਂ ਦਾ ਕੰਮ ਏ । ਇਸਦਾ ਮਾਨ ਸਾਰੀ ਦੁਨੀਆਂ ਵਿਚੋਂ ਕੇਵਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਹਾਸਲ ਏ। ਉਨ੍ਹਾਂ ਬੜਾ ਕੁਝ ਦੀਰਘ-ਦ੍ਰਿਸਟੀ ਨਾਲ ਸੋਚ ਕੇ ਤੇ ਦੂਰ-ਅੰਦੇਸ਼ੀ ਨਾਲ ਵੇਖ ਕੇ ਆਪਣੀ ਜਾਨ ਨੂੰ ਖਤਰੇ ਵਿਚ ਪਾਇਆ ਤੇ ਜਨਤਾ ਨੂੰ ਹਰ ਪਾਸੇ ਤੋਂ ਉਮਰ ਦੱਸੀ ਰਹਿ ਨੁਮਾਈ ਦਿਤੀ।

ਸ: ਕਪੂਰ ਸਿੰਘ ਜੀਆਪ ਬਾਬਤ ਲਿਖਦੇ ਹਨ। "ਕਿ ਜੇ ਓਨਾਂ ਦੇ ਦੇਸ਼ ਤੇ ਜਾਤੀ ਲਈ ਜੋ ਮਹਾਨ ਕੰਮ ਕੀਤੇ ਹਨ, ਓਹ ਭੀ ਛਡ ਦਈਏ ਤਾ ਉਨ੍ਹਾਂ ਦਾ ਇਕ ਇਹ ਪਰ-ਚਾਰ ਕਿ ਇਸਤ੍ਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹਕਦਾਰ ਹਨ ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦੇਂਦਾ ਹੈ,. ।

ਇਹ ਬਿਲਕੁਲ ਠੀਕ ਏ ਪਰ ਉਨ੍ਹਾਂ ਨੂੰ ਜੇ ਦੂਜਿਆਂ ਦੇ ਮੁਕਾਬਲੇ ਤੇ ਦੇਖਿਆ ਜਾਏ ਜਿਵੇਂ ਉਤੇ ਸਪਸ਼ਟ ਕੀਤਾ ਗਿਆ ਹੈ, ਤਾਂ ਪਤਾ ਚਲਦਾ ਹੈ ਕਿ ਆਪ ਨੇ ਬੜੇ ਨਾਜ਼ਕ ਸਮੇਂ ਵਿਚ ਕੇਵਲ ਇਕ ਪੱਖ ਤੋਂ ਹੀ ਨਹੀਂ ਜਿਵੇਂ ਕਿਹੋਰਆਗੂ ਤੇ ਨੇਤਾਗੁਰੂ ਕਰਦੇ ਰਹੇ ਹਨ, ਸਗੋਂ ਹਰ ਪੱਖ ਧਾਰਮਕ ਸਮਾਜਿਕ ਸਦਾ ਚਾਰਕ ਤੇ ਰਾਜਨੀਤਕ ਤੋਂ ਭਾਰਤ ਨੂੰ ਰਹਿਨੁਮਾਈ ਦਿੱਤੀ ਆਪ ਸੁਧਾਰਕ ਵੀ ਸਨ, ਨੇਤਾ ਵੀ ਸਨ ਤੇ ਗੁਰੂ ਵੀ। ਜਿਸ ਕਰਕੇ ਆਪ ਸਰਬ ਸ੍ਰੋਮਣੀ ਰਹਿਨੁਮਾਹਿਕ-ਲਾਉਣ ਦਾ ਹੱਕ ਰਖਦੇ ਹਨ।

ਇਹ ਮਾਨ ਵੀ ਕੇਵਲ ਭਾਰਤ ਤੇ ਖਾਸ ਕਰ ਪੰਜਾਬ ਨੂੰ ਹਾਸਿਲ ਹੋ ਕੇ ਇਹੋ ਜਿਹ ਸਰਬ ਸ੍ਰੋਮਣੀ ਰਹਿਨੁਮਾ ਦਾ ਪ੍ਰਕਾਸ਼ ਇਸ ਦੀ ਧਰਤੀ ਤੇ ਹੀ ਹੋਇਆ।

ਆ ਰਹੇ

[ਭਾਈ ਸੰਤ ਸਿੰਘ ਮੁਸਾਫਰ ਰੋਡੇ

ਕਲੂ ਕਠੋਰ ਘੋਰ, ਸੀ ਧਰਮ ਯਗ ਨ ਰਹੇ, ਪਾਖੰਡ ਪਾਪ ਦੇਸ ਤੇ ਹਮੇਸ਼ ਜੋਰ ਪਾ ਰਹੇ।
ਅਪਰਾਧ ਪਾਪਕਾਰਨੇ ਦੁਖੀ ਤਮਾਮ ਜੰਤ ਸੀ, ਨ ਰੈਨ ਚੈਨ ਧੇਨ ਕੋ ਅਵਤਾਰ ਧਾਰ ਆ ਰਹੇ।
ਕਰ ਨਿਰਦੋਖ ਜੀ ਧਰੇ ਸਭੈ ਸਰੂਪ ਰਾਮ ਸਿੰਘ,ਬੇਅੰਤ ਨਾਮ ਅਪਣਾਂਤਮਾਮ ਕੋ ਜਪਾ ਰਹੇ।
ਭਾਗਾਂਭਰੀ ਆਈ ਹੈ ਬਸੰਤ ਰੁਤ ਮਾਹੀ ਵਾਲੇ,ਆ ਰਹੇਨੇਚੀਨੀ ਵਾਲੇ ਪਾਤਸ਼ਾਹ ਨੇ ਆ ਰਹੇ।

Sri Satguru Jagjit Singh Ji Elibrary NamdhariElibrary@gmail.com

ਸਤਿਜੁਗ ਕਵੀ ਦਰਬਾਰ

ਸਮਸਿਆ ਪੂਰਤੀ

ਆਈ ਫੇਰ ਬਹਾਰ, ਦਾਤਾ ! ਆਈ ਫੇਰ ਬਹਾਰ

ਕੇਸਰ ਸਿੰਘ ਕੰਵਲ ਛੱਜਾਵਾਲਵੀ

ਬਾਗਾਂ ਅੰਦਰ ਕਲੀਆਂ ਹੱਸੀਆਂ, ਫੁਲਾਂ ਖਿੜ ਖਿੜ ਲਪਟਾਂ ਦੱਸੀਆਂ।
ਭੌਰਾਂ ਦੇ ਮਨ ਖੁਸ਼ੀਆਂ ਵੱਸੀਆਂ, ਪਾਈ ਏ ਗੁੰਜਾਰ।
ਦਾਤਾ ! ਆਈ ਫੇਰ ਬਹਾਰ।

ਰੁਖਾਂ ਨੇ ਅਜ ਰੂਪ ਵਟਾਏ। ਵੇਲਾਂ ਟੂਗੀਆਂ ਨੇ ਵਲ ਪਾਏ।
ਘਾਵਾਂ ਮੋਤੀ-ਤ੍ਰੇਲ ਲੁਟਾਏ, ਮੋਤੀ, ਹੀਰੇ ਹਾਰ।
ਦਾਤਾ ! ਆਈ ਫੇਰ ਬਹਾਰ।

ਪਾਇਆ ਧਰਤ ਬਸੰਤੀ ਬਾਣਾ। ਬੁਲ ਬੁਲ ਛੋਹਿਆ ਮਸਤ ਤਰਾਨਾ।
ਮੋਰ ਨਚੇ ਅਜ ਹੋ ਮਸਤਾਨਾ, ਸੋਹਣੇ ਖੰਭ ਖਿਲਾਰ।
ਦਾਤਾ ! ਆਈ ਫੇਰ ਬਹਾਰ।

ਝੂਮ ਰਹੀ ਅਜ ਡਾਲੀ ਡਾਲੀ। ਰਲਕੇ ਪੱਤ ਵਜਾਵਣ ਤਾਲੀ।
ਕੋਇਲ ਗਾਏ ਅਜਬ ਕਵਾਲੀ, ਸੁਣ ਸੁਣ ਚੜ੍ਹੇ ਖੁਮਾਰ।
ਦਾਤਾ ! ਆਈ ਫੇਰ ਬਹਾਰ।

ਕੰਤਾਂ ਵਾਲੀਆਂ ਮੌਜ ਮਨਾਵਣ। ਵਸਲ ਪਿਆਲੇ ਪੀਣ ਪਿਲਾਵਣ।
ਮੈਂ ਬ੍ਰਿਹਣ ਨੂੰ ਲੂਹਣ ਤਾਵਣ, ਫੁਲ,ਬਣ ਬਣ ਅੰਗਿਆਰ।
ਦਾਤਾ ! ਆਈ ਫੇਰ ਬਹਾਰ।

ਤਕ ਲੈ ! ਮੇਰੇ ਰਾਮ ਪਿਆਰੇ। ਵਗਦੇ ਬਿਹਬਲ ਨੈਣ ਫੁਹਾਰੇ।
ਬ੍ਰਿਹੋਂ ਡਾਕੇ ਦਿਲ ਤੇ ਮਾਰੇ, ਲੁਟਿਆ ਚੈਨ ਕਰਾਰ।
ਦਾਤਾ ! ਆਈ ਫੇਰ ਬਹਾਰ।

ਆ ! ਫਿਰ ਮੈਂ ਵੀ ਮੌਜ ਮਨਾਵਾਂ। ਆ ! ਫਿਰ ਮੈ ਵੀ ਰਾਸ ਰਚਾਵਾਂ।
ਆ ! ਫਿਰ ਮੈ ਵੀ ਜੀਵਨ ਪਾਵਾਂ, ਕਰ ਪੂਰਾ ਇਕਰਾਰ।
ਦਾਤਾ ! ਆਈ ਫੇਰ ਬਹਾਰ।

[ਸੰਤ ਸੰਪੂਰਨ ਸਿੰਘ ਜੀ ਦਿਲੀ]

ਮੁੜ ਮੁਸਕਾਈਆਂ ਕੋਮਲ ਕਲੀਆਂ, ਖੁਸ਼ਬੂ ਵਾਲੀਆਂ ਪੌਣਾਂ ਚਲੀਆਂ,
ਫੁਲਾਂ ਦੀ ਪ੍ਰਦਖਨਾ ਲੈਂਦੇ ਭੌਰੇ ਕਰਨ ਗੁੰਜਾਰ।
ਦਾਤਾ—ਆਈ ਫੇਰ ਬਹਾਰ..........

ਰੱਬ ਬਣ ਬੈਠਾ ਆਪ ਲਿਲਾਰੀ, ਰੰਗ ਦਿਤੀ ਉਸ ਦੁਨੀਆਂ ਸਾਰੀ,
ਬਨ ਉਪਬਨ ਕੀ, ਖੇਤ ਕਿਆਰੀ ਰੰਗੇ ਰੰਗਣ ਹਾਰ।
ਦਾਤਾ—ਆਈ ਨਵੀ ਬਹਾਰ..........

ਸੋਹਣੇ ਦਿਨ ਸੁਲਖਣੇ ਆਏ, ਬੁਲ ਬੁਲ ਫੁਲਤੋਂ ਸਦਕੇ ਜਾਏ,
ਮੇਰੇ ਮਨ ਵਿਚ ਚਾ ਆਇੰਦਾਏ ਵੇਖ ਉਨਾਂ ਦਾ ਪਿਆਰ।
ਦਾਤਾ—ਆਈ ਫੇਰ ਬਹਾਰ..........

ਸਤਗੁਰ ਮੇਰਾ ਅਇਆ ਹੋਵੇ, ਰੱਤਾ ਪਲੰਘ ਵਿਛਾਇਆ ਹੋਵੇ,
ਦਰਸ ਅੰਮ੍ਰਤ ਪੀ ਖੀਵਾ ਹੋਵਾਂ ਭੁਲ ਜਾਵਾਂ ਸੰਸਾਰ।
ਦਾਤਾ—ਆਈ ਫੇਰ ਬਹਾਰ..........

ਦਰ ਤੇ ਰਹਾਂ ਸਦਾ ਕਰ ਜੋੜੀ, ਤਕਦਾ ਰਹਾਂ ਜਿਵੇ ਚੰਨ ਚਕੋਰੀ,
ਚੁਮਾਂ ਚਰਨ ਧੂੜ ਲਾਂ ਮੱਥੇ (ਕਰਾਂ) ਬਾਰ ੨ ਨਮਸਕਾਰ।
ਦਾਤਾ—ਆਈ ਫੇਰ ਬਹਾਰ..........

ਮੈ ਚੜ ਕੋਠੇ ਦਿਆਂ ਦੁਹਾਈ, ਕਠੀ ਕਰਲਾਂ ਸਭ ਲੁਕਾਈ,
ਆਖਾਂ ਭੁਲਿਓ ਹੁਣ ਨ ਭੁਲਿਓ, ਏਹ ਆਇਆ ਨਿਰੰਕਾਰ।
ਦਾਤਾ—ਆਈ ਫੇਰ ਬਹਾਰ..........

ਏਹ ਲੋਚਾ ਮੇਰੀ ਕਰਦੇ ਪੂਰੀ, ਭੈਣੀ ਵਾਲੇ ਸਤਿਗੁਰ ਨੂਰੀ,
ਆ ਜਾਓ ਘਰ ਪ੍ਰਦੇਸੀ ਪ੍ਰੀਤਮ, ਤਾਂ ਏਹ ਸਫਲ ਬਹਾਰ।
ਦਾਤਾ—ਆਈ ਫੇਰ ਬਹਾਰ..........

[ਜਗਜੀਤ ਸਿੰਘ ਆਜ਼ਾਦ ਥਾਈਲੈਂਡ

ਤੇਰੇ ਤੋ ਹਾਂ ਵਿਛੜੇ ਪ੍ਰੀਤਮ, ਕੋਈ ਵਾਤ ਨ ਪੁਛੇ ਸਾਡੀ।
ਨ ਜੀਵਨ ਨ ਮੌਤ ਅਸਾਂ ਨੂੰ, ਵੇਖ ਕੀ ਹਾਲਤ ਸਾਡੀ।
ਜੇ ਇਕ ਦੁਖ ਹੋਵੇ ਤਾਂ ਦਸਾਂ, ਪੀੜ ਹਿਜਰ ਦੀ ਡਾਢੀ।
ਮੇਹਣੇ ਖਾ ਖਾ ਸੜਿਆ ਸੀਨਾ, ਨ ਵਿਚ ਵਿਛੋੜੇ ਮਾਰ।
ਦਾਤਾ ! ਆਈ ਫੇਰ ਬਹਾਰ।

ਜਾਕੇ ਵੜੀ ਜਾਂ ਬਾਗ ਦੇ ਅੰਦਰ, ਕੋਇਲਾਂ ਸ਼ੋਰ ਮਚਾਇਆ।
ਪਤੇ ਸਾਰੇ ਖਿੜ ਖਿੜ ਹਸਨ, ਪੰਛੀਆਂ ਰਾਗ ਅਲਾਇਆ।
ਰਾਗ ਬਸੰਤ ਸੁਰ ਦਿਲ ਖਿਚਵੀਂ, ਸਖੀਆਂ ਗਿਧਾ ਪਾਇਆ।
(ਪਰ)ਇਕਇਕ ਫੱਟ ਜਿਗਰ ਦਾ ਆਖੇ, ਦਰਸ ਦਿਖਾ ਇਕ ਵਾਰ।
ਦਾਤਾ! ਆਈ ਫੇਰ ਬਹਾਰ।
ਖੁਸ਼ੀ ਤ੍ਰਾਨੇ ਸੁਣਕੇ ਰਬ ਨੇ, ਅਰਸ਼ੋਂ ਮੀਂਹ ਵਰਸਾਇਆ।
ਸਖੀਆਂ ਪੀਂਘਾਂ ਪਈਆਂ ਝੂਟਨ ਜੀਅ ਮੇਰਾ ਲਲਚਾਇਆ।
ਮੈ ਇਕਲੀ, ਸਖੀਆਂ ਪ੍ਰੀਤਮ ਰਲੀਆਂ, ਮੇਰ ਨੈਨਾਂ ਨੀਰ ਬਹਾਇਆ।
ਆਈ ਰੁਤ ਬਹਾਰ ਬਸੰਤੀ ਲਾ ਚਰਨੀ ਇਕ ਵਾਰ।
ਦਾਤਾ! ਆਈ ਫੇਰ ਬਹਾਰ।
ਗਲ ਵਿਚ ਪਲੜਾ ਮਿਨਤਾਂ ਕਰਦੀ, ਲਾ ਚਰਨੀ ਇਕ ਵਾਰ।
ਦਾਤਾ! ਆਈ ਫੇਰ ਬਹਾਰ।

[ਸੰਤੋਖ ਸਿੰਘ ਸੰਤ ਨਗਰ

ਪਾਪ ਪਖੰਡ ਜਮਾਇਆ ਡੇਰਾ, ਛਾਇਆ ਜਗ ਤੇ ਜ਼ੁਲਮ ਹਨੇਰਾ।
ਜੀਵਨ ਜੋਤ ਜਗਾਂਵਨ ਦੇਲਈ ਕੀਤੀ ਧਰਤ ਪੁਕਾਰ, ਦਾਤਾ! ਆਈ ਫੇਰ ਬਹਾਰ।
ਦਾਤਾ! ਆਈ ਫੇਰ ਬਹਾਰ।
ਸੜਦੀ ਸ੍ਰਿਸ਼ਟੀ ਨੂੰ ਠੰਡ ਪਾਵਣ ਭੁਲੀ ਦੁਨੀਆਂ ਤਾਂਈ ਸਮਝਾਵਣ।
ਖੁਦੀ ਦਵੈਤ ਮਿਟਾਵਣ ਦੇਲਈ, ਆਏ ਧਰ ਅਵਤਾਰ, ਦਾਤਾ! ਆਈ ਫੇਰ ਬਹਾਰ।
ਦਾਤਾ! ਆਈ ਫੇਰ ਬਹਾਰ।
ਗਿਆ ਹਨੇਰਾ ਚਾਨਣ ਹੋਇਆ ਬੁਲ ਬੁਲ ਬਾਗੀਂ ਗਾਣਾ ਛੋਹਿਆ।
ਜਗ ਤਾਰਨ ਪ੍ਰੀਤਮ ਜੀ ਆਏ, ਆਖੇ ਨਾਲ ਪਿਆਰ।
ਦਾਤਾ! ਆਈ ਫੇਰ ਬਹਾਰ।
ਕਲੀ ਖਲੋਤੀ ਖਿੜ ਖਿੜ ਹਸ ਗੇਂਦਾਂ ਚੰਬਾਂ ਜਰਦੀਆਂ ਖਸੇ।
ਤਕ ਤਕ ਸੋਹਣਾਂ ਮੁਖ ਗੁਲਾਬੀ ਭੌਰ ਕਰਨ ਗੁੰਜਾਰ।
ਦਾਤਾ! ਆਈ ਫੇਰ ਬਹਾਰ।
ਜੋ ਸਿਖੀ ਦਸਮੇਸ ਜੀ ਵਾਲੀ ਧਰਮ ਕਰਮ ਬਿਨ ਹੋਈ ਖਾਲੀ।
ਖਿੰਡੀ ਪੁੰਡੀ ਫੇਰ ਸੰਭਾਲੀ ਕਰਕੇ ਮੇਹਰ ਅਪਾਰ।
ਦਾਤਾ! ਆਈ ਫੇਰ ਬਹਾਰ।

ਮੁੜ ਖਾਲਸਾ ਪੰਥ ਚਲਾਇਆ ਸੁਕਾ ਜੋ ਸੀ ਬਾਗ ਫੁਲਾਇਆ ।
ਪਰ ਉਹ ਫੁਟਦੀਆਂ ਕੂਲੀਆਂ ਲਗਰਾਂ ਤੁਰ ਗੈ ਦਿਲੋਂ ਵਿਸਾਰ ।
ਦਾਤਾ! ਆਈ ਫਰ ਬਹਾਰ ।
ਹਾਏ ਦਿਲ ਮੇਰਾ ਡੁਬਦਾ ਜਾਵੇ, ਚੰਦ ਨਾਂ ਸੋਹਣਾਂ ਨਦਰੀ ਆਵੇ ।
ਆਵਣ ਸਾਂਹਵੇ ਤਾਰੇ ਬਣ ਬਣ, ਕੀਤੇ ਜੋ ਉਪਕਾਰ ।
ਦਾਤਾ! ਆਈ ਫੇਰ ਬਹਾਰ ।
ਵਾਂਗ ਸੁਦੈਣਾਂ ਵਾਲ ਖਿਲਾਰੇ ਡਿਠੇ ਮੰਦਰ ਮਸਜਦ ਸਾਰੇ ।
ਨਾਂ ਲਭੇ ਵੜ ਆਸ ਦੀ ਮਾਲਾ ਬਹਿ ਗਈ ਆਖਰ ਹਾਰ ।
ਦਾਤਾ! ਆਈ ਫੇਰ ਬਹਾਰ ।
ਝਲੇ ਦੁਖ ਜੁਦਾਈ ਡਾਢੇ, ਹੁਣ ਤੇ ਜਾਗਣ ਭਾਗ ਅਸਾਡੇ ।
ਆਈ ਰੁਤ ਬਸੰਤੀ ਮੁੜ ਫਿਰ, ਤਨ ਤਾਂਈ ਸ਼ਿੰਗਾਰ
ਦਾਤਾ! ਆਈ ਫੇਰ ਬਹਾਰ
ਸਾਡੇ ਦਿਲਾਂਦੀ ਆਸ ਪੁਜਾਵੋ, ਦੁਖ ਹਰ ਸਾਨੂੰ ਮੁਖ ਦਿਖਲਾਵੋ ।
ਰਊ ਗਰੀਬਾਂ ਚਰਨੀ ਲਾਵੋ ਚੀਨੀ ਦੇ ਅਸਵਾਰ। ਦਾਤਾ! ਆਈ ਫੇਰ ਬਹਾਰ।
ਦਾਤਾ!— ਆਈ ਫੇਰ ਬਹਾਰ ।

[ਤਾਰਾ ਸਿੰਘ ਧੁੰਨੀ]

ਬੜੇ ਚਿਰਾਂ ਤੋਂ ਭਾਰਤ ਸਾਡਾ ਹੈਸੀ ਬੜਾ ਦੁਖਾਰ।
ਲੋਕ ਵਿਦੇਸ਼ੀ ਏਥੇ ਆਕੇ, ਬਣ ਬੈਠੇ ਮੁਖਤਾਰ।
ਬਿਨਾਂ ਗੁਨਾਹੋ ਦੇਣ ਤਸੀਹੇ, ਐਸੀ ਰਬ ਦੀ ਮਾਰ।
ਮਜਲੂਮਾਂ ਦੀਆਂ ਕੂਕਾਂ, ਸੁਣਕੇ ਬੋਲ ਪਏ ਨਿਰੰਕਾਰ ।
ਕਰਨ ਤੁਸਾਂਦੀ ਰਖਿਆ ਖ਼ਾਤਰ ਆਵੇਗਾ ਬਾਂਵੀ ਅਵਤਾਰ।
ਮਾਘ ਸੁਦੀ ਜਦ ਪੰਚਮੀ ਆਈ ਲੈ ਬਾਹਰਵਾਂ ਅਵਤਾਰ।
ਦਾਤਾ ਆਈ ਫੇਰ ਬਹਾਰ...............
ਦੁਨੀਆਂ ਤੇ ਜਦ ਪ੍ਰਗਟ ਹੋਏ, ਬੋਲ ਉਠੇ ਸਭ ਜੈ ਜੈ ਕਾਰ।
ਜ਼ਾਲਮ ਲੋਕੀ ਥਰ-੨-ਕੰਬਦੇ, ਭਗਤਾਂ ਨੂੰ ਹੋਈ ਖੁਸ਼ੀ ਅਪਾਰ।
ਭਾਰਤ ਦਾ ਦੁਖ ਮੇਟਨ ਦੇ ਲਈ ਬਣ ਬੈਠੇ ਚੀਨੀ ਅਸਵਾਰ।
ਜਿਸ ਥਾਂ ਤੋਂ ਸੀ ਲੰਘਦੇ ਜਾਂਦੇ ਸਿਜਦੇ ਕਰਨ ਲੋਕ ਸੌ ਵਾਰ।
ਚੁਕ ਚੁਕ ਧੂੜੀ ਮਥੇ ਲਾਵਣ ਮੁਖ ਥੀਂ ਬੋਲਣ ਧੰਨ ਕਰਤਾਰ
ਪਾਪ ਖ਼ਿਜਾਂ ਰੁਤ ਹੋਈ ਸਮਾਪਤ ਭੌਰੇ ਕਰਨ ਗੁੰਜਾਰ।
ਦਾਤਾ ਆਈ ਫੇਰ ਬਹਾਰ...........

Sri Satguru Jagjit Singh Ji Elibrary NamdhariElibrary@gmail.com

[ਬਲਿਹਾਰ ਜਾਵਾਂ ਦਿਲੀ

ਤੇਰੇ ਚੋਜੀਆ ਚੋਜ ਨਿਰਾਲੜੇ ਨੇ—ਜਿਸ ਦਾ ਆਵੇ ਨ ਅੰਤ ਸ਼ੁਮਾਰ ਦਾਤਾ।
ਸੁੱਕੇ ਸੜੇ ਕੀਤੇ ਹਰੇ ਪਲਾਂ ਅੰਦਰ—ਜੇਹੜੇਸਦੀਆਂ ਤੋਂ ਸਨ ਲਾਚਾਰ ਦਾਤਾ।
ਕਾਮ ਕਰੋਧ ਹੰਕਾਰ ਦੀ ਅੱਗ ਅੰਦਰ-ਜੇਹੜੇ ਰਹਿੰਦੇ ਸਨ ਸਦਾ ਬੀਮਾਰ ਦਾਤਾ।
ਸੁਚ ਸੋਧ ਤੇ ਨਾਮਦੀ ਦਾਤ ਦੇਕੇ--ਰੁੜਦੇ ਜਾਂਦਿਆਂ ਨੂੰ ਕੀਤਾ ਪਾਰ ਦਾਤਾ।
ਭਾਰਤ ਮਾਂ ਦੇ ਦੁਖੜੇ ਦੂਰ ਕੀਤੇ-ਨਾਲੇ ਗਊਆਂ ਦੀ ਸੁਣੀ ਪੁਕਾਰ ਦਾਤਾ।
ਬਾਵੀ ਕੁਲ ਤੇ ਕੁਲ ਸੰਸਾਰ ਉਤੇ-ਚਿਰਾਂ ਪਿਛੋ ਹੈ ਆਈ ਬਹਾਰ ਦਾਤਾ।
ਦੇਵੀ ਦੇਵਤੇ ਫੁਲ ਬਰਸਾ ਰਹੇ ਨੇ, ਰਿਸ਼ੀ ਮੁਨੀ ਸਾਰੇ ਜੱਸ ਗਾਨ ਤੇਰਾ।
ਦਾਈ ਵੇਖਕੇ ਜਲਵਾ ਹੈਰਾਨ ਹੋਈ, ਅੱਜ ਡਿਠਾ ਏਹ ਅਜਬ ਨਿਸ਼ਾਨ ਤੇਰਾ।
ਨੂਰੀ ਝਲਕ ਦੀ ਝਲਕ ਨ ਜਾਏ ਝਲੀ, ਵੱਜਾ ਵਿਚ ਕਲੇਜੜੇ ਬਾਨ ਤੇਰਾ।
ਹਰ ਇਕ ਪਾਸਿਓਂ ਖੁਸ਼ੀਦੇ ਨਾਦ ਵੱਜਨ,ਮਸਤੀਵਿਚ ਝੂਮੇ ਹਿੰਦੋਸਤਾਨਤੇਰਾ।
ਗਊਆਂ ਖੁਸ਼ੀਦੇ ਵਿਚਸਮਾਉਂਦੀਆਂ ਨਹੀਂ,ਕੀਤਾ ਦੂਰ ਗੁਲਾਮੀ ਦਾ ਭਾਰ ਦਾਤਾ।
ਜੀਵ ਜੰਤ ਜਾਏ 'ਬਲਿਹਾਰ' ਤੈਥੋਂ--ਕਿਉਂਕਿ ਆਈਏ ਫੇਰ ਬਹਾਰ ਦਾਤਾ।

ਬਿਗਲ ਵਜਾਇਆ ਆਨ

[ਵਲੋਂ ਇਕਬਾਲ ਸਿੰਘ ਮਨਚੰਦਾ

ਸ੍ਰੀ ਦਸਮੇਸ ਜੀ ਕੀ ਸਿਖੀ ਜਬ ਅਸਿਖੀ ਭਈ,
ਹੋਮ ਯੱਗ ਪਾਠ ਪੂਜਾ ਛਿਪ ਗਈ ਜਹਾਨ ਸੇ।
ਗਰੰਥ ਪੁਰਾਨ ਕੋਈ ਨ ਪੜੇ ਵਹੀ ਪੜ੍ਹੇ ਰਹੇ.
ਦੂਰ ਦੂਰ ਰਹੇਂ ਸਿਖ ਧਰਮ ਅਸਥਾਨ ਸੇ।
ਮਾਸ ਔਰ ਮਦਰਾ ਕਾ ਜ਼ੋਰ ਹੁਆ ਸ਼ਿਖਨ ਮੈਂ,
ਬੇਦਨ ਕੀ ਰੀਤ ਮਿਟ ਗਈ ਹਿੰਦਵਾਨ ਸੇ।
ਤੈਸੇ ਸਮੇਂ ਧਰਾ ਕੀ ਪੁਕਾਰ ਸੁਨ ਆਪ ਹਰੀ,
ਰਾਮ ਮ੍ਰਿਗਿੰਦ ਆਏ ਦੇਵ ਅਸਥਾਨ ਸੇ।
ਨਾਮ ਧਰਾ ਨਾਮਧਾਰੀ ਨਾਮ ਕੀ ਚਲਾਈ ਧਾਰਾ,
ਬਿਗੜੀ ਸੰਵਾਰ ਬੂਟਾ ਸਿਖੀ ਕਾ ਬਚਾਯਾ ਆਨ।
ਭਏ ਸੂਰਬੀਰ ਲੜੇ ਦੇਸ ਦੀ ਆਜ਼ਾਦੀ ਹਿਤ,
ਗੁਰੂ ਰਾਮ ਸਿੰਘ ਜਬ ਬਿਗਲ ਬਜਾਯਾ ਆਨ।

ਸੰਤ ਸੁੰਦਰ ਸਿੰਘ ਜੀ ਸੇਵਕ ਬੈਂਕੋਕ ਸਿਆਮ

ਘੂਕ ਸੁਤੀ ਹਿੰਦ ਗੁਲਾਮੀ ਵਾਲੇ ਝੂਲੇ ਹੇਠ,
ਸਤਿਗੁਰੂ ਰਾਮ ਸਿੰਘ ਝੂਨਕੇ ਜਗਾਇਆ ਆਨ।
ਭਾਰਤ ਅਨਾਥਨੀ ਸਨਾਥਨੀ ਬਨਾਵਨੇ ਕੋ,
ਆਜ਼ਾਦੀ ਵਾਲਾ ਨਾਦ ਸਾਰੇ ਦੇਸ ਨੂੰ ਸੁਨਾਇਆ ਆਨ।
ਸ਼ਾਂਤ ਮਈ ਜੰਗ ਵਾਲਾ ਝੰਡਾ ਭੈਣੀ ਸਾਹਿਬ ਵਿਚ,
ਉਚਾ ਕਰ ਦਿਤਾ ਸਾਰੇ ਦੇਸ ਨੂੰ ਦਿਖਾਇਆ ਆਨ।
ਸ੍ਰੀ ਦਸਮੇਸ਼ ਜੀ ਦਾ ਅੰਮ੍ਰਿਤ ਛਕਾਏ ਕਰ,
ਬੀਰ ਰਸ ਭਰ ਸੰਤ ਖਾਲਸਾ ਸਜਾਇਆ ਆਨ।
ਗੋਰੀ ਸ੍ਰਕਾਰ ਨਾਲ ਲਾਇਆ ਮਥਾ ਸਿਧੇ ਹੋਕੇ,
ਬਾਈਕਾਟ ਵਾਲਾ ਨਾਹਰਾ ਸਭ ਨੂੰ ਸੁਨਾਇਆ ਆਨ।
ਗਊਆਂ ਤੇ ਗਰੀਬਾਂ ਦਿਆਂ ਵੈਰੀਆਂ ਨੂੰ ਸੋਧ ਦਿਤਾ,
ਦੁਖ ਕੱਟ ਦਿਤੇ ਸੁਖੀ ਦੇਸ ਨੂੰ ਬਨਾਇਆ ਆਨ।
ਤੋਪਾਂ ਅੱਗੇ ਉਡੇ ਕਈ ਫਾਸੀਆਂ ਤੇ ਚੜ੍ਹੇ ਸੂਰੇ,
ਕਈਆਂ ਕਾਲੇ ਪਾਣੀ ਵਿਚ ਡੇਰਿਆਂ ਨੂੰ ਲਾਇਆ ਆਨ।
ਸੇਵਕਾਂ ਦੇ ਲਈ ਜਾ ਬਦੇਸ਼ ਵਸੇ ਸ਼ਾਹੀ ਮੇਰੇ,
ਸਤਿਗੁਰੂ ਰਾਮ ਸਿੰਘ ਬਿਗਲ ਵਜਾਇਆ ਆਨ।

ਮਿਹਰਬਾਨ ਸਿੰਘ ਜੀ ਅਫਰੀਕਾ

ਗੁਰੂ ਦਸ਼ਦੇਸ਼ ਜਿਸ ਅਰਸ਼ ਕੇ ਨਰੇਸ਼ ਹਿਤ,
ਸ੍ਰੀ ਮੁਖਵਾਕ ਸ਼ੁਭ ਬਚਨ ਅਲਾਇਆ ਆਨ।
ਦੁਆਦਸ ਸਰੂਪ ਗੁਰੂ ਨਾਨਕ ਗੋਵਿੰਦ ਰੂਪ,
ਬਸੰਤ ਕੋ ਅਨੰਤ ਕੰਤ ਹਿੰਦ ਕੋ ਸੋਹਾਇਆ ਆਨ।
ਸੁਰਛਯਕ ਧਰਮ ਅਰਥ ਦਸ਼ਯਕ ਕਾਮ ਮੋਖ,
ਗਊ ਔ ਗਰੀਬ ਸਮ ਧੀਰਜ ਬੰਧਾਇਆ ਆਨ।
ਮਲੇਸ਼ ਪ੍ਰਵੇਸ਼ ਸਵੈਦੇਸ਼ ਮੇਂ ਸੇ ਮੇਸਨੇ ਕੋ,
ਖੇਸ਼,ਬੇਸ਼ ਭੇਸ਼ ਬਿਗਲ ਬਜਾਇਆ ਆਨ।
ਦੰਭਨ ਪਾਖੰਡਨ ਪ੍ਰਚੰਡ ਪਾਪ ਖੰਡਨ ਕੋ,
ਦੰਡਨ ਕੋ ਦੁਸ਼ਟ ਪੁਸ਼ਟ ਖਾਲਸਾ ਕਰਾਇਆ ਆਨ।

ਗਰਤ ਪਰਤ ਜੋ ਸਿੱਖਨ ਲਜਤ ਫਿਰਤ,
ਸੁਧਾ ਬਾਣੀ ਸਿੰਚ ਤਾਂਹਿ ਪੰਚ ਬਿਠਲਾਇਆ ਆਨ।
ਮਦੁਰਾ ਪਿਵਤ ਸਮ ਗੰਧਰਾ ਰੁਲਤ ਜੌਨ,
ਅੰਮਿਰਤ ਪੀਆਇ ਤਾਂਹਿ ਦੇਵਨ ਸਜਾਇਆ ਆਨ।
ਰੜੱਕ ਫੜਕ ਕੱਢ ਅੜਕ ਮੜਕ ਕੱਟ,
ਦਾਨ ਇਸਨਾਨ ਨਾਮ ਬਿਗਲ ਬਜਾਇਆ ਆਨ।
ਕਾਵਨ ਫਰੰਗੀ ਜੋ ਰੀਸਾਇ ਬਜਰੇਗੀ ਸਮ,
ਸੰਤ ਅਨੰਤ ਤਕ ਅਤੀ ਘਬਰਾਇਆ ਆਨ।
ਅੰਜੀਲ ਤਮਸੀਲ ਤਾਮੀਲ ਉਲਟ ਪੁਲਟ,
ਜੀਜ਼ਜ਼ ਕਰਾਈਸਟ ਸਿਓਂ ਸੀਜ਼ਰ ਵਟਾਇਆਆਨ।
ਸਤਿਗੁਰ ਸਮਦਰਸ ਨਿਰਭੁਉ ਨਿਰਵੈਰ,
ਕਾਗੜ ਕਰੰਗੀ ਪਸ਼ ਵੈਰ ਵਧਾਇਆ ਆਨ।
ਅਗਮ ਅਥਾਹ ਗੁਰ ਸਤਿਗੁਰੂ ਰਾਮ ਸਿੰਘ,
ਅਹਿਲ ਅਡੋਲ ਧਰਮ ਬਿਗਲ ਬਜਾਇਆ ਆਨ।
ਹਰ ਕਾਰ ਕੇ ਕਰੱਈਯਾ ਧਰਾ ਧਰਮਕੇ ਚਲਈਯਾਕਲਾ,
ਧਾਰਕੇ ਰਮਈਆ ਮੱਈਆ ਸ੍ਵਾਂਗ ਵਰਤਾਇਆ ਆਨ।
ਯੁਗੱ ਯੁਗੋ ਪ੍ਰਯੰਤ ਆਇ ਆਦਿ ਮਧ ਅੰਤਿ ਗੁਰੂ,
ਨਾਨਕ ਗੋਵਿੰਦ ਦੁਆਦਸ ਨਾਟਕ ਰਚਾਇਆ ਆਨ।
ਸੰਤਾਂ ਕੋ ਉਬਾਰਨੇ ਕਉ, ਦੁਸ਼ਟਾਂ ਕੇ ਉਪਾਰਨੇ ਕੋ,
ਫੁਨ ਰਿਸ਼ੀ ਸਰਦਾਰ ਸੰਤ ਖਾਲਸਾ ਸਜਾਇਆ ਆਨ।
ਥਰਾ ਥਰਾ ਕਾਂਪੇ ਹਾਂਪੇ ਪਾਪ ਪਿਸਾਚਨ ਕੇ,
ਧਨੁਰ ਪਾਨ ਧਰਿਤ ਬਿਗਲ ਬਜਾਇਆ ਆਨ।

(ਖਜਾਨ ਸਿੰਘ ਜੀ "ਇਨਸਾਫ" ਲਾਲਾ ਮੂਸਾ ਹਾਲ ਬੈਂਕੋਕ ਸਿਆਮ)

ਦਸਮ ਗੁਰੂ ਜੀ ਵਾਲੀ ਜੋਤ ਸੀ ਅਲੋਪ ਹੋਈ,
ਪਿਛੋਂ ਸਿੰਘਾਂ ਅਪੋ ਵਿਚ ਫੁਟ ਨੂੰ ਵਧਾਇਆ ਆਨ।
ਇਕ ਦੂਜੇ ਭਾਈ ਦੀ ਉਚਾਈ ਨੂੰ ਨ ਵੇਖ ਸਕਣ,
ਈਰਖਾ ਦਵੈਖ ਭੈੜੀ ਡੇਰਾ ਸੀ ਜਮਾਇਆ ਆਨ।
ਗੁਰਮਤ ਛੋੜ ਦੀਨੀ ਮਨ ਮਤੀ ਹੋਏ ਸਿੰਘ,
ਵਿਭ ਚਾਰ ਮਾਸ ਔ ਸ਼ਰਾਬ ਸੀ ਉੜਾਇਆ ਆਨ।

ਚੋਰੀ ਯਾਰੀ ਠਗੀ ਸੰਦੀ ਵਿਸ਼ਿਆ ਦੀ ਕਾਂਗ ਚੜ੍ਹੀ,
ਬੇੜੀ ਮੰਝ ਧਾਰ ਉਤੇ ਕਦਮ ਸੀ ਟਿਕਾਇਆ ਆਨ।
ਐਸੇ ਸਮੇਂ ਦਸਮੇਸ਼ ਫਿਰ ਕੀਤਾ ਪ੍ਰਵੇਸ਼,
ਗੁਰੂ ਰਾਮ ਸਿੰਘ ਨਾਮ ਜਗ ਤੇ ਧਰਾਇਆ ਆਨ।
ਖੂਬ ਕੀਤਾ ਪ੍ਰਚਾਰ ਕਰ ਦਿਤਾ ਖਬਰਦਾਰ,
ਜਪੋ ਨਾਮ ਪੜ੍ਹੋ, ਬਾਣੀ, ਮੁਖ ਤੋਂ ਅਲਾਇਆ ਆਨ।
ਕਢ ਦਿਤੇ ਐਬ ਤੇ ਵਿਕਾਰਾਂ ਤਾਈਂ ਦੂਰ ਕੀਤਾ,
ਫਿਰ ਨਵੇਂ ਸਿਰੇ ਸੰਤ ਖਾਲਸਾ ਸਜਾਇਆ ਆਨ।
ਸਿਧੀ ਦਸਤਾਰ ਸੀਸ ਗਲੇ ਵਿਚ ਸੋਹੇ ਮਾਲਾ,
ਸਤਿਜੁਗੀ ਸਵੈਤ ਬਾਣਾਂ ਕਲੂ ਮਹਿ ਪੈਹਨਾਇਆ ਆਨ।
ਹਜ਼ੂਰ ਨੇ ਫਰਮਾਇਆ ਹਕ ਖਾਣਾਂ ਨ ਪਰਾਇਆ,
ਗਊ ਸੂਰ ਸਮਜਾਨੋ ਇਹ ਪੜ੍ਹਕੇ ਸੁਨਾਇਆ ਆਨ।
ਇਸਤ੍ਰੀ ਜਾਤ ਦੀ ਸਮਾਨਤਾ ਦਾ ਹਕ ਰਖ
ਰੈਹਤ ਰਖਵਾਈ ਤੇ ਅਮਰਿਤ ਛਕਾਇਆ ਆਨ।
ਚਾਰੋ ਕੂੰਟ ਦੌਰਾ ਕਰ ਸ੍ਰੀ ਗੁਰੂ ਰਾਮ ਹਰ,
ਔਝੜ ਜਾਂਦੇ ਜੀਵਾਂ ਤਾਈ ਸਿਧੇ ਰਾਹ ਪਾਇਆ ਆਨ।
ਸੀ ਸਮਾਂ ਅੰਧ ਘੋਰ, ਪਾਇਆ ਜਾਲਮਾਂ ਨੇ ਜੋਰ,
ਛੁਰੀ ਹੇਠ ਰਖ ਗਊ, ਤੇ ਗਰੀਬਾਂ ਨੂੰ ਦੁਖਾਇਆ ਆਨ।
ਚੀਨੀ ਵਾਲੜੇ ਦੇ ਲਾਲ ਸੋਹਣੇ ਗਜੇ ਆ ਮੈਦਾਨ,
ਅਮਰਿਤਸਰ ਕੋਟਲੇ ਦੇ ਜੁਲਮਨੂੰ ਮਿਟਾਇਆ ਆਨ।
ਭਾਰਤ ਨਿਮਾਣੀ ਦੁਖੀ ਹੋਏ ਕੁਰਲਾਣੀ,
ਮੇਰੀ ਸੁਣ ਲੋ ਕਹਾਣੀ ਮੈਨੂੰ ਗੈਰਾਂ ਨੇ ਦਬਾਇਆ ਆਨ।
ਸਖਤ ਝੁਲ ਰਹੀ ਸੀ ਆਂਧੀ ਨ ਸੀ ਨੈਹਰੂ ਨ ਸੀ ਗਾਂਧੀ,
ਸੀ ਫਰੰਗੀਆਂ ਦਾ ਰਾਜ ਕਿਸੇ ਕਦਮ ਨ ਵਧਾਇਆ ਆਨ।
ਐਸੇ ਸਮੇ ਕਾਂਗਰਸ ਦਾ ਨਾਮ ਨ ਨਿਸ਼ਾਨ ਹੈਸੀ,
ਸਭਤੋਂ ਪੈਹਲੇ ਚੀਨੀ ਵਾਲੇ ਦੇਸ਼ਨੂੰ ਉਠਾਇਆ ਆਨ।
ਗਾਹੜੀ ਨੀਂਦ ਸੁਤੇ ਪਏ ਭਾਰਤ (ਨੂੰ) ਹਲੂਣਾਂ ਦੇ,
ਸਤਿਗੁਰੂ ਰਾਮ ਸਿੰਘ ਬਿਗਲ ਵਜਾਇਆ ਆਨ।

ਗੋਬਿੰਦ ਰਾਮ ਚੂਘ ਸਿੰਧੀ ਇੰਦੌਰ

ਨਿਰੰਕਾਰੀ ਜੋਤ, ਸਤਿਗੁਰੂ ਰਾਮ ਸਿੰਘ ਜੀ!

ਅਜ ਬਸੰਤ ਪੰਚਮੀ ਦਾ ਭਾਗਾਂ ਭਰਿਆ ਪਰਮ ਪਾਵਨ ਦਿਨ ਹੈ। ਅਜ ਦੇ ਦਿਨ ਸਤਿਗੁਰੂ ਨਾਨਕ ਦੇਵ ਜੀ ਦੀ ਬਾਰਵੀਂ, ਜੋਤ ਦੀਨ ਗਰੀਬ ਤੇ ਗੋ ਰਖਸ਼ਕ ਸ੍ਰੀ ਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਹਿਬ ਸ੍ਰੀ ਬਾਬਾ ਜਸਾ ਸਿੰਘ ਜੀ ਤੇ ਮਾਤਾ ਸਦਾਂ ਦੀ ਗੋਦ ਵਿਚ ਪ੍ਰਗਟ ਹੋਏ ਸਨ। ਗੁਰੂ ਨਾਨਕ ਜੀ ਬਾਬਤ ਲਿਖਆ ਹੈ।

ਆਪ ਨਰਾਇਨ ਕਲਾਧਾਰ।
ਜਗ ਮੇ ਪ੍ਰਵਰਿਯ।
ਨਿਰੰਕਾਰ ਆਕਾਰ ਜੋਤ।
ਜਗ ਮੰਡਲ ਕਰਿਯੋ।
(ਆਦ ਸ੍ਰੀ ਗ੍ਰੰਥ ਸਾਹਿਬ।

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਕਰਤਾਰਾ।
(ਸ੍ਰੀ ਦਸਮ ਗ੍ਰੰਥ)

ਆਪ ਪ੍ਰਭੂ ਗੁਰ ਨਾਨਕ ਰੂਪੰ
ਪ੍ਰਗਟ ਭਏ ਜਗ ਮੇ ਸੁਖ ਭੂਪੰ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਛੋਂ ਗੁਰੂ ਅੰਗਤ ਤੇ ਗੁਰੂ ਅਮਰ ਦਾਸ ਆਦਿ ਜੋ ਗੁਰੂ ਹੋਏ ਹਨ,ਓਹ ਭੀ ਅਕਾਲ ਪੁਰਖ ਰੂਪ ਹਨ- ਵੇਖੋ ਸ੍ਰੀ ਗ੍ਰੰਥ ਸਾਹਿਬ–

"ਸਤਿਜੁਗਿ ਤੈਂ ਮਾਣਿਓ ਛਲਿਓ
ਬਲਿ ਬਾਵਨ ਭਾਇਓ ਆਦਿ।

ਇਸੀ ਪਰਕਾਰ ਸਤਿਗੁਰੂ ਰਾਮ ਸਿੰਘ ਜੀ ਵੀ ਅਕਾਲ ਪੁਖਰ ਦੀ ਜਾਗਦੀ ਜੋਤ ਹਨ।

ਅਕਾਲ ਪੁਰਖ ਰੂਪ ਬਾਲਕ ਗੁਰੂ ਰਾਮ ਸਿੰਘ ਜੀ ਨੂੰ ਦਾਈ ਵੇਖ ਕਰ ਖ਼ੁਸ਼ੀ ਵਿਚ ਮਾਤਾ ਸਦਾਂ ਜੀ ਨੂੰ ਸੁਚੇਤ ਕਰਦਿਆਂ ਵਧਾਈ ਦਿਤੀ ਤੇ ਆਖਿਆ ਚੰਨ ਵਰਗਾ ਅਪਣਾਂ ਪੁਤਰ ਤਾਂ ਵੇਖ ਫਿਰ ਦਾਈ ਨੇ ਬਾਬਾ ਜਸਾ ਸਿੰਘ ਜੀ ਤੇ ਭਾਈ ਚਾਰੇ ਦੇ ਹੋਰ ਮਰਦ ਤੇ ਤੀਵੀਆਂ ਨੂੰ ਵਧਾਈ ਦਿਤੀ। ਫਿਰ ਤਾਂ ਸਾਰ ਮਹੱਲੇ ਦੇ ਲੋਗ ਬਾਬਾ ਜੀ ਨੂੰ ਵਧਾਈ ਦੇਨ ਆ ਗਏ।

ਇਸ ਪ੍ਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਲ ਕੇਲ ਕਰਦੇ ਹੋਏ ਜਦ ਕਿਸ਼ੋਰ ਅਵਸਥਾ ਵਿਚ ਆਏ ਤਾਂ ਜਗਤ ਪਾਪਾਂ ਦੀ ਭੱਠੀ ਵਿਚ ਜਲਦਾ ਵੇਖਿਆ। ਗੁਰੂ ਦਸਮੇਸ਼ ਦੇ ਪਿਛੋਂ ਸਿਖੀ ਦਾ ਕਲਪ ਬਿਰਛ ਕੁਮਲਾ ਗਿਯਾ ਸੀ। ਨਿਤਨੇਮ ਸੰਧਆ ਕੀਰਤਨ ਤੇ ਭਜਨ ਪਾਠ ਲੋਕ ਭੁਲਾ ਚੁਕੇ ਸਨ। ਸ੍ਰੀ ਗ੍ਰੰਥ ਸਾਹਿਬ ਵੀ ਅਲਮਾਰੀਆਂ ਵਿਚ ਰਖੇ ਹੋਏ ਸਨ। ਉਹਨਾਂ ਉਪਰ ਮਿਟੀ ਚੜ੍ਹੀ ਹੋਈ ਸੀ ਨ ਕੋਈ ਗੁਰਦੁਆਰ ਜਾਂਦਾ ਤੇ ਨ ਕੋਈ ਗੁਰਬਾਣੀ ਪੜ੍ਹਦਾ ਸੀ। ਮਾਸ ਮਦਿਰਾ ਤੇ ਤਮਾਕੂ ਦਾ ਘਰ ਘਰ ਵਿਚ ਵਾਸਾ ਸੀ ਖਾਲਸਾ ਦੇਵਤਿਆਂ ਤੋਂ ਮਲੇਛ ਬਣ ਚੁਕਾ ਸੀ। ਖਾਲਸਾ ਦੀ ਆਪਸ ਵਿਚ ਫੁਟ ਤੇ ਜਗੀਰਾਂ ਦੇ ਲੋਭ, ਨੇ ਮਹਾਰਾਜਾ ਰਣਜੀਤ ਸਿੰਘਜੀ ਦਾ ਜਮਿਆ ਹੋਯਾ ਖਾਲਸਾ ਰਾਜ ਅੰਗ੍ਰੇਜ਼ਾਂ ਦੇ ਹੱਥਾਂ ਵਿਚ ਦੇ ਦਿਤਾ ਸੀ ਸਾਰੇ

Sri Satguru Jagjit Singh Ji Elibrary NamdhariElibrary@gmail.com

ਭਾਰਤ ਵਿਚ ਅੰਗ੍ਰੇਜ਼ੀ ਹਕੂਮਤ ਕੈਮ ਹੋ ਚੁਕੀ ਸੀ।

ਪਰੰਤੂ ਖਾਲਸਾ ਜੀ ਦੀ ਫੁਟ ਨੇ ਖਾਲਸਾ ਰਾਜ ਨੂੰ ਖਤਮ ਕਰਦਿਤਾ। ਦੀਨ ਗਰੀਬ ਤੇ ਸਾਧੂ ਸੰਤ ਸਤਾਏ ਜਾਂਨ ਲਗੇ।

ਦੇਸ ਤੇ ਧਰਮ ਦੀ ਏਹ ਹਾਲਤ ਵੇਖਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਿਲਟਰੀ ਦੀ ਨੌਕਰੀ ਨੂੰ ਤਿਆਗ ਕਰ ਦੇਸ ਤੇ ਧਰਮ ਦੀ ਰਖਿਆ ਲਈ ਮੈਦਾਨ ਵਿਚ ਆਗਏ। ਪੰਜਾਬ ਵਿਚ ਭਰਮਣ ਕਰਕੇ ਖੂਬ ਪ੍ਰਚਾਰ ਕੀਤਾ। ਇਨਾਂ ਦੇ ਪ੍ਰਚਾਰ ਦੀ ਬਲੰਦ ਗਰ-ਜਨਾ ਭਾਰਤ ਦੇ ਬਾਹਰ ਕਾਬਲ ਕੰਧਾਰ ਤੇ ਨੇਪਾਲ ਆਦਿ ਦੇਸਾਂ ਵਿਚ ਵੀ ਗੂੰਜ ਪਈ ਹੈ ਅੰਗ੍ਰੇਜ਼ਾਂ ਦੇ ਹਸਪਤਾਲ ਤੇ ਸਕੂਲ ਲੋਕਾਂ ਨੂੰ ਈਸਾਈ ਬਨਾਨ ਦੇ ਅਡੇ ਬਨੇ ਹੋਏ ਸਨ। ਅੰਗ੍ਰੇਜ ਸਰਕਾਰ ਦੀ ਕਿਸੇ ਵੀ ਧਰਮ ਵਿਚ ਦਖਲ ਨ ਦੇਨ ਦੀ ਘੋਸ਼ਨਾਂ ਕੇਵਲ ਬਾਹਰਲਾ ਵਿਖਾਵਾ ਸੀ।ਅੰਦਰ ਹੀ ਅੰਦਰ ਉਹ ਹਿੰਦੂ ਧਰਮ ਨੂੰ ਕੁਚਲਨ ਲਈ ਨਵੇਂਨਵੇਂ ਮਨਸੂਬੇ ਬਨਾ ਰਿਹਾ ਸੀ ਇਸ ਲਈ ਸਤਿਗੁਰੂ ਜੀ ਨੇ ਅੰਗ੍ਰੇਜ ਨਾਲ ਨਾ ਮਿਲ ਵਰਤਨ ਦਾ ਅਜੇਹਾ ਆਂਦੋਲਨ ਅਰੰਭ ਕੀਤਾ ਜਿਸਨੇ ਲੋਕਾਂ ਦੀਆਂ ਅਖਾਂ ਖੋਲ੍ਹ ਦਿਤੀਆਂ। ਜਿਹੜੇ ਲੋਗ ਭਾਰਤ ਦੀ ਅਜਾਦੀ ਦੀ ਜੰਗ ਤੇ ਨਾ ਮਿਲ ਵਰਤਨ ਆਂਦੋਲਨ ਦਾ ਮੋਢੀ ਮਹਾਤਮਾਂ ਗਾਂਧੀ ਤੇ ਕਾਂਗਰਸ ਨੂੰ ਮੰਨਦੇ ਹਨ ਉਹ ਨਾਮਧਾਰੀ ਇਤਿਹਾਸ ਨਾਲ ਬੜਾ ਅਨਿਆਏ ਤੇ ਬੇ ਇਨਸਾਫੀ ਕਰਦੇ ਹਨ। ਸੰਨ ੧੯੫੭ ਦੀ ਆਜਾਦੀ ਦੀ ਜੰਗ ਦੀ ਨਾ ਕਾਮਯਾਬੀ ਪਿਛੋ ਇਸ ਕੂਕਾ ਲਹਿਰ ਨੇ ਹੀ ਲੋਕਾਂ ਦੇ ਹ੍ਰਿਦਿਆਂ ਵਿਚ ਬੁਝੀ ਹੋਈ ਅਜਾਦੀ ਦੀ ਜੋਤ ਦਾ ਪੁਨ ਪ੍ਰਕਾਸ ਕੀਤਾ। ਉਸ ਸਮੇਂ ਕਾਂਗਰਸ ਤ ਗਾਂਧੀ ਜੀ ਦਾ ਅਜੇ ਨਾਮ ਨਿਸਾਨ ਵੀ ਨਹੀਂ ਸੀ,ਗੋ ਹਤਿਆਰਿਆਂ ਨੂੰ ਖਤਮ ਕਰਨ ਦੇ ਜੁਰਮ ਵਿਚ ਕਈ ਨਾਮਧਾਰੀ ਸਿਖ ਤੋਪਾਂ ਨਾਲ ਉਡਾਏ ਗਏ ਮਲੇਰ ਕੋਟਲੇ ਦਾ ਸਾਕਾ ਅਜ ਵੀ ਲੋਕਾਂ ਦੀਆਂ ਅਖਾਂ ਅਗੇ ਤਾਜਾ ਹੈ। ਇਸ ਕੂਕਾ ਆਂਦੋਲਨ ਨੇ ਅੰਗ੍ਰੇਜ਼ ਸਰਕਾਰ ਦੇ ਨਕ ਵਿਚ ਦਮ ਕੀਤਾ ਤੇ ਸ੍ਰਕਾਰਬਹਤ ਪਰੇ-ਸ਼ਾਨ ਹੋਈ। ਇਸ ਆਂਦੋਲਨ ਨੂੰ ਦਬਾਨ ਦਾ ਵੀ ਬਹੁਤ ਯਤਨ ਕੀਤਾ ਕਿੰਤੂ ਸਾਰੇ ਯਤਨ ਨਿਸਫਲ ਹੋਂਦੇ ਰਹੇ ਅੰਤ ਵਿਚ ਉਸਨੇ ਅਪਨੇ ਖੁਦ ਗਰਜ ਪਿਠੂਆਂ ਸ੍ਰਦਾਰਾਂ ਰਈਸਾਂ ਤੇ ਮਹੰਤਾਂ ਪੁਜਾਰੀਆਂ ਤੋਂ ਦਸਖਤ ਕਰਾਕੇ ਸਤਿਗੁਰਾਂ ਨੂੰ ਸੂਬਿਆਂ ਸਮੇਤ ਜਲਾ ਵਤਨ ਕਰ ਦਿਤਾ। ਸਤਿਗੁਰੂ ਜੀ ਦੇ ਛੋਟੇ ਭਾਈ ਗੁਰੂ ਹਰੀ ਸਿੰਘ ਜੀ ਨੂੰ ਵੀ ਜੀਵਨ ਪ੍ਰਯੰਤ ਨਜਰ ਬੰਦ ਰਖਿਆ ਸ੍ਰੀ ਭੈਣੀ ਸਾਹਿਬ ਨੂੰ ਵੀ ਪੁਲਿਸ ਤੇ ਫੌਜ ਨੇ ਲੁਟ ਪੁਟ ਕੇ ਬ੍ਰਬਾਦ ਕਰ ਦਿਤਾ ਯਾਤਰੂਆਂ ਪਰਵੀ ਪਾਬੰਦੀ ਲਗਾ ਦਿਤੀ ਇਸੀ ਪ੍ਰਕਾਰ ਸੰਨ੧੮੭੨ ਤੋਂ ਲੈਕੇ ਸੰਨ ੧੯੨੩ ਈ: ਤਕ ਨਾਮਧਾਰੀ ਆਂਦੋਲਨ ਨੂੰਕੁਚਲਨਦੇਪ੍ਰਯਤਨ ਅੰਗਰੇਜ਼ ਸ੍ਰਕਾਰ ਵਲੋਂ ਹੁੰਦੇ ਰਹੇ ਪਰੰਤੂ ਏਹੁ ਆਂਦੋਲਨ ਬੰਦ ਹੋਨ ਦੇ ਬਜਾਇ ਵਧਦਾ ਹੀ ਰਹਿਆ। ਜੇ ਦੇਸ ਵਾਸੀ ਅੰਗਰੇਜ਼ ਦੇ ਪਿਠੂ ਨ ਹੋਕਰ ਸਤਿਗੁਰੂ ਜੀ ਦਾ ਸਾਥ ਦੇ ਕਰ ਅੰਦੋਲਨ ਨੂੰ ਸਫਲ ਕਰਦੇ ਤਾਂ ਉਸ ਸਮੇਂ ਹੀ ਅੰਗ੍ਰੇਜ਼ ਅਪਨਾ ਬੋਰੀਆ ਬਿਸਤਰਾ ਬੰਨ੍ਹ ਕੇ ਸਤ ਸਮੁੰਦਰੋਂ ਪਾਰ ਚਲਾ ਜਾਂਦਾ।

ਸਤਿਗੁਰੂ ਜੀਦੇ ਚਲਾਏ ਹੋਏ ਨਾਮਧਾਰੀ ਅੰਦੋਲਨ ਨੇ ਲੋਕਾਂ ਦੀ ਕਾਇਆ ਪਲਟ

Sri Satguru Jagjit Singh Ji Elibrary NamdhariElibrary@gmail.com

ਦਿਤੀ ਹੈ। ਜਿਸ ਕਰ ਕਲਿਜੁਗ ਵਿਚ 'ਸਤਿਜੁਗ ਦਾ ਸਮਾ ਜਾਪਨ ਲੱਗ ਪਿਆ ਹੈ। ਹਰ ਇਕ ਨਾਮਧਾਰੀ ਨਾਮ ਦੇ ਰੰਗ ਵਿਚ ਮਖਮੂਰ ਹੈ। ਸਦਾ ਚਾਰ ਤੇ ਖਾਨ ਪਾਨ ਦੀ ਸ਼ੁਧਤਾ ਹੋਰ ਸਿਖਾਂ ਤੋਂ ਇਨਾਂ ਵਿਚ ਵਿਸ਼ੇਸ਼ ਹੈ। ਸਾਤਿਕੀ ਭੋਜਨ ਕਰਦੇ ਤੇ ਹੰਸਾਂ ਵਰਗਾ ਸੂਖ਼ਸ਼ ਲਿਬਾਸ ਪਹਿਰਦੇ ਹਨ। ਕੁਠੇ ਤੇ ਝਟਕੇ ਦਾ ਇਨ੍ਹਾਂ ਅਗੇ ਕੋਈ ਸਵਾਲ ਨਹੀਂ। ਗਊ ਰਖਿਆ ਕਰਨਾ ਏਹੁ ਅਪਣਾ ਮੁਖਯ ਕਰਤਵ ਸਮਝਦੇ ਹਨ। ਇਨ੍ਹਾਂ ਦਾ ਏਹੁ ਇਤਿਹਾਸ ਸੁਨਹਿਰੀ ਅਖਰਾਂ ਵਿਚ ਲਿਖਨ ਜੋਗ ਹੈ। ਕਿੰਤੂ ਸਰਵ ਸਾਧਾਰਨ ਲੋਕਾਂ ਨੂੰ ਇਸ ਨਾਮਧਾਰੀ ਅੰਦੋਲਨ ਦਾ ਕੁਛ ਵੀ ਪਤਾ ਨਹੀਂ। ਇਸ ਦਾ ਕਾਰਨ ਏਹੁ ਹੈ ਕਿ ਨਾਮਧਾਰੀ ਇਤਿਹਾਸ ਤੇ ਸਹਿਤ ਸਾਰੇ ਦਾ ਸਾਰਾ ਗੁਰਮੁਖੀ ਲਿਪੀ ਤੇ ਕੇਵਲ ਪੰਜਾਬੀ ਭਾਸ਼ਾ ਵਿਚ ਹੈ। ਗੁਰਮੁਖੀ ਦਾ ਪਰਚਾਰ ਕੇਵਲ ਪੰਜਾਬੀ ਤੇ ਸਿੰਧੀ ਸਿਖਾਂ ਤੇ ਹਿੰਦੂਆਂ ਵਿਚ ਹੈ। ਜੇ ਕਦੀ ਨਾਮਧਾਰੀ ਇਤਿਹਾਸ ਛੋਟੇ ਛੋਟੇ ਟ੍ਰੈਕਟਾਂ ਦੀ ਸੂਰਤ ਵਿਚ ਸੰਖੇਪ ਵਿਚ ਹਿੰਦੀ ਵਿਚ ਪ੍ਰਕਾਸ਼ਤ ਕੀਤਾ ਜਾਵੇ ਤੇ "ਸਤਿਜੁਗ" ਦੇ ਕੁਛ ਪਤਰੇ ਵੀ ਹਿੰਦੀ ਕਰ ਦਿਤੇ ਜਾਣ, ਅਥਵਾ ਹਿੰਦੀ ਦਾ ਇਕ ਵਖਰਾ ਮਾਸਿਕ ਪਤ੍ਰ ਚਲਾਇਆ ਜਾਵੇ ਤਾਂ ਬਹੁਤ ਕੁਛ ਕਾਰਯ ਹੋ ਸਕਦਾ ਹੈ।

ਅਜ ਬਸੰਤ ਦਾ ਦਿਨ ਹਰ ਇਕ ਨਾਮਧਾਰੀ ਲਈ ਸੁਭਾਗਾ ਦਿਨ ਹੈ। ਕਿੰਤੂ ਹਰ ਇਕ ਨਾਮਧਾਰੀ ਦਾ ਦਿਲ ਸਤਿਗੁਰੂ ਜੀ ਦੇ ਵਿਛੋੜੇ ਦੇ ਦੁਖ ਵਿਚ ਦੁਖੀ ਹੈ ਜਿਸ ਦਿਨ ਸਤਿਗੁਰਾਂ ਦੇ ਮੁੜ ਦਰਸ਼ਨ ਹੋ ਜਾਣਗੇ ਤਾਂ ਹਰ ਇਕ ਨਾਮਧਾਰੀ ਲਈ ਉਹ ਹੀ ਦਿਨ ਬਸੰਤ ਹੈ, ਨਹੀ ਤਾਂ ਬਸ-ਅੰਤ ਹੈ।

ਗਜ਼ਲ

ਪੂਰਨ ਸਿੰਘ ਰਾਏ ਕਲਕਤਾ

ਐ! ਚੀਨੀ ਵਾਲਿਆ ਮਾਹੀਆ ਕਰਾਂ ਕੀ ਆਪ ਦੀ ਭੇਟਾ,
ਜੋ ਪੱਲੇ ਪਿਆਰ ਦੀ ਪੂੰਜੀ ਸੀ ਉਹ ਆਪਨੀ ਲੁਟਾ ਬੈਠਾ।
ਨ ਫ਼ਲ ਫੁਲ ਬਾਗ ਦੇ ਅੰਦਰ ਖਿਜਾਂ ਨੇ ਸਾੜਿਆ ਐਸਾ,
ਬਨਾਵਾਂ ਪੁਸ਼ਪ ਮਾਲਾ ਕੀ? ਚਮਨ ਅਪਨਾ ਸੁਕਾ ਬੈਠਾ।
ਮਚਲਦੇ ਗੀਤ ਸੀਨੇ 'ਚਿ ਕਰਾਂ ਕੀ ਰਾਗਨੀ ਭੇਟਾ,
ਮੈਂ ਠੋਹਕਰ ਖਾ ਨਸੀਬਾਂ ਤੋਂ ਵੀਣਾ ਹੀ ਤੁੜਾ ਬੈਠਾ।
ਮੈਂ ਜਿਸ ਨੂੰ ਨਾਲ ਰੀਝਾਂ ਦੇ ਮਰ- ਮਰਕੇ ਬਣਾਇਆ ਸੀ,
ਉਹ ਸੁੰਦਰ ਆਸ਼ਿਆਨੇ ਨੂੰ ਹਥੀਂ ਆਪਣੀ ਜਲਾ ਬੈਠਾ।
ਮੇਰੀ ਗੁਲਜ਼ਾਰ ਦੇ ਅੰਦਰ ਸਯਾਦਾਂ ਲਾਲਿਆ ਡੇਰਾ,
ਅਧੂਰੇ ਰਹਿ ਗਏ ਨਗਮੇ ਮੈ ਬੁਲਬੁਲ ਹੀ ਉਡਾ ਬੈਠਾ।
ਮੈਂ ਜੋ ਕੁਝ ਲੈਕੇ ਆਇਆ ਹਾਂ, ਨਾ ਗੰਠੜੀ ਫੋਲ ਤੂੰ ਮੇਰੀ,
ਅੱਜ ਭੁੱਲਾ ਭੱਟਕਿਆ "ਰਾਏ" ਤੇਰੀ ਸਰਦਲ ਤੇ ਆ ਬੈਠਾ।

[ਰਾਮ ਚੰਦ ਜੀ ਪਟਵਾਰੀ ਪਾਕਸਤਾਨ]

ਬਾਰ੍ਹਵਾਂ ਜਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਪੰਥ ਦੀ ਨੀਂਹ ਰੱਖੀ, ਪੰਜ ਪਿਆਰੇ ਤਿਆਰ ਕਰਕੇ ਅਪਣੀ ਹਥੀ ਸਿਖਾਂ ਨੂੰ ਅੰਮ੍ਰਿਤ ਛਕਾਕੇ ਫਿਰ ਆਪ ਛਕਿਆ ਅਤੇ ਪਵਿਤ੍ਰ ਵਾਕ ਦੁਆਰਾ ਫੁਰਮਾਇਆ।

"ਵਾਹੁ ਵਾਹੁ ਗੋਬਿੰਦ ਸਿੰਘ ਅਪੇ ਗੁਰਚੇਲਾ'

ਆਪਨੇ ਸਾਰਾ ਸਮਾਂ ਜੱਦੋ ਜਹਿਦ ਕਰਦਿਆਂ ਬਤਾਇ ਅਤੇ ਰੂੜੀ ਸਿਆਸਤਅਨੁਸਾਰ ਪੰਥਨੂੰ ਫਤਹਿ ਬੁਲਾਕੇ ਲੋਪ ਹੋ ਗਏ—ਆਪਦੇ ਇਸ ਕੌਤਕ ਤੋਂ ਢੇਰ ਚਿਰ ਪਿਛੋਂ ਕਿਸੇ ਨੇ ਗਰੰਥ ਸਾਹਿਬ ਦੀ ਗੁਰਤਾ ਦਾ ਨਾਹਰਾ ਲਾਕੇ ਸਿਖ ਪੰਥ ਵਿਚ ਫੁਟ ਪਾਣ ਦਾ ਚੰਗਾ ਯਤਨ ਕੀਤਾ ਪਰ ਇਸ ਗੱਲ ਦਾ ਧਿਆਨ ਬਿਲਕੁਲ ਨ ਕੀਤਾ ਜੋ ਵਾਕ ਗੁਰੂ ਨਾਨਕ ਦੇਵ ਜੀ ਨੇ ਕਹੇ ਸਨ।

ਸਾਰਾ ਕਲਜੁਗ ਭੋਗਸੀ,
ਨਾਨਕ ਧਰ ਅਵਤਾਰ।

ਅਤੇ।

ਬੇਰ ਗਿਆਰਵੀਂ ਹਮ ਚਲ ਆਵੈਂ।
ਤਿਸੜੇ ਕੋਈ ਨ ਹਮ ਲਖ ਪਾਵੈਂ।

ਸੂਰਜ ਪ੍ਰਕਾਸ਼

ਸੱਤਰ ਜਾਮੇਂ ਭਗਤ ਜਨ..................

ਸੋ ਆਪਣੇ ਭਵਿਸ਼ਤ ਵਾਕਾਂ ਅਨੁਸਾਰ ਸ੍ਰੀ ਕਲਗੀ ਧਰ ਜੀ ਨੇ ਪੰਜ ਪੈਸੇ ਤੇ ਨਲੀਏਰ ਰਖ ਗੁਰੂ ਬਾਲਕ ਸਿੰਘ ਜੀ ਨੂੰ ਗੁਰ ਗਦੀ ਅਰਪਣ ਕਰ ਦਿਤੀ।

ਐਪੈ ਗੁਰ ਦਸਮ ਦਰਸ ਦੈ ਜੋਰਹਿਓਤਾਹਿੰ।
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੋ।

ਅਤੇ ਜੋ ਵਾਕ ਨੰਦ ਸਿੰਘ ਨਾਲ ਹਜ਼ੂਰ ਨੇ ਕੀਤੇ ਸਨ ਉਹ ਵੀ ਪੂਰੇ ਕੀਤੇ ਜੇਹਾ ਕਿ।

ਨੰਦ ਸਿੰਘ ਪੁਛਦਾ ਹੈ ਸ੍ਰੀ ਦਸਮੇਸ਼ ਤਾਂਈ,
ਮਹਾਰਾਜ ਕਾਰ ਅਗੇ ਕਿਵੇਂ ਵਰਤਾਓਗੇ।
ਕਿਵੇਂ ਅਰੇ ਬੀਤਣੀ ਹੈ ਦਸਣਾ ਮਿਹਬਾਨ।
ਖਾਲਸੇ ਦੀ ਬਾਂਹ ਹੱਥ ਕਿਸਦੇ ਫੜਾਵੋਗੇ,
ਮਹਾਜਾਰ ਆਖਦੇ ਨੇ ਸੁਣੀ ਭਾਈ ਨੰਦ ਸਿੰਘਾ
ਕੰਨ ਦੇਕੇ ਗਲ ਸੁਣ ਜੇਹੜੀ ਮੈ ਸੁਨਾਵਾਂਗ।
ਪੱਕ ਰਖੀ ਚੇਤਾ ਤੇ ਲਿਖੀਂ ਵਿਚ ਸਾਖੀਆਂ ਦੇ
ਏਸ ਜਾਮੇ ਬਾਦ ਫੇਰ ਚਾਰ ਵਾਰੀ ਆਵਾਂਗਾ
ਰਵਾਂਗਾ, ਅਲੋਪ ਭੇਦ ਪਾਵੇਗਾ ਪਿਆਰਾ ਕੋਈ
ਯਾਰਵਾਂ ਏਹ ਜਾਮਾ ਵਿਚ ਹਜ਼ਰੋਂ ਦੇਪਾਂਵਗਾਂ
ਫੇਰ ਵੇਰ ਬਾਰਮੀ ਮੈ ਆਇਕੇ ਜਹਾਨ ਉਤੇ,
ਸੁਚ ਸੋਧ ਵਾਲਾ ਕੂਕਾ ਪੰਥ ਪ੍ਰਗਟਾਂਵਾਂਗਾ।
ਅੱਸੀ ਸਿੰਘ ਹੋਣਗ ਸ਼ਹੀਦ ਜਦੋਂ ਧਰਮ ਉਤੇ
ਛਡਕੇ ਸੁਦੇਸ਼ ਪ੍ਰਦੇਸ ਮੈਂ ਸਿਧ ਵਾਂਗਾ।
'ਨੰਦ ਸਿੰਘ ਸੁਣ ਤੋਹਿ ਸੁਨਾਉ"। ਆਦਿ—

ਇਨਾ ਗੁਰਵਾਕਾਂ ਨੂੰ ਕਲਗੀਧਰ ਜੀ ਨੇ ਪੂਰਿਆਂ ਕੀਤਾ ਪਰ ਹਕੂਮਤ ਅਤੇ ਅੰਗਰੇਜ਼ ਦੇ ਪੁਜਾਰੀਆਂ ਨੇ ਸਿਖ ਇਤਿਹਾਸ ਨੂੰ ਛੁਪਾਕੇ ਮਨ ਆਈਆਂ ਤਬਦੀਲੀਆਂ ਵੀ ਕੀਤੀਆਂ ਪਰ।

ਸਚਾਈ ਛੁਪ ਨਹੀਂ ਸਕਤੀ
ਬਨਾਵਟ ਕੇ ਅਸੂਲੋਂ ਸੇ

ਦੇ ਮਹਾਵਰੇ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਇਕ ਬੇ ਮਲੂਮ ਪਿੰਡ "ਭੈਣੀ" ਜਿਲਾ ਲੁਧਿਆਨਾ ਜਿਸ ਨੂੰ ਅਜ ਚਾਰ ਚੰਨ ਲਗੇ ਹੋਏ ਹਨਪ੍ਰਗਟਹੋਕੇ ਅਜਾਦੀਦਾ ਬਿਗਲ ਵਜਾ ਦਿਤਾ ਤੇ ਆਖਰ ਆਪਦੇ ਚਰਣ ਚਿਨਾ ਤੇ ਚਲਕੇ ਭਾਰਤ ਨੇ ਆਜਾਦੀ ਪ੍ਰਾਪਤ ਕਰ ਲਈ ਹੈ ਕਲਗੀਧਰ ਜੀ ਦੇ ਵਾਕਾਂ ਅਨਸਾਰ ਸੰਤ ਖਾਲਸਾ ਪੰਥ ਸਜਾਕੇ ਧਾਰਮਕ ਤੌਰ ਤੇ ਲੋਕਾਂ ਦੇ ਜੀਵਨ ਨੂੰ ਉਚਿਆਂ ਕੀਤਾ।

ਸੋ ਜੇ ਸ੍ਰੀ ਸਤਿਗੁਰੂ ਰਾਮ ਸਿੰਘ ਪ੍ਰਗਟ ਨ ਹੁੰਦੇ ਤਾਂ ਸਿਖ ਕੌਮ ਤੇ ਅਜ਼ਾਦੀ ਇਹ ਦੋ ਨਾਮ ਨ ਹੁੰਦੇ।

ਅਗਰ ਨ ਅਉਂਦੇ ਚੀਨੀ ਵਾਲੇ,
ਸਿਖ ਧਰਮ ਦਾ ਹੁੰਦਾ ਨਾਸ।
ਸਿਖ ਧਰਮ ਦੀ ਰਖਿਆ ਕਾਰਨ,
ਰਾਮ ਸਿੰਘ ਗੁਰ ਕੀਉ ਪ੍ਰਗਾਸ਼।

ਮੈਂ ਆਪਣੀ ਵਲੋਂ ਤੇ ਆਪਣੇ ਖਾਨ ਦਾਨ ਵਲੋਂ ਦੀਨ ਦੁਨੀ ਦੇ ਵਾਲੀ ਸ੍ਰੀ ਸਤਿਗੁਰੂ ਜੀ ਦੇ ਆਗਮਨ ਦੀ ਸਾਰੇ ਨਾਮਧਾਰੀ ਪੰਥ ਨੂੰ ਵਧਾਈ ਭੇਟ ਕਰਦਾ ਹਾਂ।

[ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾਂ

ਕਲਾ ਅਨੰਤ ਹੈ ਤੂੰ,।

ਬਿਅੰਤ ਰੂਪ ਅਨੰਤ ਹੈ ਕਲਾ ਤੇਰੀ, ਤੇਰਾ ਕਿਸੇ ਵੀ ਨ ਪਾਰਾ ਵਾਰ ਤੱਕਿਆ।
ਪੌਣ, ਪਾਣੀ, ਅਗਨੀ, ਜਲਾਂ ਥਲ਼ਾਂ ਅੰਦਰ ਸਾਗਰ ਧਰਤ ਕੰਦਰ ਰੰਮਣ ਹਾਰ ਤੱਕਿਆ।
ਤੱਕਿਆ ਸਭ ਨੇ ਤੇਰੇ ਸਰੂਪ ਤਾਂਈ ਜਸਾ ਸਿੰਘ ਨੇ ਸੀ ਬਰਖੁਰ ਦਾਰ ਤੱਕਿਆ।
ਹੀਰੇ ਮਿਸਰ ਨੇ ਰਾਮ ਦਾ ਰੂਪ ਡਿਠਾ ਗਣਪਤ ਪਾਂਧੇ ਨੇ ਕ੍ਰਿਸ਼ਨ ਮੁਰਾਰ ਤੱਕਿਆ।
ਆਏ ਦੇਵਤੇ ਦੇਣ ਵਧਾਈ ਤੈਨੂੰ ਮਾਘ ਪੰਚਮੀ ਕੰਤ ਬਸੰਤ ਹੈਂ ਤੂੰ।
ਕਈ ਕਲਾ ਲੈਕੇ ਠਾਕਰ ਆਪ ਆਏ ਨਿਰਾਕਾਰ ਤੇ ਕਲਾ ਅਨੰਤ ਹੈਂ ਤੂੰ।
ਕਾਬਲ ਸਿਘ ਦਿਵਾਨਾ ਬੇਜ਼ਾਰ ਡਿਠਾ, ਨੌ ਨਿਹਾਲ ਨੇ ਮਸਤ ਗੁਫਤਾਰ ਡਿਠਾ।
ਖੂਹ ਵਾਲਿਆਂ ਜੱਟਾਂ ਨੇ ਰੱਬ ਕਿਹਾ, ਕਾਂਨ ਸਿੰਘ ਨੇ ਸਚਾ ਕਰਤਾਰ ਡਿਠਾ।
ਜਮੀਤ ਸਿੰਘ ਨੇ ਜੋਟੀ ਦਾ ਯਾਰ ਜਾਤਾ ਹਜ਼ਰੋਂ ਵਾਲਿਆਂ ਠਾਕਰ ਅਵਤਾਰ ਡਿਠਾ।
ਲਭ ਸਿੰਘ ਨੇ ਗੁਰੂ ਅਵਤਾਰ ਤੱਕਿਆ ਰੱਬ ਸੰਮਜਿਆ ਆਲੋ ਮੁਹਾਰ ਡਿਠਾ।
ਜਵਾਹਰ ਸਿੰਘ ਜੀ ਜੱਨਕ ਦਾ ਰੂਪ ਕਿਹਾ ਨੈਣਾ ਸਿੰਘ ਜੀ ਜਾਣੇ ਬੇਅੰਤ ਹੈਂ ਤੂੰ।
ਮਾਈ ਸਾਹਬੋ ਦੀ ਰਸਨਾ ਤੋਂ ਹੈ ਸੁਣਿਆ ਨਿਰਾਕਾਰ ਤੇ ਕਲਾ ਅਨੰਤ ਹੈਂ ਤੂੰ।
ਹੀਰਾ ਸਿੰਘ ਸ੍ਰੂਦਾਰ ਕਹੇ ਗੁਰੂ ਦਸਮਾ ਉਸ ਘੁਮਆਰੀ ਨੇ ਜਿੰਦਗੀ ਹਾਰ ਕਿਹਾ।
ਅਕਾਲ ਤਖਤੀਆਂ ਤਨਖਾਹੀ ਸਿਖ ਡਿਠਾ ਹਰ ਮੰਦਰ ਵਾਲਿਆਂ ਗੁਰੂ ਦਾਤਾਰ ਕਿਹਾ।
ਅੰਮ੍ਰਿਤ ਸਰੀਆਂ ਨੇ ਕੁਝ ਹੋਰ ਡਿਠਾ ਨਿਹੰਗ ਸਿੰਘਾਂ ਤ੍ਰਿਖਾਣ ਲੁਹਾਰ ਕਿਹਾ।
ਅੰਨਦ ਪੁਰੀਆਂ ਨੇ ਜਥੇ ਦਾਰ ਕਿਹਾ।
ਮੁਕਤਸਰੀਆਂ ਦਮਦਮੀਆਂ ਬੀਰ ਡਿਠਾ

Sri Satguru Jagjit Singh Ji Elibrary NamdhariElibrary@gmail.com

ਰਾਏ ਸਿੰਘ ਕਹੇ ਮਦਤ ਗਾਰ ਸਤਿਗੁਰ, ਬਲਰਾਜੇ ਦੁਆਰੇ ਦਾ ਕੰਤ ਹੈ ਤੂੰ।
ਬਾਈਆਂ ਸੂਬਿਆਂ ਸਾਹ ਸਲਾਰ ਡਿਠਾ, ਨਿਰਾਕਾਰ ਤੇ ਕਲਾ ਅਨੰਤ ਹੈਂ ਤੂੰ।
ਹੀਰਾ ਸਿੰਘ ਨੇ ਤੋਪ ਦੇ ਵਿਚ ਡਿਠਾ, ਕਰਮ ਕੌਰ ਨੇ ਰੇਲ ਅਸਵਾਰ ਸੰਮਜਿਆ।
ਗਿਆਨੀਸਿੰਘ ਅੰਤ੍ਰਜਾਮੀ ਕਹੈ ਸਤਿਗੁਰ ਅਕਾਲ ਪੁਰਖ ਗੁਰਦਿਤ ਸਿੰਘ ਸ੍ਰਦਾਰ ਸੰਮਜਿਆ।
ਰਿਆਸਤਾਂ ਵਾਲਿਆਂ ਬਾਗੀ ਸਰਕਾਰ ਡਿਠਾ ਅੰਗਰੇਜ਼ਾ ਹਿੰਦ ਦਾ ਸੀ ਵਫਾ ਦਾਰਸੰਮਜਿਆ।
ਰੰਗੂਨ ਵਾਲਿਆਂ ਸੰਮਜਿਆ ਬਾਦਸ਼ਾਹ ਹੈ ਮੀਹਾਂ ਸਿੰਘ ਨੇ ਪ੍ਰਵਦ ਗਾਰ ਸੰਮਜਿਆ।
ਗੁਲਾਮੀ ਹਿੰਦ ਗਊ'ਓ ਛੁਰੀ ਲੋਟਣ ਵਾਲਾ ਸਤਿਜੁਗ ਕਰਨ ਵਾਲਾ ਪੂਰਨ ਸੰਤ ਹੈਂ ਤੂੰ।
ਬਿਸ਼ਨ ਸਿੰਘ ਏਹ ਸਾਰਾ ਜਹਾਨ ਕੈਂਹਿਦਾ ਸਤਿਗੁਰੂ ਰਾਮ ਸਿੰਘ ਕਲਾ ਅਨੰਤ ਹੈਂ ਤੂੰ।

ਕਦੋ ਹੋਵੇਗਾ ਤੇਰਾ ਦੀਦ ਰ ਪੀਆ

"ਵਲੋਂ ਇਕਬਾਲ ਸਿੰਘ ਮਨਚੰਦਾ"

ਸ਼ਾਂਤੀ ਪੁੰਜ ਕਰਤਾਰ ਦਾਤਾਰ ਸੱਚੇ, ਪੈਜ ਭਗਤਾਂ ਦੀ ਆਪ ਰਖਾਨ ਵਾਲੇ।
ਦਰ ਆਇਆਂ ਦੀ ਇਕੋ ਨਿਗਾਹ ਦੇਨਾਲ,ਮਲ ਜਨਮ ਜਨਮਾਤ੍ਰਾਂ ਲਾਹਨ ਵਾਲੇ।
ਮਾਈ ਜਾਹਿਬੋ ਦੇ ਨਿਜ ਆਤਮੇ ਨੂੰ, ਬਲਦੀ ਅਗ ਵਿਚ ਕੁੰਦਨ ਬਨਾਨ ਵਾਲੇ।
ਅੱਧੀ ਰਾਤ ਵੇਲੇ ਪੈਂਡਾ ਕੱਟ ਭਾਰੀ, ਰਾਏ ਸਿੰਘ ਦੇ ਤਾਂਈ ਬਚਾਨ ਵਾਲੇ।
ਅਨੰਤ ਕਲਾ ਦੇ ਮਾਲਕ ਭਰਪੂਰ ਦਾਤੇ, ਕਦੋਂ ਹੋਵੇਗਾ ਤੇਰਾ ਦੀਦਾਰ ਪੀਆ?
ਕਈ ਬਰਸ ਦੀਆਂ ਬਰਸਦੀਆਂ ਅਖੀਆਂ ਨੂੰ ਕਦੋਂ ਦਿਸਗੀ ਤੇਰੀ ਨੁਹਾਰ ਪੀਆ?
ਚੀਨੀ ਵਾਲਿਆ ਤੇਰ ਦੀਦਾਰ ਦੇ ਲਈ, ਕੀਤੇ ਤਪ ਭਾਰੀ ਤੇਰੇ ਪਿਆਰਿਆਂ ਨੇ।
ਲਖਾਂ ਪਾਠ ਵਰਨੀ ਹੋਮ ਯੱਗ ਕੀਤੇ, ਤੇਰੇ ਖੋਜੀ ਪੰਧਾਊ ਦੁਲਾਰਿਆਂ ਨੇ।
ਜਪ ਤਪ ਕੀਤੇ ਨਿਤਨੇਮ ਕੀਤੇ, ਕੁਠੇ ਵਿਚ ਬ੍ਰਿਹੋਂ ਦਿਆ ਮਾਰਿਆਂ ਨੇ।
ਕਈਆਂ ਮੋਨ ਧਾਰੀ ਤੇਰੀ ਯਾਦਦੇ ਵਿਚ, ਐਪਰ ਮੋੜ ਨ ਪਾਈ ਤੇਰੇ ਲਾਰਿਆਂ ਨੇ।
ਦਾਤਾ ਕਿਸ ਗੱਲੇ ਤੂੰ ਰੀਝਨਾਂ ਏ? ਜ਼ਰਾ ਦਸ ਤਾਂ ਸਹੀ ਵਿਸਥਾਰ ਦੇ ਨਾਲ।
ਕੇਹੜਾ ਵੇਸ ਕਰੀਏ? ਜਾਹੇਂ ਵਸ ਆਵੇਂ,ਲਾਵੇਂ ਗਲ ਸਾਨੂੰ ਡਾਢੇ ਪਿਆਰ ਦੇ ਨਾਲ।
(ਪੀਆ) ਨਾਂ ਲੈ ਲੋਕੀ ਮੇਹਣਾ ਮਾਰਦੇ ਨੇ, ਕਦੋਂ ਆਵੇਗਾ ਚੀਨੀ ਅਸਵਾਰ ਪ੍ਰੀਤਮ।
ਕਈ ਬਰਸ ਗੁਜਰੇ ਕੂਕਾਂ ਮਾਰਦਿਆਂ, ਆਇਆ ਅਜੇ ਨਹੀ ਗਊ ਰਖਵਾਰ ਪ੍ਰੀਤਮ।
ਏਨ੍ਹਾਂ ਬੋਲੀਆਂ ਨੇ ਐਸਾ ਵਿੰਨਿਆਂ ਏ, ਪਿਆ ਛੇਕ ਸੀਨੇ ਵਿਚਘਾਰ ਪ੍ਰੀਤਮ।
ਇਕੋ ਦਵਾ ਇਸ ਰੋਗ ਅਵਲੜੇ ਦੀ, ਤੇਰਾ ਹੋ ਜਾਏ ਸਾਨੂੰ ਦੀਦਾਰ ਪ੍ਰੀਤਮ।
ਤੇਰਾ ਪਵੇ ਫੇਰਾ ਹੋਵੇ ਜੱਗ ਖੇੜਾ, ਸਾਰੇ ਵਿਸ਼ਵ ਤੇ ਅਮਨ ਅਮਾਨ ਹੋ ਜਾਏ।
ਹੋਵੇ ਆਸ ਪੂਰੀ ਤੇਰੇ ਕੂਕਿਆਂ ਦੀ, ਉਚਾ ਮਰਤਬਾ ਤੇਰਾ ਜਹਾਨ ਹੋ ਜਾਏ।

Sri Satguru Jagjit Singh Ji Elibrary NamdhariElibrary@gmail.com

ਸਰਬ ਧਰਮ ਸੰਮੇਲਨ ਬਾਰਾਂ ਟੂਟੀ ਸਦਰ ਬਾਜ਼ਾਰ ਦਿੱਲੀ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ
ਭਾਸ਼ਣ ਦੇ ਰਹੇ ਹਨ । ੨੪-੪-੧੯੫੫ ।

ਮਹਿੰਦਰਪਾਲ ਸਿੰਘ ਧਰਮ ਸਿੰਘ ਨਰਿੰਦਰ ਸਿੰਘ ਸਰਨਪਾਲ ਸਿੰਘ ਸਰਵਇੰਦਰ ਸਿੰਘ

ਸਿਆਮ ਵਿਚ ਅਸੂੰ ੨੦੧੨ ਦੇ ਨਾਮ ਪ੍ਰਯੋਗ ਸਮੇਂ ਇਨ੍ਹਾਂ ਬੱਚਿਆਂ ਨੇ ਵਧ ਚੜ ਕੇ ਹਿਸਾ ਲਿਆ ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਬਾਗੜੀਆਂ ਦੇ ਪਿੰਡ ਵਿਚ ।



੨੦੧੨ ਦੇ ਅਸੂ ਦੇ ਮੇਲੇ ਵਿਚ ਹਵਨ ਤੇ ਵਿਆਹਾਂ ਦਾ ਇਕ ਦ੍ਰਿਸ਼ਯ ।

ਚੀਨੀ ਅਸਵਾਰ ਨੇ

(ਵਲੋਂ ਸ੍ਰ: ਦਾਨ ਸਿੰਘ "ਤਾਂਘੀ"

ਨਨ੍ਹੀਂ, ਨਨ੍ਹੀ ਪੱਤੀ ਓੱਮੇ, ਨਨ੍ਹੀ ਨਨ੍ਹੀ ਬੂੰਦ ਗਿਰੀ,
ਗਿਰੇ ਗਿਰੀ ਬੂੰਦ ਆਜ ਸੁੰਦਰ ਸੋਹਾਤੀ ਹੈ।
ਮੌਲਿਆ ਆਕਾਸ ਤੇ ਪਤਾਲ ਸਾਤ ਦੀਪ ਮੌਲੇ,
ਮੌਲੀ ਬਨਰਾਏ ਮੌਲੀ ਜਾਮੇ ਨ ਸਮਾਤੀ ਹੈ।
ਨਭ ਚਰ ਬਨ ਚਰ ਜਲ ਚਰ ਮੌਲੇ ਆਜ,
ਦੇਵਨ ਦੀ ਕੰਨਿਆਂ ਬਸੰਤ ਗੀਤ ਗਾਤੀ ਹੈ।
ਸੰਖਨ ਕੀ ਧੁਨ ਬਾਜੀ ਬਾਜੀ ਦੇਵ ਲੋਕ ਮਾਹਿ,
ਸ੍ਰੀ ਜੀ ਸਮੇਤ ਪਤੀ ਫੂਲ ਬਰਸਾਤੀ ਹੈ।

ਬਲ ਕੇ ਛਲਨ ਹਿਤ ਬਾਵਨ ਸਰੂਪ ਧਰਾ,
ਬਲ ਕੇ ਬਦਨ ਹਿਤ ਭਇਓ ਦੁਆਰ ਪਾਲ ਜੀ।
ਦੁਰਦ ਦਲਨ ਕੀਓ ਕੰਸ ਕੇਸੀ ਹਾਨ ਕੀਓ,
ਦੁਆਪਰ ਬਜਾਏ ਬੰਸੀ ਭਇਓ ਧੇਨ ਪਾਲ ਜੀ।
ਛੋਹਤ ਚਰਨ ਰਜ ਸਿਲਾ ਸਰਜੀਤ ਭਈ,
ਰਿਖੀ ਜੋ ਸਰਾਪ ਛਿਨ ਮਾਹਿ ਦੀਓ ਟਾਲ ਜੀ।
ਆਦਿ ਜੋ ਸਰੂਪ ਓਹੀ ਦਵਾਦਸ ਸਰੂਪ ਧਰਾ,
ਸੰਤਨ ਸਹਾਈ ਆਜ ਭਇਓ ਦੀਨ ਦਿਆਲ ਜੀ।

ਬੀਰਤਾ ਸਪੁਨ ਸਿਖੀ ਕਾਇਰਤਾ ਹਰਨ ਸਿਖੀ,
ਵਾਰ ਸਰਬੰਸ ਸਿਖੀ ਪਾਲੀ ਦਸਮੇਸ ਨੇ।
ਓਹੀ ਸਿਖੀ ਬਿਨਾ ਮਾਲੀ ਬਿਖਰੀ ਬਿਖਰ ਗਈ,
ਕਿਨਹੂ ਨ ਪਾਲੀ, ਪਾਲੀ ਰਾਮ ਮਿਰਗੇਸ਼ ਨੇ।
ਸੰਦਕ ਅਸੁਰ ਸੁਰ ਕਰਤ ਨਾ ਲਾਈ ਡੇਰ,
ਮਹਾਂ ਪੂਜ ਭਏ, ਭਏ ਗੁਣ ਪ੍ਰਵੇਸ਼ ਨੇ।
ਐਸੋ ਬਾਢੀ ਬੰਸ ਬਾਢੀ ਬਾਢੀ ਕੁਲ ਭੂਖਨਕੋ,
ਕਰੀ ਜੋ ਜੁਹਾਰ "ਤਾਂਘੀ' ਸ੍ਰੀ ਜੋ ਧਨੇਸ ਨੇ।

Sri Satguru Jagjit Singh Ji Elibrary NamdhariElibrary@gmail.com

ਕਲਹਿ ਜੋ ਕਲੇਸ ਬਾਢੀ, ਬਾਢੀ ਬਾਢੀ ਬਾਢੀ ਜਾਤ,
ਬਾਢੀ ਰੂਪ ਧਾਰ ਬਾਢੀ ਬਾਢੀ ਅਵਤਾਰ ਨੇ।
ਨਾਮੇ ਜਕੀ ਛੰਨ ਬਾਢੀ ਬਾਢੀ ਰੂਪ ਧਾਰ ਬਾਢੀ,
ਓਹੀ ਬਾਢੀ ਰੂਪ ਧਰਾ ਸ੍ਰੀ ਨਿਰੰਕਾਰ ਨੇ।
ਸ੍ਰੀ ਰਾਮਸਰ ਕੀ ਬਡਾਈ ਬਾਢੀ ਤੀਨ ਲੋਕ,
ਜਸ ਕੀ ਬਢਾਈ ਬੋਲ ਸਦਾ ਜੀ ਕੁਮਾਰ ਨੇ।
ਭ੍ਰਿਗੂ ਪਾਦ ਚਿਹਨ ਜਾਕੋ ਵਿਸ਼ਨੂੰ ਸਰੂਪ ਧਾਰ,
ਹਰੀ ਫੁਰਵਾਰੀ ਕੀਨੀ ਚੀਨੀ ਅਸਵਾਰ ਨੇ।

ਆ ਜਾਓ ਪ੍ਰੀਤਮ !

ਸ੍ਰ: ਦੀਵਾਨ ਸਿੰਘ ਜੀ ਡਾਲਟਨ ਗੰਜ (ਬਿਹਾਰ)

ਅਨੋਖੇ ਪਿਆਰੇ ਮੇਰੇ ਚੀਨੀ ਵਾਲੇ, ਕੌਤਕ ਪ੍ਰੀਤਮ ਤੇਰੇ ਨੇ ਨਿਰਾਲੇ।
ਤੂੰ ਆਇਓਂ ਓਦੋਂ ਜਦੋਂ ਝਖੜ ਸੀ ਝੁਲਦੇ, ਹੀਰੇ ਵੀ ਬਣ ਗਏ ਸੀ ਕੌਡੀ ਜੇਹੇ ਮੁਲਦੇ।
ਸਿਖਾਂ ਨੇ ਸਿਖੀ ਨੂੰ ਛਿੱਕੇ ਸੀ ਟੰਗਿਆ।
ਬੁਰਾਈਆਂ ਦੇ ਵਿਚ ਆਪਣਾ ਮਨ ਤਨ ਸੀ ਰੰਗਿਆ।
ਤੁਸਾਂ ਉਸ ਸਮੇ ਪੰਥ ਖਾਲਸ ਸਜਾਇਆ।
ਜਿਨੂੰ ਨਹੀਂ ਸੀ ਪੋਹਦੀ ਇਹ ਦੁਨੀਆਂ ਦੀ ਮਾਇਆ।
(ਓਦੋਂ) ਬਨ ਗਏ ਸੀ ਸਾਰੇ ਮੁਖਾਲਫ ਤੁਹਾਡੇ, ਰਾਜੇ ਗੁੰਬੀ ਤੇ ਅੰਗ੍ਰੇਜ਼ ਡਾਹਡੇ।
ਸਭ ਨੇ ਸੀ ਮਿਲਕੇ ਸਾਰਾ ਜ਼ੋਰ ਲਾਇਆ, ਕਈ ਤੇਰੇ ਬੀਰਾਂ ਨੂੰ ਫਾਂਸੀ ਚੜ੍ਹਾਇਆ।
ਤੋਪਾਂ ਦੇ ਸਾਹਵੇਂ ਕੂਕੇ ਖੜੇ ਸਨ, ਜਿਨਾਂ ਵਿਚ ਹੀਰੇ ਤੇ ਮੋਤੀ ਜੜੇ ਸਨ।
ਨ ਡਰਿਆ ਕੋਈ, ਨੇ ਨਿਸ਼ਾਨੇ ਤੋਂ ਮੁੜਿਆ।
ਏਹ ਵੇਖ ਅੰਗਰੇਜ, ਡਾਢਾ ਸੀ ਕੁੜ੍ਹਿਆ।
(ਤੁਸਾਂ)ਜੇਹੜੀ ਚਿਣਗ ਹੈਸੀ ਭਾਰਤ'ਚ ਲਾਈ ਉਸਨੇ ਸੀ ਅੱਗ ਮਾਹੀ ਘਰ ਘਰ ਮਚਾਈ।
ਭਾਰਤ ਚ' ਆਂਹਦੇ ਆਜ਼ਦੀ ਹੈ ਆਈ, ਤੇਰੀ ਕੂਕ ਸਤਿਗੁਰ ਜੀ ਹਰ ਥਾਂ ਪੁਚਾਈ।
ਅੰਗਰੇਜ ਸ਼ਾਹੀ ਨੂੰ ਭਾਜੜ ਪਈਏ, ਉਹ ਚੁਕ ਬਿਸਤ੍ਰੇ ਯੋਰਪ ਤੁਰ ਗਈਏ;
ਆ ਜਾਓ ਪ੍ਰੀਤਮ ! ਉਡੀਕਾਂ ਨੇ ਬੜੀਆਂ।
ਗਿਣ ਗਿਣ ਲੰਘਾਉਂਦੇ ਪਏ ਕੂਕੇ ਨੇ ਘੜੀਆਂ।

ਮਲੇਰ ਕੋਟਲੇ ਵਿਚ ਸ਼ਹੀਦੀ ਮੇਲਾ

ਸਾਰੇ ਦੇਸ਼ ਵਿਚ ਗਊ ਹਤਿਆ ਬੰਦ ਕਰਨ ਦੀ ਮੰਗ

ਮਲੇਰ ਕੋਟਲਾ ੧੯ ਜਨਵਰੀ-ਏਥੇ ਨਾਮਧਾਰੀ ਸਿਖਾਂ ਦਾ ਦੋ ਦਿਨ ੧੭-੧੮ ਜਨਵਰੀ ੧੯੫੮ ਨੂੰ ਮੇਲਾ ਹੁੰਦਾ ਰਿਹਾ—ਏਸ ਮੌਕੇ ਤੇ ਕੀਰਤਨ ਯੱਗ ਸ਼ਬਦ ਉਪਦੇਸ਼ ਵੀ ਹੁੰਦੇ ਰਹੇ ਮੇਲੇ ਵਿਚ ਕਈ ਨਾਮਧਾਰੀ ਸਿਖਾਂ ਤੇ ਉਹਨਾਂ ਦੇ ਨੇਤਾਵਾਂ ਨੇ ਹਿਸਾ ਲਿਆ।

ਇਸ ਮੇਲੇ ਦੇ ਭਾਰੀ ਦੀਵਾਨ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਪਣੇ ਭਾਸ਼ਨ ਵਿਚ ਕਿਹਾ—ਕਿ ਅੱਜ ਸਵਤੰਤ੍ਰ ਭਾਰਤ ਦੀ ਏਕਤਾ ਵੱਖ ਵੱਖ ਸੂਬਿਆਂ ਤੇ ਕੁਝ ਹੋਰ ਕਾਰਨਾਂ ਕਰਕੇ ਬਿਖਰ ਰਹੀ ਹੈ। ਸਾਨੂੰ ਹਜ਼ਾਰਾਂ ਵਰਿਹਾਂ ਦੀ ਗੁਲਾਮੀ ਪਿਛੋਂ ਮਿਲੀ ਅਜ਼ਾਦੀ ਨੂੰ ਆਪਸੀ ਭੇਦਭਾਵ ਮਿਟਾਕੇ ਰਖਿਆ ਕਰਨੀ ਚਾਹੀਦੀ ਹੈ—ਜਦੋਂ ਦੇ ਅਸੀਂ ਅਪਣੇ ਦੇਸ਼ ਦੀ ਸਭਿਅਤਾ ਸਵਛ ਵਿਚਾਰ ਤੇ ਸ਼ੁਭ ਅਚਾਰ ਤੋਂ ਦੂਰ ਹੋ ਰਹੇ ਹਾਂ ਓਦੋਂ ਦੀ ਸਾਡੇ ਤੇ ਵਿਪਤਾ ਸਵਾਰ ਹੋ ਰਹੀ ਹੈ—

ਆਪ ਨੇ ਅਗੇ ਚਲ ਕੇ ਕਿਹਾ "ਕਿ ਮੇਰੇ ਵਿਚਾਰ ਵਿਚ ਹਿੰਦੀ ਨੂੰ ਦੇਸ਼ ਦੀ ਰਾਜਭਾਸ਼ਾ ਬਨਾਕੇ ਅੰਗਰੇਜੀ ਦਾ ਥਾਂ ਦੇਣਾਂ ਚਾਹੀਦਾ ਹੈ ਅਤੇ ਸੂਬਿਆਂ ਦੇ ਵਿਕਾਸ ਲਈ ਸਾਨੂੰ ਸੂਬਿਆਂ ਦੀਆਂ ਬੋਲੀਆਂ ਦਾ ਸਵਾਗਤ ਕਰਨਾ ਚਾਹੀਦਾ ਹੈ।

ਗਊ ਹਤਿਆ ਬੰਦ ਹੋਵੇ—ਕੇਂਦਰੀ ਗੋ ਹਤਿਆ ਨਿਰੋਧ ਸੰਮਤੀ ਦੇ ਮਹਾਂ ਮੰਤਰੀ ਲਾਲਾ ਹਰਦੇਵ ਸਹਾਏ ਨੇ ਮਲੇਰ ਕੋਟਲੇ ਦੇ ਸ਼ਹੀਦ ਨਾਮਧਾਰੀ ਸਿਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ—ਕਿ ਸੰਸਾਰ ਭਰ ਦੇ ਇਤਿਹਾਸ ਵਿਚ ਗਊ ਰੱਖਿਆ ਲਈ ਏਡਾ ਵਡਾ ਬਲੀ ਦਾਨ ਕਿਸੇ ਨੇ ਨਹੀਂ ਦਿਤਾ ਤੇ ਬਲੀ ਦਾਨ ਵੀ ਕੇਹੋ ਜਿਹਾ ! ਜਿਸ ਲਈ ਹਸਦੇ ਹੱਸਦੇ ਸੂਰਮੇ ਤੋਪਾਂ ਨਾਲ ਉਡਾਏ ਗਏ। ਕਿਉਂਕਿ ਅੰਗਰੇਜ਼ੀ ਰਾਜ ਨੂੰ ਸਮਾਪਤ ਕਰਨ ਲਈ ਅੰਗਰੇਜ਼ ਨਾਲ ਅਸਹਿ ਯੋਗ ਕਰਨ ਲਈ ਜਿਨੇ ਅੰਦੋਲਨ ਚਲਾਏ ਗਏ ਉਹਨਾਂ ਵਿਚੋਂ ਗਊ ਰਖਿਆ ਅੰਦੋਲਨ ਵੀ ਪ੍ਰਮੁਖ ਸੀ—ਲਾਲਾ ਜੀ ਨੇ ਦੇਸ਼ ਵਿਚ ਹੋ ਰਹੇ ਭੀਖਸ਼ਨ ਗਊ ਬਧ ਲਈ ਚਰਚਾ ਕਰਦਿਆਂ ਕਿਹਾ—"ਕਿ ਕਈ ਸੂਬਿਆਂ ਵਿਚ ਗਊ ਰਖਿਆ ਲਈ ਕਾਨੂੰਨ ਬਨ ਗਏ ਹਨ ਅਤੇ ਕਈਆਂ ਵਿਚ ਬਨਾਨ ਦਾ ਅੰਦੋਲਨ ਚਲ ਰਿਹਾ ਹੈ।

ਆਪਨੇ ਇਸ ਗੱਲ ਉਤੇ ਖੇਦ ਪ੍ਰਗਟ ਕੀਤਾ ਕਿ ਜਦੋਂ ਸ੍ਰਕਾਰ ਇਹ ਕਹਿੰਦੀ ਹੈ ਕੇ ਗਊ ਦਾ ਮਾਸ ਬਾਹਰ ਨਹੀਂ ਭੇਜਿਆ ਜਾਂਦਾ ਤਾਂ ਓਸ ਸ੍ਰਕਾਰ ਦੀ ਆਮਦਨ ਖਰਚ ਦੇ ਸੰਬੰਧੀ ਪੁਸਤਕ ਵਿਚ ਪੰਝੀ ਲੱਖ ਰੁਪੈ ਦੀ ਆਮਦਨ ਗਾਈਆਂ 'ਦੀ ਅੰਤੜੀਆਂ ਵਿਚ ਹੋਣ ਦਾ ਜ਼ਿਕਰ ਹੈ। ਸਾਨੂੰ ਗਊ ਰਖਿਆ ਵਾਸਤੇ ਸਾਰਿਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ—ਜਿਸ ਨਾਲ ਏਸ ਦੇਸ਼ ਵਿਚ ਦੁਧ ਘਿਓ ਦੀਆਂ ਨਦੀਆਂ ਫੇਰ ਚਲ ਪੈਣ।'

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲੀਡਰ ਸੰਤ ਨਿਧਾਨ ਸਿੰਘਜੀ ਆਲਿਮ ਨੇ ਏਸ ਮੌਕੇ ਤੇ ਭਾਸ਼ਨ ਦੇਦਿਆਂ ਕਿਹਾ'' ਕਿ-''ਹੁਣ ਸਮਾ ਆ ਗਿਆ ਹੈ ਕਿ ਅਸੀਂ ਅਪਣੇ ਉਹਨਾਂ ਮਹਾਂ ਪੁਰਸ਼ਾਂ ਦੀ ਬਹਾਦਰੀ ਤੇ ਮਾਨ ਕਰੀਏ ਜਿਨ੍ਹਾਂ ਅਪਣੇ ਦੇਸ਼ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰਨ ਤੋਂ ਵੀ ਸੰਕੋਚ ਨਹੀਂ ਸੀ ਕੀਤਾ ਉਹਨਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਉਹਨਾਮਧਾਰੀਸਿਖਪੂਰਨ ਸ਼ਰਧਾ ਨਾਲ ਯਾਦ ਕੀਤੇ ਜਾਣਗੇ ਜਿਨ੍ਹਾਂ ਨੂੰ ਮਲੇਰ ਕੋਟਲੇ ਵਿਚ ੧੮੭੨ ਵਿਚ ਸਥਾਨੀਯ ਡਿਪਟੀ ਕਮਿਸ਼ ਨਰ ਕਾਵਨ ਨੇ ਗਊ ਰਖਿਆ ਕਰਨ ਨੂੰ ਰਾਜ ਧਰੋਹ ਦੱਸ ਕੇ ਤੋਪਾਂ ਨਾਲ ਉਡਵਾਇਆ ਅਜੇਹੇ ਸ਼ਹੀਦਾਂ ਦੀ ਜੀਵਨੀ ਭਾਵੀ ਭਾਰਤ ਲਈ ਦੇਸ਼ ਰਖਿਆ ਦਾ ਮਾਰਗ ਖੋਹਲ ਦੇਵੇਗੀ ।

ਪੈਪਸੂ ਮੰਡਲ ਜਨ ਸੰਘ ਦੇ ਨੇਤਾ ਸ੍ਰੀ ਚੰਦਰ ਐਡਵੋਕੇਟ ਨੇ ਏਸ ਮੌਕੇ ਤੇ ਅਪਣੇ ਭਾਸ਼ਨ ਵਿਚ ਨਾਮਧਾਰੀ ਬੀਰਾਂ ਨੂੰ ਪਹਿਲਾ ਅਸਹਿ ਯੋਗੀ ਅੰਦੋਲਨ ਚਲਾਨ ਵਾਲੇ ਕਿਹਾ ਜਿਨ੍ਹਾਂ ਨੇ ਬ੍ਰਿਟਸ਼ ਸ੍ਰਕਾਰ ਨਾਲ ਟਰ ਤ੍ਰਾਂ ਦਾ ਬਾਈ ਕਾਟ ਕੀਤਾ ਸੀ-ਆਪਨੇ ਕਿਹਾ ਕਿ ਮਹਾਤਮਾਂ ਗਾਂਧੀ ਨੂੰ ਵੀ ਨਾਮਧਾਰੀਆਂ ਤੋਂ ਬਾਈਕਾਟ ਦੀ ਪਰੇਰਣਾਂ ਮਿਲੀ ਸੀ।

ਆਪਨੇ ਅਪਣੀ ਸਰਧਾਂਜਲੀ ਅਰਪਤ ਕਰਦਿਆਂ ਕਿਹਾ ਕਿ ਸ੍ਰਕਾਰ ਨੂੰ ਚਾਹੀਦਾ ਹੈ ਕਿ ਜਨਤਾ ਦੀਆਂ ਭਾਵਨਾਆਂ ਦਾ ਆਦਰ ਕਰਦਿਆਂ ਸਾਰੇ ਦੇਸ਼ ਚੋਂ ਗਊ ਬਧ ਬੰਦ ਕਰਦੇਵੇ।

ਸ੍ਰਦਾਰ ਤੇਜਾ ਸਿੰਘ ਮੈਂਬਰ ਪੰਜਾਬ ਅਸੰਬਲੀ ਨੇ ਆਪਣੇ ਜ਼ੋਰਦਾਰ ਭਾਸ਼ਨ ਵਿਚ ਨਾਮਧਾਰੀ ਸਿਖਾਂ ਦੇ ਬਲੀਦਾਨ ਤੇ ਪ੍ਰਕਾਸ਼ ਪਾਇਆਅਤੇ ਕਿਹਾ ਕਿ ਦੇਸ਼ ਦੀ ਰਖਿਆ ਵਾਸਤੇਨਾਮਧਾਰੀਸਿਖਸਦਾਤੱਤਪਰ ਰਹਿਨਗੇ ਕਾਂਗਰਸ ਦੀਆਂ ਦੇਸ਼ ਲਈ ਲੜੀਆਂ ਗਈਆਂ ਲੜਈਆਂ ਵਿਚ ਵੀ ਨਾਮਧਾਰੀ ਪਿਛੇ ਨਹੀ ਰਹੇ।ਏਸ ਮੇਲੇ ਵਿਚ ਇਕ ਪ੍ਰਸਤਾਵਵੀ ਪਾਸ ਕੀਤਾ ਗਿਆ ਜਿਸ ਵਿਚ ਨਾਮਧਾਰੀਆਂ ਤੇ ਗਊ ਰਖਿਆ ਲਈ ਹੋਰ ਸ਼ਹੀਦਾਂ ਦੇ ਜਨਮ ਦਿਨ, ਸ਼ਹੀਦੀ ਦਿਨ ਮਨਾਣ ਦਾ ਨਿਸ਼ਚਾ ਕੀਤਾ ਗਿਆ-ਏਸ ਕੰਮ ਨੂੰ ਚਲਾਣ ਲਈ, ਸਮਾਜਕ ਧਾਰਮਿਕ, ਸਭਾ ਸੁਸਾਇਟੀਆਂ ਨੂੰ ਸਹਿਯੋਗ ਦੇਣ ਲਈ ਆਖਿਆ ਗਿਆ।

(ਨਵ ਭਾਰਤ ਵਿਚੋਂ)

ਕਵਿਤਾ

ਪੱਤਾਪੱਤਾ ਟਾਹਣੀ ਟਾਹਣੀ ਲੋਚਦਾ ਬਸੰਤ ਤਾਂਈ,
ਤੂੰ ਵੀ ਆ ਕੇ ਵੇਖ ਵਿਚ ਭੈਣੀ ਦੇ ਬਸੰਤ ਨੂੰ।
ਵੇਲ ਬੂਟਿਆਂ ਦੇ ਉਤੇ ਨਵਾਂ-ਨਵਾਂ ਰੂਪ ਆਇਆ।
ਹਸ ੨ ਦਿੰਦੀ ਹੈ ਵਧਾਈ ਸਾਰੇ ਜੰਤ ਨੂੰ।
ਲਿਆ ਅਵਤਾਰ ਗੁਰੂ ਰਾਮ ਸਿੰਘ ਵਿਚ ਭੈਣੀ,
ਭਾਗ ਲਾਇਆ ਬਾਢੀ ਸੁਤ ਜਸਾ ਸਿੰਘ ਸੰਤ ਨੂੰ।
ਰਲ ਮਿਲ ਦੇਵਤਿਆਂ ਫੁਲ ਵਰਸਾਏ ਉਤੋਂ,
ਬਹੁਤ ਹੈ ਵਧਾਈ ਪੰਛੀ ਨਾਮਧਾਰੀ ਪੰਥ ਨੂੰ।

(ਹਰਿਦਿਆਲ ਸਿੰਘ ਕਾਲੜੀ)

Sri Satguru Jagjit Singh Ji Elibrary NamdhariElibrary@gmail.com

ਬੁਤ

[ਬਲਵੰਤ ਸਿੰਘ ਵੈਦ ਪ੍ਰੇਮ ਆਯੁਰ ਵੈਦਿਕ ਫਾਰਮੇਸੀ ਦਿਲੀ]

ਦੇਸ਼ ਅਜ਼ਾਦ ਹੋਣ ਤੇ ਪ੍ਰਵਾਨਿਆਂ ਦੇ ਥਾਂ ਥਾਂ ਬੁਤ ਤਿਆਰ ਹੋ ਰਹੇ ਨੇ "ਹੋਣ ਵੀ ਕਿਉ ਨ?"

ਜਿਨ੍ਹਾਂ ਨਿਰ ਦੋਸ਼ ਮਾਤ ਭੂਮੀ ਨੂੰ ਜਾਲਮਾਂ ਦੀਆਂ ਸਖਤ ਜੰਜੀਰਾਂ ਨਾਲ ਜਕੜੀ ਹੋਈ ਨੂੰ ਅਜ਼ਾਦ ਕਰੋਣ ਲਈ, ਘਰ ਬਾਰ ਤਿਆਗੇ ਜਾਲਮਾਂ ਦੀਆਂ ਸੰਗੀਨਾਂ ਦਾ ਛਾਤੀ ਤਾਂਣਕੇ ਮੁਕਾਬਲਾ ਕੀਤਾ ਤੋਪਾਂ ਅਗੇ ਫੀਤਾ ਫੀਤਾ ਹੋਇ ਗੋਲੀਆਂ ਨੂੰ ਜੀਓ ਆਇਆਂ ਆਖਿਆ ਹਸ ਹਸਕੇ ਫਾਂਸੀਆਂ ਤੇ ਚੜਦੇ ਹੋਇ "ਭਾਰਤ ਮਾਤਾ ਕੀ ਜੈ ਦੇ ਨ੍ਹਾਰਿਆਂ ਨਾਲ ਰਸੇ ਨੂੰ ਚੁਮ ਕੇ ਮੌਤ ਦਾ ਸਤਕਾਰ ਕੀਤਾ।

ਉਹਨਾਂ ਦੇਸ਼ ਭਗਤਾਂ ਦੇ ਖੂਨ ਦੇ ਇਕ ਇਕ ਕਤਰੇ ਚੋਂ ਸੈਂਕੜੇ ਨਹੀ ਲਖਾਂ ਹ ਦੇਸ਼ ਭਗਤ ਪੈਦਾ. ਹਏ ਜਿਨਾਂ ਭਾਰਤ ਦੀ ਅਜਾਦੀ ਤੇ ਗਊ ਰਖਿਆ ਲਈ ਜਾਲਮ ਨੂੰ ਮਜਬੂਰ ਕਰ ਦਿਤਾ; ਉਹਨਾ ਦੀ ਸ਼ਹਾਦਿਤ ਯਾਦਿ ਔਦਿਆਂ ਹੀ ਸਤਕਾਰ ਰੂਪ ਵਿਚ ਅਣਡਿਠੇ ਬੁਤ ਅਪਣੇ ਬੁਲ੍ਹਾਂ ਨੂੰ ਹਰਕਤ [illegible] ਹੋਏ ਸਾਹਮਣੇ ਔਦਿਆਂ ਨੂੰ ਵੇਖਕੇ ਸੌਣ ਮਾਹਦੇਬਦਲਾਂ ਵਾਂਗ ਅਖੀਆਂ ਛ੍ਹਪ ਛ੍ਹਪ ਕਰਨ ਲਗ ਪੈਂਦੀਆਂ ਨੇ।

ਅਜ ਤੋਂ ੮੪ ਸਾਲ ਪਹਿਲਾਂ ਮਲੇਰ ਕੋਟਲੇ ਦੇ ਕਲਰ (ਜਹੜੀ ਕੂਕਿਆਂ ਦੀ ਰਕੜ ਅਖਵਾਂਦੀ ਹੈ) ਵਿਚ ੬੬ ਪਰਵਾ-ਨਿਆਂ ਦੇ ਬੁਤ ਗਊ ਹਤਿਆ ਕਾਂਡ ਤੇ ਜਾਲਮ ਸਾਮਰਾਜੀ ਵਿਰੋਧੀ ਬਗਾਵਤ ਕਰਨ ਦੇ ਜੁਰਮ ਵਿਚ ਖੁਲ੍ਹੇ ਮੈਦਾਨ ਲੋਕਾਂ ਸਾਮਣੇ ਤੋਪਾਂ ਨਾਲ ਉਡਾਇ ਗਏ, ਜਿਨਾ ਵਿਚੋਂ ਇਕ ਵਰਿਆਮ ਸਿੰਘ ਅਣਖੀ ਯੋਧਾ ਤੋਪ ਅਗੇ ਫਿਟ ਨ ਔਣ ਜਾਂ ਕਿਸੇ ਸਰਕਾਰੀ ਘਰ ਦੇ ਰਿਸ਼ਤੇਦਾਰ ਹੋਣ ਦੇ ਕਾਰਨ ਇਹ ਆਖਕੇ ਪਿਛੇ ਕੀਤਾ ਗਿਆ ਕੇ ਤੂੰ ਤੋਪ ਅਗੇ ਫਿਟ ਨਹੀ ਆ ਸਕਦਾ ਤੇਰਾ ਕਦ ਛੋਟਾ ਹੈ ਜਾਂ ਤੈਨੂੰ ਮੁਆਫ ਕੀਤਾ, ਪਰ ਸਦਕੇ ਉਸ ਵਰਿ-ਆਮ ਦੇ ਜਿਨੇ ਅਪਣੀ ਹਥੀ ਰੋੜੇ ਕਠੇ ਕਰ ਹਿਠਾਂ ਉਪ੍ਰ ਰਖ ਤੇ ਉਪ੍ਰ ਖੜੋਕੇ ਤੋਪਚੀ ਨੂੰ ਲਲਕਾਰ ਕੇ ਅਵਾਜ ਮਾਰੀ ਕਿ ਦੇਖ ਤੇਰੀ ਤੋਪ ਦਾ ਨਿਸ਼ਾਨਾ ਵਰਿਆਮ ਦੇ ਸੀਨੇ ਤੇ ਫਿਟ ਔਦਾ ਹੈ ਜਾਂ ਕੋਈ ਕਸਰ ਬਾਕੀ ਹੈ, ਜੇ ਠੀਕ ਹੈ ਤਾਂ ਛੇਤੀ ਕਰ, ਮੇਰੇ ਸਾਥੀ ਮੈਨੂੰ ਛਡਕੇ ਦੂਰ ਜਾ ਰਹੇ ਨੇ ਕਿਤੇ ਮੈ ਉਹਨਾਂ ਤੋਂ ਪਿਛੇ ਨ ਰਹਿ ਜਾਵਾਂ, ਤੇ ਫਿਰ ਇਸ ਮਾਤ ਭੂਮੀ ਦੀ ਗੋਦ ਵਿਚ ਆਕੇ ਜਾਲਮ ਦੀਆਂ ਜੰਜੀਰਾਂ ਨਾਲ ਜਕੜੇ ਹੋਇ ਦੇਸ਼ ਨੂੰ ਆਜਾਦ ਕਰਾਂਵਾਂ।

ਭਾਵੇ ਅਜੇਹੇ ਪ੍ਰਵਾਨਿਅ ਦੇ ਬੁਤ ਕੂਕਿਆਂ ਦੀ ਰਕੜ ਵਿਚ ਨਹੀ ਬਣੇ ਪਰ ਰਹਿੰਦੀ ਦੁਨੀਆਂ ਤਕ ਇਤਿਹਾਸਕਾਰਾਂ ਦੀ ਸੁਚੱਜੀ ਕਲਮ ਰਾਹੀਂ ਨਾਮਧਾਰੀ ਕੀ, ਹਰ ਭਾਰਤੀ ਤੇ ਗੈਰ ਭਾਰਤੀ ਦੇ ਦਿਲਾਂ ਉਤੇ ਬੁਤ ਉਕਰੇ ਜਾਣਗੇ।

ਉਸ ਦਾਤੇ ਦੇ ਗੁਣ ਅਜ ਗਾਈਏ

ਵਲੋਂ ਸ਼ਿੰਗਾਰਾ ਸਿੰਘ 'ਸ਼ਿੰਗਾਰ' ਸੰਤ ਨਗਰ]

ਵਸਦਾ ਖੇੜਾ ਖੰਡਰ ਬਣਿਆ,
ਖਿਜਾਂ ਲਤਾੜ ਦਾ ਤਾਣਾਂ ਤਣਿਆਂ।
ਰੁੰਡ ਮੁੰਡ ਰੁੰਡ ਹੋ ਕਲੀਆਂ,
ਮਿਟੀ ਅੰਦ੍ਰ ਸਭੇ ਰਲੀਆਂ।
ਚੋਹਲ ਮੋਹਲ ਤੋਂ ਹੋ ਬਰਬਾਦੀ,
ਧਰਮ ਸਰਮ ਬਸ ਛਿੜੀ ਉਪਾਦੀ।
ਭਾਰਤ ਵਰਸ਼ ਹੋਇਆ ਕਮਜ਼ੋਰ,
ਧਾਗੇ ਰੁਨਾਂ ਪਾਇਆ ਸ਼ੋਰ।
ਹਰੇ ਰਾਮ ਨ੍ਰਿੰਕਾਰ ਨਿਹਾਰਾ,
ਤੜਪ ਰਿਹਾ ਹੈ ਭਾਰਤ ਸਾਰਾ।
ਮੈਂ! ਨਾ ਏਸਦੀ ਰਾਖੀ ਜਾਂਵਾਂ,
ਰਾਮ ਰਾਜ ਫਿਰ ਕੀ ਕਹਾਵਾਂ।
ਅਰਸ਼ੋ ਟੁਰਿਆ ਫਰਸ਼ੀ ਆਵਨ,
ਸਤਨਾਮ ਦੇ ਛਟੇ ਪਾਵਨ।
ਰਾਮ ਹਰੀ ਦੀ ਤਕ ਤਿਆਰੀ,
ਰਿਤੂ ਰਾਜ ਨੇ ਕਿਵੇਂ ਚਤਾਰੀ।
ਛੇਤੀ ਛੇਤੀ ਅਗੇ ਆਕੇ,
ਮਾਰ ਕਢੀ ਸੀ ਖਿਜਾਂ ਭਜਾਕੇ।
ਸਾਰਾ ਖੇੜਾ ਸੁੰਦਰ ਕਰਕੇ,
ਵੇਖ ਰਹੀ ਗੁਲਦਸਤੇ ਫੜਕੇ।
ਭਾਰਤ ਵਰਸ਼ 'ਸ਼ਿੰਗਾਰ' ਬਨਾਕੇ,
ਖੜੀ ਉਡੀਕ ਪ੍ਰੀਤਮ ਦੀ ਲਾਕੇ।
ਰਾਮ ਹਰੀ ਚਲ ਅਰਸ਼ੋਂ ਆਏ,
ਫ਼ਰਸ਼ ਨੂੰ ਆਕੇ ਚਰਨ ਛੋਹਾਏ।

ਮਿਟੀ ਧੁੰਦ ਜੱਗ ਚਾਨਣ ਸਾਰੇ।
ਚੜ੍ਹੇ ਭਾਨ ਖਿਸਰੇ ਸਭ ਤਾਰੇ।
ਮੌਹਕ ਪਿਆ ਖੇੜਾ ਈ ਸਾਰਾ।
ਮਨ ਵਿਚ ਰੀਝਾਂ ਅਪਰ ਅਪਾਰਾ।
ਮੌਲ ਪਈ ਧਰਤੀ ਬ੍ਰਹਮੰਡਾ।
ਅਕਾਲ ਪਤਾਲ ਖੁਸੀ ਨਵ ਖੰਡਾ।
ਬੁਲ ਬੁਲ ਫਿਰਦੀ ਸੋਹਲੇ ਗਾਂਦੀ।
ਭਾਂਤ ਭਾਂਤ ਦੇ ਗੀਤ ਅਲਾਂ ਦੀ।
ਹਰ ਦਿਲ ਅੰਦਰ ਖੇੜਾ ਹੈਸੀ।
ਭਾਗਾਂ ਭਰਿਆ ਵੇਹੜਾ ਹੈਸੀ।
ਉੜੀ ਉਦਾਸੀ ਆਇਆ ਹਾਸਾ।
ਸਭ ਨੂੰ ਆਇਆ ਦੇਣ ਦਲਾਸਾ।
ਰਾਮ ਸਿੰਘ ਸਤਿਗੁਰੂ ਪਿਆਰੇ।
ਦੇ ਦਿਦਾਰੇ ਸਾਰੇ ਤਾਰੇ।
ਦਰਸ਼ਨ ਅੰਮ੍ਰਿਤ ਪੀ ਪੀ ਤਾਰੇ।
ਹਿਰ ਦੇ ਤਪ ਦੇ ਜਿਨੀ ਨਿਹਾਰੇ।
ਨਾਮ ਖਜਾਨਾਂ ਧੁਰੋਂ ਲਿਆਂ ਦਾ।
ਸੱਭਨਾ ਨੂੰ ਵਰਤਾਈ ਜਾਂਦਾ।
ਥਾਂ ਥਾਂ ਨਾਮ ਦੀ ਵਰਖਾ ਲਾਕੇ।
ਚੋਰ ਉਚੱਕੇ [illegible] ਬਨਾਕੇ।
ਗੁਰਬਾਣੀ ਵੀ ਪੜ੍ਹਨ ਸਖਾਇਆ।
ਸਚ ਧਰਮ ਦਾ ਸਬਕ ਭੜਾਇਆ।
ਪੁਰਬ 'ਸਿੰਗਾਰ, ਬਸੰਤ ਮਨਾਈਏ।
ਉਸ ਦਾਤੇ ਦੇ ਅੱਜ ਗੁਣ ਗਾਈਏ।

ਵਲੋਂ ਸ੍ਰ: ਊਧਮ ਸਿੰਘ ਜੀ ਆਜਿਜ਼ ਮੋਰੀ ਵਾਲਾ

'ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ'!

ਆਸ਼ਕ ਵਤਨ ਦੇ ਆਪਣੀ ਜ਼ਿੰਦਗੀ ਦਾ, ਸਦਾ ਮੌਤ ਦੇ ਨਾਲ ਨੇ ਸਾਕ ਕਰਦੇ।
ਏਸੇ ਦੇਸ਼ ਦੀ ਮਿਟੀ ਚੋਂ ਹੋ ਪੈਦਾ, ਏਸੇ ਵਿਚ ਹੀ ਆਪ ਨੂੰ ਖਾਕ ਕਰਦੇ।
ਤੂੰਬੇ ਤੂੰਬੇ ਹੋ ਜਾਵੰਦੇ ਤੋਪ ਅਗੇ, ਸੀਨੇ ਆਪਣੇ ਆਪਨੇ ਚਾਕ ਕਰਦੇ।
ਜਜ਼ਬਾ ਐਨਾ ਕੇ ਵਤਨ ਦੇ ਦੁਸ਼ਮਣਾਂ ਨੂੰ, ਜਾ ਕੇ ਸਾ ਗਰੋਂ ਪਾਰ ਹਲਾਕ ਕਰਦੇ।
ਜੀਹਨਾ ਖੂਨੀ ਇਤਹਾਸ ਨੂੰ ਪੜ੍ਹ ਡਿਠਾ, ਏਸ ਗਲ ਦੇ ਨਾਲ ਇਤਫਾਕ ਕਰਦੇ।
ਲੋਕੀਂ ਰੋਵੰਦੇ ਮੌਤ ਦੇ ਡਰ ਕੋਲੋਂ, ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ।

ਸਾਹਵੇਂ ਅਖਾਂ ਦ ਬੀੜੀਆਂ ਹੋਣ ਤੋਪਾਂ, ਵਾਰੀ ਵਾਰੀ ਆ ਆਪੇ ਖਲੋ ਜਾਵਣ।
ਲਗੀ ਐਹੋ ਜਿਹੀ ਲਗਨ ਆਜ਼ਾਦੀਆਂ ਦੀ, ਇਕ ਦੂਸਰੇ ਦੇ ਅਗੇ ਹੋ ਜਾਵਣ।
ਜ਼ੁਲਮ ਨਾਲ ਨਾਪਾਕ ਹੋਈ ਧੱਰਤ ਤਾਈਂ, ਖੂਨ ਆਪਣੇ ਦੇ ਨਾਲ ਧੋ ਜਾਵਣ।
ਦਰਦ-ਨਾਕ ਨ[illegible]ਰਾ ਇਹ ਵੇਖਕੇ ਤੇ, ਜ਼ਿਮੀ ਅਤੇ ਅਸਮਾਨ ਵੀ ਰੋ ਜਾਵਣ।
ਕਹਿਣ ਜ਼ਾਲਮਾ ਕਢਕੇ ਵਹੀ ਖਾਤਾ, ਸਾਡਾ ਸਾਰਾ ਹਿਸਾਬ ਬੇਬਾਕ ਕਰਦੇ।
ਤੇਰ ਮੂੰਹੋ ਹੀ ਅਸਾਂ ਅਖਵਾਵਣਾ ਏ, ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ।

ਅੰਮ੍ਰਿਤਸਰ ਵਿਚ ਕਈ ਬਦੋਸ਼ਿਆਂ ਨੂੰ, ਜਦੋਂ ਫਾਂਸੀ ਦਾ ਹੁਕਮ ਸੁਣਾ ਦਿਤਾ।
ਝਟ ਹੋਏ ਅਦਾਲਤ ਵਿਚ ਪੇਸ਼ ਕੂਕੇ, ਚੀਨੀ ਵਾਲੇ ਦਾ ਨ੍ਹਾਰਾ ਲਗਾ ਦਿਤਾ।
ਗਊ ਘਾਤਕਾਂ ਦੇ ਤਾਂਇ ਕਤਲ ਕਰਕੇ, ਅਸਾਂ ਦੋਜ਼ਖਾਂ ਵਿਚ ਪਹੁੰਚਾ ਦਿਤਾ।
ਆਪ ਜੱਫੀਆਂ ਪਾ ਲਈਆਂ ਫਾਂਸੀਆਂ ਨੂੰ, ਓਹਨਾਂ ਤਾਂਈ ਰਿਹਾ ਕਰਵਾ ਦਿਤਾ।
ਏਹੋ ਜਿਹੇ ਸੂਰੇ ਖੂਨ ਡੋਹਲ ਕੇੜੇ, ਧਰਤੀ ਮਾਤਾ ਦੇ ਤਾਂਈ ਨੇ ਪਾਕ ਕਰਦੇ।
ਆਜਿਜ਼ ਕਿਉਂ ਨ ਪਿਆ ਜਹਾਨ ਆਖੇ, ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ।

ਕੁਲਜੀਤ ਸਿੰਘ ਜੀਤ ਅਫਰੀਕਾ

ਆਇਓ [illegible] ਵਾਲਾ ਹੈ।

ਅਸਰ ਸੰਘਾਰਬੇ ਕੋ ਦਯਾ ਪ੍ਰਚਾਰਬੇ ਕੋ, ਗਊ ਬਧੁ ਟਾਰਬੇ ਕੇ ਕੀਨੋ ਉਪਰਾਲਾ ਹੈ।
ਦੂਤਨ ਕੇ ਮਾਰਬੇ ਕੋ ਸੰਤਨ ਉਬਾਰਬੇ ਕੋ, ਸੰਕਟ ਸਹਾਰਬੇ ਕੋ ਪ੍ਰਬਤ ਹਿਮਾਲਾ ਹੈ।
ਸਿਖੀ ਬਿਸਤਾਰਬੇ ਕੋ ਮਾਨ ਕੇ ਨਿਵਾਰਬੇ ਕੋ, ਤਪੇ ਸੀਨੇ ਠਾਰਬੇ ਕੋ ਸੀਤਨ ਦਿਮਾਲਾ ਹੈ।
ਊਨ ਮਾਲ ਧਾਰਬੇ ਕੋ ਨਾਮ ਲਾਜ ਪਾਰਬੇ ਕੋ, ਜੀਤ ਜਾਨ ਵਾਰਬੇਕੋ ਆਯੋ ਚੀਨੀ ਵਾਲਾ ਹੈ।

Sri Satguru Jagjit Singh Ji Elibrary NamdhariElibrary@gmail.com

ਜਿੰਦੇ ਚਲ ਭੈਣੀ ਚਲੀਏ

ਸੰਤ ਸੰਪੂਰਨ ਸਿੰਘ ਜੀ ਦਿਲੀ

ਜਿਹਨੂੰ ਭਾਗ ਲਾਯਾ ਕਰਤਾਰ ਜਿੰਦੇ ਚਲ ਭੈਣ ਚਲੀਏ,
ਉਥੋਂ ਸਿਖੀਏ ਦੇਸ ਪਿਆਰ ਜਿੰਦੇ ਚਲ.................
ਭੈਣੀ ਇਕ ਧਰਮਾਤਮ ਧਰਤੀ, ਜਿਸਨੇ ਕ ਜਾਂ ਦੇਸ ਦੀ ਪਰਤੀ।
ਸਾਂਨੂੰ ਦੇ, 'ਚੀਨੀ ਅਸਵਾਰ' ਜਿੰਦੇ ਚਲ.......................
ਓਥੋਂ ਨਾਮ ਮਹਾਂ ਰਸ ਮਿਲਦਾ, ਦਿਲਦਾ ਕਵਲ ਜਿਦ੍ਹੇ, ਨਾਲ ਖਿੜਦਾ।
ਛੁਟ ਜਾਂਦੇ ਵਿਸ਼ੇ ਵਕਾਰ ਜਿੰਦੇ ਚਲ....................
ਭੈਣੀ ਦੇ ਕਾਲਜ ਚੋਂ ਪੜ੍ਹਕੇ ਡਿਗਰੀਆਂ ਲੈਂਦੇ ਫਾਂਸੀ ਚੜ੍ਹਕੇ।
ਜੇਹੜੇ ਤਾਲਬ ਇਲਮ ਹੁਸ਼ਿਆਰ ਜਿੰਦੇ ਚਲ.................
ਸਾਦਾ ਜੀਵਨ, ਪਿਆਰ, ਸਚਾਈ, ਭੈਣੀ ਵਿਚ ਤਿਰਬੈਨੀ ਆਈ।
ਚਲਕੇ ਤਨ ਮਨ ਠਾਰ, ਜਿੰਦੇ ਚਲ ਭੈਣੀ ਚਲੀਏ.................

ਚੀਨੀ ਵਾਲਿਆ ਦੇਹ ਦੀਦਾਰ ਆ ਕੇ

[ਸੰਤ ਗੁਰਬਚਨ ਸਿੰਘ ਜੀ ਸਫਰੀ ਕਰੀ ਵਾਲਾ

ਗਊ ਗਰੀਬ ਦੇ ਹਾਲ ਤੇ ਰਹਿਮ ਕਈ ਨ, ਤੇਰੇ ਬਿਨਾਂ ਹਰ ਇਕ ਸਤਾਈ ਜਾਂਦੈ।
ਸੁਨਣੀ ਫੇਰ ਫਰਿਆਦ ਕੀ ਹਾਕਮਾਂ ਨੇ ਏਧਰ ਆਈ ਤੇ ਓਧਰ ਵਗਾਈ ਜਾਂਦੈ।
ਵਧ ਚੜ੍ਹਕੇ ਪਹਿਲਾਂ ਥੀ ਜ਼ੁਲਮ ਹੋਵੇ, ਹਰ ਇਕ ਇਹ ਮਤਾ ਪਕਾਈ ਜਾਂਦੈ।
ਬਿਨਾਂ ਗਊ ਦੀ ਖਲ ਥੀਂ ਮਰ ਜਾਂਗੇ, ਬਦੇਸ਼ਾਂ ਨਾਲ ਵਪਾਰ ਵਧਾਈ ਜਾਂਦੈ।
ਅੰਤਰ ਜਾਮੀ ਹੈਂ ਦਿਲਾਂ ਦੀ ਜਾਨਦਾ ਤੂੰ, ਬਿਗੜੀ ਹੋਈ ਨੂੰ ਫੇਰ ਸੰਵਾਰ ਆਕੇ।
ਤੇਰੇ ਬਿਨਾਂ ਜੀ ਜੰਤ ਨੇ ਦੁਖ਼ੀ ਸਾਰੇ, ਆ ਮਜ਼ਲੂਮਾਂ ਦੀ ਸੁਣੋਂ ਪੁਕਾਰ ਆਕੇ।
ਰੋਮ ਰੋਮ ਵਿਛੋੜੇ ਨੂੰ ਯਾਦ ਕਰਦਾ, ਇਕ ਵਾਰ ਉਹ ਛਤਰ ਝੁਲਾ ਆਕੇ।
ਸਫਰੀ ਮੰਗਦਾ ਮੰਗ ਇਕ ਦਰਸ ਵਾਲੀ, ਚੀਨੀ ਵਾਲਿਆ ਦਰਸ ਦਿਖਾ ਆ ਕੇ।